# ਵਤਨ

ਵਤਨ - 11
ਜਨਵਰੀ/ ਫਰਵਰੀ/ ਮਾਰਚ 1992
January / February / March, 1992



"ਫੇਅਰਵੈੱਲ"

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ Price $3.00

# ਸੰਪਾਦਕੀ

ਕੈਨੇਡਾ, ਅਮਰੀਕਾ ਦੀ ਧਰਤੀ ਤੇ ਰਚੇ ਜਾ ਰਹੇ ਅਜੋਕੇ ਪੰਜਾਬੀ ਸਾਹਿਤ ਦੀ ਸ਼ੁਰੂਆਤ ਵੀਹ ਕੁ ਸਾਲ ਪਹਿਲਾਂ ਹੋਈ। ਇਸ ਵੇਲੇ ਲਗਾਤਾਰ ਲਿਖ ਰਹੇ ਅਤੇ ਛਪ ਰਹੇ ਲੇਖਕਾਂ ਦਾ ਗਿਣਤੀ ਸਹਿਜੇ ਹੀ ਸੌ ਤੋਂ ਉੱਪਰ ਹੋਵੇਗੀ। ਬੇਸ਼ੱਕ ਬਹੁ ਗਿਣਤੀ ਲੇਖਕ ਕਵਿਤਾ ਰਚਦੇ ਹਨ, ਸਾਹਿਤ ਦੇ ਦੂਜੇ ਰੂਪ ਖਾਸ ਕਰ ਕਹਾਣੀਆਂ ਤੇ ਨਾਟਕ ਵੀ ਕਾਫੀ ਗਿਣਤੀ ਵਿਚ ਲਿਖੇ ਜਾ ਰਹੇ ਹਨ। ਇਥੋਂ ਦੇ ਜੀਵਨ ਨਾਲ ਸੰਬੰਧਤ ਕਈ ਕਾਰਨਾਂ ਕਰਕੇ ਨਾਵਲ ਅਜੇ ਤੱਕ ਬਹੁਤ ਘੱਟ ਲਿਖੇ ਗਏ ਹਨ ਪਰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿਚ ਇਹ ਕਮੀ ਵੀ ਪੂਰੀ ਹੋ ਜਾਵੇਗੀ।

ਭਾਵੇਂ ਸਾਹਿਤ ਦੇ ਕਿਸੇ ਇਕ ਰੂਪ ਦੀ ਰਚਨਾ ਦੂਜੇ ਨਾਲੋਂ ਵੱਧ ਹੋਈ ਹੈ ਜਾਂ ਘੱਟ, ਇਹ ਗੱਲ ਤਸੱਲੀ ਵਾਲੀ ਹੈ ਕਿ ਪਿਛਲੇ ਵੀਹਾਂ ਸਾਲਾਂ ਦੌਰਾਨ ਇਥੋਂ ਦੇ ਲੇਖਕਾਂ ਨੇ ਪੰਜਾਬੀ ਸਾਹਿਤ ਵਿਚ ਜ਼ਿਕਰਯੋਗ ਵਾਧਾ ਕੀਤਾ ਹੈ। ਇਥੇ ਰਚੇ ਗਏ ਸਹਿਤ ਦਾ ਲੇਖਾ ਜੋਖਾ ਕਰਨ ਲਈ ਭਾਰਤ ਅਤੇ ਕੈਨੇਡਾ ਦੇ ਲੇਖਕਾਂ ਨੇ ਸਮੇਂ ਸਮੇਂ ਕੁਝ ਇਕ ਲੇਖ ਲਿਖੇ ਹਨ। ਪਰ ਇਥੋਂ ਦੇ ਸਾਹਿਤ ਦੀ ਤੇ ਖਾਸ ਕਰ ਸਾਹਿਤਕਾਰਾਂ ਦੀ ਸਮੁੱਚੀ ਤਸਵੀਰ ਅਜੇ ਤੱਕ ਪੇਸ਼ ਨਹੀਂ ਹੋ ਸਕੀ। ਭਾਵੇਂ ਇਸ ਕਿਸਮ ਦੀ ਸੰਪੂਰਨ ਤਸਵੀਰ ਪੇਸ਼ ਕਰਨਾ ਕਿਸੇ ਵਕਤ ਵੀ ਸੰਭਵ ਨਾ ਹੋਵੇ ਕਿਉਂਕਿ ਜੀਵਨ ਵਾਂਗ ਸਾਹਿਤ ਰਚਨਾ ਵੀ ਇਕ ਨਿਰੰਤਰ ਪਕ੍ਰਿਆ ਹੈ, ਪਰ ਫੇਰ ਵੀ ਕਿਸੇ ਨਾ ਕਿਸੇ ਪੜਾਅ ਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੋ ਕੁਝ ਹੋ ਚੁੱਕਾ ਹੈ ਤੇ ਹੋ ਰਿਹਾ ਹੈ ਉਸਦਾ ਲੇਖਾ ਜੋਖਾ ਕੀਤਾ ਜਾਵੇ। ਇਸ ਗੱਲ ਨੂੰ ਧਿਅਨ 'ਚ ਰੱਖਦਿਆਂ ਅਸੀਂ ਵਤਨ ਦਾ ਅਗਲਾ ਸਲਾਨਾ ਅੰਕ (ਜੁਲਾਈ/ਅਗਸਤ/ਸਤੰਬਰ, 1992) ਉੱਤਰੀ ਅਮਰੀਕਾ ਦੇ ਪੰਜਾਬੀ ਲੇਖਕਾਂ ਅਤੇ ਉਹਨਾਂ ਦੀਆਂ ਲਿਖਤਾਂ ਬਾਰੇ ਵਿਸ਼ੇਸ਼ ਅੰਕ ਕੱਢਣ ਦਾ ਫੈਸਲਾ ਕੀਤਾ ਹੈ।

ਅਜਿਹਾ ਅੰਕ ਕੱਢਣ ਪਿੱਛੇ ਸਾਡਾ ਮਕਸਦ ਉੱਤਰੀ ਅਮਰੀਕਾ ਵਿਚ ਵਸਦੇ ਪੰਜਾਬੀ ਲੇਖਕਾਂ ਅਤੇ ਉਹਨਾਂ ਦੀ ਲਿਖਤ ਨੂੰ ਇਸ ਪੜਾਅ ਤੇ ਰੀਕਾਰਡ ਕਰਨਾ ਹੈ । ਅਸੀਂ ਮਹਿਸੂਸ ਕਰਦੇ ਹਾਂ ਕਿ ਕਿਸੇ ਵੀ ਸਾਹਿਤ ਨੂੰ ਵੱਧਣ ਫੁੱਲਣ ਲਈ ਆਪਣੀਆਂ ਸੀਮਾਂਵਾਂ ਤੇ ਸੰਭਾਵਨਾਵਾਂ ਤੋਂ ਜਾਣੂ ਹੋਣਾ ਅਤਿ ਜ਼ਰੂਰੀ ਹੈ। ਇਸਦੇ ਨਾਲ ਹੀ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਇਸ ਵਕਤ ਰਚੇ ਜਾ ਰਹੇ ਸਾਹਿਤ ਦੇ ਮੁੱਖ ਰੁਝਾਣ ਕੀ ਹਨ? ਸਾਹਿਤਕਾਰਾਂ ਦੇ ਆਪਣੇ ਪ੍ਰਵਾਸੀ ਜੀਵਨ ਵਿਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਆ ਰਹੀਆਂ ਹਨ ਅਤੇ ਇਹ ਤਬਦੀਲੀਆਂ ਉਹਨਾਂ ਦੇ ਲੇਖਨ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰ ਰਹੀਆਂ ਹਨ? ਸਾਡਾ ਵਿਚਾਰ ਹੈ ਕਿ ਵਤਨ ਦਾ ਇਹ ਵਿਸ਼ੇਸ਼ ਅੰਕ ਇਹ ਅਤੇ ਇਹਨਾਂ ਵਰਗੇ ਹੋਰ ਅਨੇਕਾਂ ਸਵਾਲਾਂ ਦੇ ਜੁਆਬ ਲੱਭਣ ਵੱਲ ਇਕ ਮਹੱਤਵਪੂਰਨ ਯਤਨ ਹੋਵੇਗਾ।

ਇਸ ਅੰਕ ਨੂੰ ਸੁਚੱਜਾ ਅਤੇ ਸੰਪੂਰਨ ਬਣਾਉਣ ਲਈ ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ। ਅਸੀਂ ਵਤਨ ਦੇ ਪਾਠਕਾਂ ਅਤੇ ਲੇਖਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਨੂੰ ਸੁਝਾਅ ਭੇਜਣ ਕਿ ਇਸ ਅੰਕ ਨੂੰ ਕਿਸ ਤਰ੍ਹਾਂ ਵਧੀਆ ਬਣਾਇਆ ਜਾ ਸਕਦਾ ਹੈ। ਅਸੀਂ ਪਾਠਕਾਂ ਤੋਂ ਇਹ ਜਾਨਣਾ ਚਾਹੁੰਦੇ ਹਾਂ ਕੀ ਉਹ ਪੰਜਾਬੀ ਲੇਖਕਾਂ ਬਾਰੇ ਕੀ ਜਾਨਣਾ ਚਾਹੁੰਣਗੇ ।

ਆਉਣ ਵਾਲੇ ਸਮੇਂ ਵਿਚ ਅਸੀਂ ਉੱਤਰੀ ਅਮਰੀਕਾ ਵਿਚ ਰਹਿ ਰਹੇ ਵੱਧ ਤੋਂ ਵੱਧ ਲੇਖਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਾਂਗੇ। ਪਰ ਇਹ ਸੰਭਵ ਹੈ ਕਿ ਸਾਡੀ ਪਹੁੰਚ ਹਰ ਲੇਖਕ ਤੱਕ ਨਾ ਹੋ ਸਕੇ। ਇਸ ਲਈ ਅਸੀਂ ਲੇਖਕਾਂ ਅਤੇ ਪਾਠਕਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਇਸ ਕੰਮ ਵਿਚ ਸਹਿਯੋਗ ਦੇਣ।

**ANKUR**

Subscibe to **Ankur**

**Ankur** is a quarterly magazine about art, literature, culture, social and political issues of concern to the Indo-Canadain Community. Annual subscription :

**$12.00**

**Ankur**, P.O.Box 67681, Stn 'O'
Vancouver, B.C. V5W 3V2

**ANKUR**

**ਵਤਨ**

ਵਤਨ

ਆਪ ਪੜ੍ਹੋ ਅਤੇ ਦੂਜਿਆਂ ਨੂੰ ਪੜ੍ਹਾਓ।

*ਵਤਨ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਗੰਭੀਰਤਾ ਨਾਲ ਪੇਸ਼ ਕਰਦਾ ਹੈ।

* ਵਤਨ ਦੀ ਪ੍ਰਫੁਲਤਾ ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਹੈ।

*ਅੱਜ ਹੀ ਵਤਨ ਦੇ ਆਪ ਪਾਠਕ ਬਣੋ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਇਸਦੇ ਪਾਠਕ ਬਣਾਓ।

ਸਾਲ ਤੀਜਾ/ ਅੰਕ ਤੀਜਾ
ਸਿਆਲ, 1992
ਜਨਵਰੀ/ਫਰਵਰੀ/ਮਾਰਚ

# ਵਤਨ

S.N.11. Vol. 3, No. 2
Winter, 1992
Jan./Feb./Mar.
WATAN
P.O. Box 67681Stn. 'O'
Vancouver, B.C.
Canada, V5W 3V2

2nd Class
Reg. No.
8753

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜ਼ਿੰਗ ਸੰਪਾਦਕ:
ਅਮਨਪਾਲ ਸਾਰਾ 435-1236
ਸਰਕੂਲੇਸ਼ਨ ਸੰਪਾਦਕ
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

ਸਹਿਯੋਗੀ:
ਰਿਚਮੰਡ
ਪਾਲ ਬਿਨਿੰਗ 279-9081
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 440-3256
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Amanpal Sara 435-1236
**Circulation Editors:**
Harjinder Sangra
Anju Hundal 581-3211

**Associates:**
**Richmond**
Paul Binning 279-9081
**Surrey:**
Gurmel Rai 583-7512
**Edmonton:**
Satwant Deepak 440-3256
Laat Bhinder 435-7469

| ਇਸ ਅੰਕ ਵਿਚ | ਲੇਖਕ | ਸਫਾ |
|---|---|---|
| ਕਵਿਤਾ | | |
| | ਗੁਰਚਰਨ ਰਾਮਪੁਰੀ | 5 |
| | ਇਕਬਾਲ ਰਾਮੂਵਾਲੀਆ | 5 |
| | ਸੁਖਪਾਲ | 6 |
| | ਭੁਪਿੰਦਰ ਪੁਰੇਵਾਲ | 6 |
| | ਬਲਵਿੰਦਰ ਮਥਾਰੂ | 7 |
| | ਅਵਤਾਰ ਸਾਦਿਕ | 7 |
| | ਰਛਪਾਲ ਰਾਮੂਵਾਲੀਆ | 7 |
| | ਪੇਦਰੋ ਪਾਇਤਰੀ | 8 |
| | ਨਦੀਮ ਪਰਮਾਰ | 11 |
| ਕਹਾਣੀ | | |
| | ਅਮਨਪਾਲ ਸਾਰਾ | 25 |
| | ਹਰਕੰਵਲਜੀਤ | 28 |
| ਲੇਖ | | |
| | ਅਮਰਜੀਤ ਚੰਦਨ | 13 |
| | ਲਾਲਾ ਹਰਦਿਆਲ | 17 |
| | ਬਲਦੇਵ ਦੂਹੜੇ | 29 |
| | ਸਲਮਾਨ ਰਸ਼ਦੀ | 35 |
| | ਸੁਰਜੀਤ ਕਲਸੀ | 41 |
| ਸਥਾਈ ਕਾਲਮ | | |
| | ਪਰਦਾ ਜੋ ਉਠ ਗਿਆ | 9 |
| | ਆਪਣੇ ਲੋਕ | 22 |
| | ਪੁਸਤਕ ਪਰੀਚੈ | 39 |
| | ਤੇ ਤੁਸੀਂ ਲਿਖਿਆ... | 44 |

ਮੁੱਖ ਪੰਨੇ ਦੀ ਤਸਵੀਰ:
ਪਰਾਨ ਨਾਥ ਮਾਗੋ ਦੁਆਰਾ ਬਣਾਈ, 'ਫੇਅਰਵੈੱਲ' - 1945

Price: $3.00

Annual Subscription:
Canada & USA
Individual: $12.00
Institutions: $18.00
Other Countries : $18.00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.
All officeholders and members of Watan Publication past and present, have been and are honorary associates of Watan.

# To help you fill out your income tax return



## Extended hours

From February 24 to April 30, we offer an "after hours" phone service from 5 p.m. to 9 p.m., Monday through Thursday.

You can also call T.I.P.S. Info-Tax, our automated phone service, 24 hours a day, 7 days a week, for recorded information on selected topics.

## No-calculation returns



To make things easier, we've designed two simpler tax returns that don't have any calculations.

These optional returns are great for people with straightforward tax situations. If you're under 65, you can use the "Short." If you're 65 or over, the "65 Plus" is for you. Whatever return you use, you should fill out only one.

## Make sure your return is not delayed



Lots of people fill out their tax return with great care, only to miss details that can make all the difference. For example, if your address is incomplete or incorrect, your refund could be delayed or sent to the wrong place.

If you will be moving, write the new address on your return, or if you don't know it yet, please call us to let us know as soon as you can so we can update your file.

Another important detail is attaching all the slips and receipts that support your claims for credits and deductions. If any are missing, your return may get held up while we contact you for the information.




*We're making it easier.*

Revenue Canada Taxation | Revenu Canada Impôt

Canada

## ਗੁਰਚਰਨ ਰਾਮਪੁਰੀ

### ਸਾਡੇ ਕੋਲ ਤਾਂ ਕੇਵਲ ਅੱਜ ਹੈ

ਲੰਘਿਆ ਕੱਲ੍ਹ ਤਾਂ ਸੁਪਨਾ ਹੋਇਆ
ਆਉਂਦਾ ਕੱਲ੍ਹ ਕੀ ਜਾਣਾਂ।
ਸਾਡੇ ਕੋਲ ਤਾਂ ਕੇਵਲ ਅੱਜ ਹੈ
ਇਹ ਨਹੀਂ ਅਸੀਂ ਗੁਆਣਾ।
ਹੱਸਦੇ ਅੱਜ ਨੇ ਹਿੱਕੜੀ ਅੰਦਰ
ਸਦਾ ਲਈ ਮੁਸਕਾਣਾ
ਆਸਾਂ ਭਰੀ ਕਲਪਣਾ ਹੋ ਫਿਰ
ਆਉਂਦੇ ਕੱਲ੍ਹ ਨੇ ਆਣਾ।
ਮਾਣੇ ਅੱਜ ਨੇ ਜੁਗਾਂ ਜੁਗੰਤਰ
ਜੀਵਨ ਨੂੰ ਲਿਸ਼ਕਾਣਾ
ਇਹ ਸੱਚ ਸਦਾ ਨਵਾਂ ਹੈ, ਸੱਜਣਾਂ!
ਏਹੀ ਆਦਿ - ਪੁਰਾਣਾ।

### ਤੂੰ ਅਗਨੀ ਬੀਜੀ ਤੇ ਵੱਢੀ

ਸਾਰੀ ਉਮਰ ਜਿਹੜੀ ਅੱਗ ਨੂੰ
ਫੂਕਾਂ ਮਾਰ ਹਵਾ ਤੂੰ ਦਿੱਤੀ
ਉਸ ਅਗਨੀ ਵਿੱਚ ਨਿਰਾ ਸੇਕ ਕੋਈ ਨੂਰ ਨਹੀਂ ਸੀ
ਭੋਲੇ ਸਿਰ ਤੱਤੇ ਘਰ ਚੁੱਲੇ ਠੰਡੇ ਉਸਨੇ ਕੀਤੇ
ਪਰ ਤੇਰੀ ਮਮਟੀ ਤੇ ਚਾਂਦੀ ਸਿਰ ਤੇ ਕਲਗ਼ੀ ਲਾਈ।

ਲੋਕੀ ਜਦ ਬੇਗਾਨੇ ਘਰ ਨੂੰ ਤੀਲੀ ਲਾਉਂਦੇ
ਮੁਸਕਾਉਂਦੇ, ਮੁਸਕਾਉਂਦੇ ਘਰ ਨੂੰ ਆਉਂਦੇ
ਅਪਣੇ ਸੜਦੇ ਘਰ ਆ ਕੇ ਫਿਰ ਨੀਰ ਵਹਾਉਂਦੇ
ਤਾਂ ਤੂੰ ਹਸਦਾ
ਜ਼ਖ਼ਮਾਂ ਉਤੇ ਲੂਣ ਛਿੜਕਦਾ
ਅਰ ਤੇਜ਼ਾਬੀ ਫਿਕਰੇ ਕਸਦਾ।

ਜਦ ਉਸ ਅਗਨ ਦੀਆਂ ਲਾਟਾਂ ਵਿੱਚ
ਸਾਰਾ ਪਿੰਡ ਸੀ ਮਚਦਾ
ਫਿਰ ਤੇਰਾ ਘਰ ਕੀਕਰ ਬਚਦਾ?
ਤੂੰ ਅਗਨੀ ਬੀਜੀ ਤੇ ਵੱਢੀ।

ਰੱਤ ਦੇ ਹੜ੍ਹ ਵਿੱਚ ਗੋਤੇ ਖਾਂਦੇ ਅਪਣੇ ਪਿੰਡ ਨੂੰ
ਬਲਦਾ ਰੋਂਦਾ ਛੱਡਕੇ
ਤੂੰ ਹੁਣ ਜੀਵਨ ਦੇ ਪਿੜ ਵਿੱਚੋਂ
ਕਾਹਤੋਂ ਖਿਸਕ ਗਿਆ ਹੈਂ?



## ਇਕਬਾਲ ਰਾਮੂਵਾਲੀਆ

### ਬਰਫ

ਪਹਿਲੀ ਬਰਫ ਨੇ
ਮੈਨੂੰ ਜਦੋਂ ਸੀ ਦੇਖਿਆ
ਮੁਸਕਰਾਈ
ਕਹਿਣ ਲੱਗੀ
ਦੱਸ ਤੇਰਾ ਤਿੜਕਣਾ
ਕਿਸ ਪਾਸਿਓਂ ਹੋਵੇ ਸ਼ੁਰੂ

ਦੂਸਰੇ ਪਲ ਮੇਰੀਆਂ ਸਭ ਡਿਗਰੀਆਂ ਸਾਟੀਫ਼ਿਕਟ
ਚੁਪ-ਚਪੀਤੇ ਰੋ ਰਹੇ ਸੀ
ਨਾਮ ਨੰਬਰ ਹਰਫ਼ ਉਹਨਾਂ ਚੋ ਪਿਘਲਕੇ
ਬਰਫ਼ ਮੂਹਰੇ ਚੋ ਰਹੇ ਸੀ
ਨਾਮ ਨੰਬਰ ਦੀ ਜਗ੍ਹਾ 'ਤੇ
ਦੂਰ ਕੋਹਾਂ ਤੀਕ ਕੋਰੇ ਕਾਗਜ਼ੀਂ
ਮੇਰੀਆਂ ਪੱਗਾਂ ਪਜਾਮੇ ਤੇ ਲਹੌਰੀ ਕੁੜਤਿਆਂ ਨੂੰ
ਅਪਣੇ ਸਿਰ ਹੇਠ ਲੈ ਕੇ
ਬਰਫ਼ ਸੀ ਸੁੱਤੀ ਪਈ
ਏਸ ਪਿੱਛੋਂ ਮੇਰਿਆਂ ਪੈਰਾਂ 'ਚ ਸੜਕਾਂ ਸੁਲਘੀਆਂ
ਤੇ ਮੇਰੇ ਹੱਥਾਂ 'ਚ ਸੀ ਜੁੱਤੀ ਪਈ

ਪਹਿਨਕੇ ਸਿਰ ਤੇ ਜੁਰਾਬਾਂ ਬੂਟ ਭਾਰੇ
ਵਾਟ ਲੰਬੀ ਬਰਫ਼ ਦੀ ਹੁਣ ਤੀਕ ਮੈਂ ਤਾਂ
ਸੀਸ ਦੇ ਹੀ ਭਾਰ ਹੋ ਤੁਰਦਾ ਰਿਹਾ
ਆਪਣੀ ਜੀਭਾ ਕੁ ਜਿੰਨੀ ਵਾਟ ਤੈ ਹੋਈ ਨਹੀਂ
ਰਾਤ ਦਿਨ ਮੈਂ ਸੀਸ ਉਤੇ ਤੁਰਦਿਆਂ ਭੁਰਦਾ ਰਿਹਾ
ਸਦਾ ਹੀ ਮੰਜ਼ਲ ਮੇਰੇ ਤੋਂ
ਸਾਹ ਕੁ ਜਿੰਨੀ ਦੂਰ ਰਹਿ ਜਾਂਦੀ ਰਹੀ
ਨਹੁੰ ਕੁ ਜਿੰਨੇ ਫ਼ਾਸਲੇ ਤੇ ਮੈਂ ਸਦਾ ਥੁੜਦਾ ਰਿਹਾ

ਪੇਟ ਉਤੇ ਕਾਰਖਾਨੇ ਤੇ ਮਸ਼ੀਨਾਂ
ਦਸਤਕਾਂ ਦੇਂਦੇ ਰਹੇ
ਰੈਸਟਰੈਂਟਾਂ ਦੇ ਪਤਿਤ ਚਮਰੇ ਪਲੇਟਾਂ
ਕਰਦ ਤੇ ਜੂਠੇ ਗਲਾਸ
ਮੇਰੀਆਂ ਉਂਗਲਾਂ 'ਚ ਭੁਰਦੀ ਨਜ਼ਮ ਨੂੰ ਵੇਂਹਦੇ ਰਹੇ
ਤੇ ਸਟੀਅਰਿੰਗ ਟੈਕਸੀ ਦਾ
ਧੌਣ ਮੇਰੀ ਦੇ ਪਿਛਾੜੀ ਦੇਰ ਤਕ ਪੁੜਿਆ ਰਿਹਾ
ਬਰਫ਼ ਮੇਰੀ ਪਿੱਠ ਤੇ ਬਹਿਕੇ ਸਟੀਅਰਿੰਗ ਛੇੜਦੀ
ਸੜਕ ਉਤੇ ਬੀਜਦੀ
ਬੈਂਕ ਅੰਦਰ ਕੇਰਦੀ

ਜਿਸਮ ਘਰ ਮੁੜਦਾ ਮੇਰਾ
ਓਸ ਵਿਚ ਇਕਬਾਲ ਬੱਸ ਕਿਣਕਾ ਕੁ ਹੁੰਦਾ
ਬਾਕੀ ਹੁੰਦਾ ਦੁੱਧ ਦਾ ਭਰਿਆ ਲਿਫ਼ਾਫ਼ਾ
ਤੇ ਮਹੀਨੇ ਦਾ ਕਿਰਾਇਆ
ਕਾਰ ਦੀ ਬੇਫਿਕਰ ਜਿਹੀ ਕਿਸ਼ਤ ਹੁੰਦੀ
ਜੁਆਕਾਂ ਦੇ ਜੁਰਾਬਾਂ ਬੂਟਾਂ ਪੈਂਟਾਂ ਜੈਕਟਾਂ ਦੀ ਪੰਡ ਹੁੰਦੀ
ਘਰ 'ਚ ਪੂਰਾ ਸਾਬਤਾ ਇਕਬਾਲ ਨਾ ਮੁੜਿਆ ਕਦੇ
ਬਰਫ਼ ਹਸਦੀ
ਤੇ ਉਹ ਮੇਰੀ ਜੇਬ ਉਤੇ ਪੈਣ ਲਗਦੀ
ਸੇਜ ਉਤੇ ਪੈਣ ਲਗਦੀ
ਕਲਮ ਦੇ ਮੱਥੇ 'ਚ ਵਜਦੀ
ਪੜ੍ਹਨ ਵਾਲੀ ਮੇਜ਼ ਉਤੇ ਪੈਣ ਲਗਦੀ...

ਤਿਲ ਕੁ ਭਰ ਇਕਬਾਲ ਹਾਲੇ ਜੀ ਰਿਹਾ ਹੈ
ਜੋ ਤਰੇੜਾਂ ਸਿਰਜੀਆਂ ਨੇ ਬਰਫ਼ ਨੇ
ਸ਼ਾਇਰੀ ਨਾ' ਸੀ ਰਿਹਾ ਹੈ
ਤਿਲ ਕੁ ਭਰ ਇਕਬਾਲ ਏਦਾਂ ਜੀ ਰਿਹਾ ਹੈ

### ਜੰਗ

ਟੀ.ਵੀ ਦੀ ਸਕਰੀਨ 'ਤੇ
ਛੁਰੀਆਂ ਜਿਹੇ ਜਹਾਜ਼ ਹਵਾ ਨੂੰ ਚੀਰਦੇ
ਕੁੱਖ ਵਰਗੀ ਧਰਤੀ ਦੇ ਉੱਤੇ
ਬੰਬ ਮਜ਼ਾਈਲਾਂ ਬੜੀ ਸ਼ਰਾਰਤ ਨਾਲ ਉਤਰਦੇ

ਛਲਣੀ ਘਰਾਂ 'ਚ ਛਲਣੀ ਕੁੱਖਾਂ
ਛਲਣੀ ਹੋਈਆਂ ਕੁੱਖਾਂ ਅੰਦਰ
ਜੌਰਜ ਬੁਸ਼ ਦੇ ਨਕਲੀ ਦੰਦਾਂ ਦਾ ਛਣਕਾਟਾ
ਜਾਂ ਸਦਾਮ ਦੀਆਂ ਰੰਗੀਆਂ ਮੁੱਛਾਂ ਦੇ ਖੁਰ ਭਿੜਦੇ

ਧੁਏਂਦਾਰ ਧਮਾਕੇ ਟੀ.ਵੀ. ਉੱਤੇ ਸੁਣਕੇ
ਸਹਿਮੀ ਹੋਈ ਮੇਰੀ ਬੱਚੀ
ਪਿੰਜਰੇ ਨੂੰ ਬੁੱਕਲ ਵਿਚ ਲੈ ਕੇ ਚੀਖਦੀ
ਡੈਡੀ ਟੀ.ਵੀ. ਬੰਦ ਕਰ ਦੇਵੋ
ਪਿਛਲੇ ਹਫ਼ਤੇ ਮੈਨਾ ਨੇ ਜੋ ਆਂਡੇ ਦਿੱਤੇ
ਉਹ ਟੀ.ਵੀ. 'ਤੇ ਬੰਬਾਂ ਦੇ ਖੜਕੇ ਨੂੰ ਸੁਣਕੇ
ਤਿੜਕ ਜਾਣ ਨਾ

## ਖੁੱਲੀ ਅੱਖੇ ਸੁੱਤਾ ਆਦਮੀ

### ਸੁਖਪਾਲ

ਅਸੀਂ ਉਲਾਂਘਾਂ ਤੋਂ ਗਜ਼ਾਂ ਦਾ ਕੰਮ ਲੈਣ ਵਾਲੇ
ਅਸੀਂ ਪ੍ਰਛਾਵਿਆਂ ਤੋਂ ਟੈਮ ਮਿਣਨ ਵਾਲੇ
ਅਸੀਂ ਜਿਨ੍ਹਾਂ ਖੇਤਾਂ 'ਚ ਹਲ ਚਲਾਉਂਦਿਆਂ
ਸੂਰਜ ਦੀ ਉਚਾਈ ਕੋਠਿਆਂ ਨਾਲ ਨਾਪ ਕੇ
ਰੋਟੀਆਂ ਉਡੀਕੀਆਂ
ਤਾਂ ਕੀ ਦੋਸ਼ ਸਾਡਾ, ਸਾਡੇ ਵਿਗਿਆਨੀ ਯਾਰਾ
ਜੇ ਅਸੀਮ ਨਾ ਸਮਝ ਸਕੇ
ਮਾਈਕਰੋਮੀਟਰ ਤੇ ਨੈਨੋ ਸੈਕਿੰਡ ਦੀਆਂ ਬਰੀਕੀਆਂ।

ਅਸੀਂ ਜਿਨ੍ਹਾਂ ਕਦੀ
ਕਾਂਗਰਸੀ ਤਿਰੰਗੇ ਤੇ ਕੌਮੀ ਝੰਡੇ
'ਚ ਫ਼ਰਕ ਨਾ ਕੀਤਾ।
ਅਸੀਂ ਜਿਨ੍ਹਾਂ ਦਸਤਾਰਾਂ ਦੇ ਰੰਗ ਨੂੰ
ਪੰਥ ਸਮਝ ਕੇ
ਵੋਟਾਂ ਦਾ ਮੱਥਾ ਟੇਕ ਲੀਤਾ।
ਤੇ ਜੇ ਅਸੀਂ ਭਿੰਡਰਾਂਵਾਲੇ ਦੀਆਂ ਟੇਪਾਂ ਨੂੰ
ਪੀ ਗਏ ਗੁਰ ਗਿਆਨ ਦਾ ਦਰੂਕਾ ਸਮਝ ਕੇ
ਤਾਂ ਦੱਸੋ ਕਾਮਰੇਡ ਜੀ
ਅਸੀਂ ਕੀ ਅਣੋਖਾ ਕੀਤਾ।

ਅਸੀਂ ਜਿਨ੍ਹਾਂ ਤੰਗੀ ਤੁਰਸ਼ੀ ਦਾ ਇਲਜ਼ਾਮ
ਨੌਕਰੀਆਂ ਦੀ ਤਲਾਸ਼ ਵਿਚ
ਸੜਕਾਂ ਦੀ ਧੂੜ ਫੱਕਦੇ
ਪੁਤਰਾਂ ਸਿਰ ਮੜ੍ਹਿਆ।
ਅਸੀਂ ਜਿਨ੍ਹਾਂ ਮੰਜਾ ਮੱਲੀ ਬੈਠੇ
ਬਜ਼ੁਰਗਾਂ ਨੂੰ ਕੋਸ ਕੋਸ
ਗੁੱਸਾ ਠੰਡਾ ਕਰਿਆ।
ਅਸੀਂ ਜਿਨ੍ਹਾਂ ਪੀੜ੍ਹੀ ਦਰ ਪੀੜ੍ਹੀ ਸੁੰਘੜ ਰਹੇ
ਸਿਆੜਾਂ ਦੀ ਮਰੱਬਾਬੰਦੀ ਵਿਚ
ਆਪਣਾ ਸਮੁੰਦਰੋਂ ਡੂੰਘਾ ਦਿਲ
ਲਿਜਾ ਧਰਿਆ।
ਤਾਂ ਨੇਤਾ ਜੀ ਦੱਸੋ ਕੀ ਦੋਸ਼ ਸਾਡਾ
ਜੇ ਵਿਹੜਿਆਂ 'ਚੀਂ ਲੰਘਦਾ
ਅੱਗ ਦਾ ਦਰਿਆ
ਸਾਥੋਂ ਗਿਆ ਨਾ ਤਰਿਆ।

ਸੀ ਸਾਡੇ ਹਿੱਸੇ ਆਇਆ
ਝੋਟਿਆਂ ਸੰਗ ਹੋ ਕੇ
ਟੇਸ ਯੁੱਗ ਨੂੰ ਵਾਹੁਣਾ।
ਸਾਡੀਆਂ ਰੂਹਾਂ ਵਿਚ ਅਟਕ ਗਏ
ਜੇ ਗਰੰਥਾਂ ਦੇ ਕੁਝ ਅੱਖਰ
ਤਾਂ ਨਵਯੁੱਗੀ ਲੇਖਕ ਜੀ
ਕੀ ਦੋਸ਼ ਸਾਡਾ
ਜੇ ਅਸੀਂ ਪੂਜ ਬੈਠੇ ਕੁਝ ਪੱਥਰ।

ਤੁਸੀਂ ਜਿਨ੍ਹਾਂ ਦੇ ਹਿੱਸੇ ਆਇਆ
ਗਿਆਨ ਦੇ ਸਮੁੰਦਰਾਂ ਨੂੰ ਰਿੜਕਣਾ,
ਤੁਸੀਂ ਬੰਨ੍ਹ ਕੇ ਅਕਲ ਦੀਆਂ ਪੱਗਾਂ
ਛੱਡ ਕੇ ਸਿਧਾਂਤਾਂ ਦੇ ਤੁਰਲੇ
ਤੇ ਪੂਣੀਆਂ ਦੇ ਪਗੜ ਧਾਰ ਕੇ
ਖੜ੍ਹ ਜਾਂਦੇ ਹੋ ਜਰ੍ਹਾ ਦੀਆਂ ਡਾਂਗਾਂ
ਮੋਢਿਆਂ ਤੇ ਉਲਾਰ ਕੇ।
ਫਿਰ ਉਡਦੀ ਹੈ ਧੂੜ ਜਦੋਂ
ਤੁਹਾਡੇ ਦੋਨ੍ਹਾਂ ਪੱਖਾਂ ਦੀ
ਤਾਂ ਸਾਨੂੰ ਤੁਹਾਡੀਆਂ ਸਿਰਫ਼
ਹਫ਼ੀਆਂ ਹੋਈਆਂ ਪਿੱਠਾਂ ਦਿਸਦੀਆਂ,
ਜ਼ਰੂਰਤ ਹੁੰਦੀ ਹੈ ਜਦੋਂ ਸਾਨੂੰ
ਸੂਰਜ ਬਰਗੀਆਂ ਅੱਖਾਂ ਦੀ।

ਭਲਕ ਨੂੰ ਜਦੋਂ
ਤਵਾਰੀਖ਼ ਦੀ ਅਦਾਲਤ ਲੱਗੇਗੀ
ਤਾਂ ਸਾਡੇ ਮੱਥੇ 'ਤੇ
ਵੱਧੋ ਵੱਧ ਰੂੜੀ ਦਾ ਕਲੰਕ ਲੱਗੇਗਾ।
ਪਰ ਤੁਹਾਡੇ ਹੱਥਾਂ 'ਚ
ਥਮਾਈਆਂ ਚਪਣੀਆਂ ਦਾ ਪਾਣੀ ਕਿਸੇ ਵੀ ਨਦੀ
ਨਾਲੋਂ ਤੇਜ਼ ਵਗੇਗਾ।

## ਕਮਰਾ

### ਭੁਪਿੰਦਰ ਪਰੇਵਾਲ

(ਖ਼ਟ ਖ਼ਟ ਖ਼ਟ)
ਕਿਸ ਨੇ ਦਸਤਕ ਦਿੱਤੀ ਹੈ
ਸਾਡੇ ਜਾਗਣ ਤੋਂ ਪਹਿਲਾਂ ਕੌਣ ਜਾਗ ਕੇ
ਸਾਡੇ ਦਰ 'ਤੇ ਆਇਆ ਹੈ
ਐਤਵਾਰ ਦੇ ਦਿਨ ਕੌਣ ਦਰਿਆ ਵਗਿਆ ਹੈ

(ਖ਼ਟ ਖ਼ਟ ਖ਼ਟ)
ਕੰਧ 'ਤੇ ਲਟਕ ਰਹੀ ਦਰਿਆ ਦੀ ਤਸਵੀਰ
ਸਭ ਬੇੜੀਆਂ ਪੁਠੀਆਂ
ਸਭ ਮਲਾਹ ਖ਼ਬਰੇ ਘਰ ਨੂੰ ਤੁਰ ਗਏ ਨੇ
ਨਹੀਂ, ਨਹੀਂ, ਖ਼ਬਰੇ ਸਭ ਸੈਲਾਨੀ
ਦਿਨ ਦੇ ਥੱਕੇ ਟੁੱਟੇ
ਜਾਂ ਪਿੰਡੇ ਭੋਗ ਕੇ ਗੂੜ੍ਹੀ ਨੀਂਦਰ ਸੁੱਤੇ
ਇਕ ਚੂਹੀ ਬੇ-ਪ੍ਰਵਾਹੀ
ਮੇਰੇ ਵਲ ਨਜ਼ਰ ਟਿਕਾਈ
ਜ਼ਰਾ ਖੌਫ਼ ਨਹੀਂ ਖਾਂਦੀ ਖ਼ਟ ਖ਼ਟ ਦੀ

(ਖ਼ਟ ਖ਼ਟ ਖ਼ਟ)
ਮੁੜ ਕੇ ਦਸਤਕ ਹੋਈ
ਇਸ ਵਕਤ ਕੌਣ ਹੋ ਸਕਦਾ ਹੈ
ਇਹ ਤਾਂ ਐਵੇਂ ਹਵਾ ਲਟਬੌਰੀ
ਬੇੜੀਆਂ ਥਾਣੀਂ ਲੰਘ ਕੇ
ਸਾਡੇ ਨਾਲ ਮਸ਼ਕਰੀ ਕਰਦੀ ਹੈ
ਉਹ ਨਾ ਜਾਣੇ ਵਿਚਾਰੀ
ਮੇਰੀ ਪਤਨੀ ਰਾਤ ਦੀ ਸ਼ਿਫਟ ਲਾ ਕੇ
ਨਾਲ ਦੇ ਕਮਰੇ ਸੁੱਤੀ ਹੋਈ,
ਉਹ ਜਾਗੇਗੀ ਤਾਂ ਬੇੜੀਆਂ ਸਮੇਤ ਦਰਿਆ ਨੂੰ
ਕੰਧ ਤੋਂ ਲਾਹ ਵਗਾਹ ਕੇ ਮਾਰੇਗੀ

ਹਾਲਾਂ ਤਾਂ ਮੈਂ ਪੂਰਾ ਜਾਗਣ ਤੋਂ ਪਹਿਲਾਂ
ਨਾਲ ਦਰਿਆ ਦੇ ਵਗਣਾ ਹੈ
ਸਭ ਬੇੜੀਆਂ ਹੜਾ ਲੈ ਜਾਵਣ ਦਾ
ਕੇਵਲ ਮੈਨੂੰ ਹੀ ਪੂਰਾ ਹੱਕ ਹੈ
ਚੂਹੀ ਕੀ ਜਾਣੇਗੀ
ਇਹ ਵੀ ਕੀ ਕੋਈ ਉਸਦੇ ਰਹਿਣ ਦੀ ਥਾਂ ਹੈ
(ਖ਼ਟ ਖ਼ਟ ਖ਼ਟ)
ਜੋ ਵੀ ਹੈ
ਉਹ ਨਾ ਜਾਣੇ ਅੱਜ ਦੇ ਦਿਨ
ਮੈਂ ਤਾਂ ਮੇਰਾ ਕਮਰਾ ਇਕ ਦੂਜੇ ਦੇ ਪੂਰੇ ਸਾਥੀ ਹਾਂ
ਅੱਜ ਦੇ ਦਿਨ ਕੋਈ ਹਵਾ
ਕੋਈ ਉਦਾਸੀ
ਮੇਰੇ ਦਰਿਆ ਨੂੰ ਖੋਹ ਕੇ
ਸਾਗਰ ਵਿਚ ਮਿਲਾ ਦੇਵੇ
ਮੇਰੇ ਪਾਸ ਤਾਂ ਇੱਕੋ ਇੱਕ ਦਰਿਆ ਹੈ
ਬੱਚੇ ਸੱਭੇ ਆਪੋ ਆਪਣੀ ਘਰੀਂ ਵਿਆਹੇ ਵਰ੍ਹੇ ਨੇ
ਆਪੋ ਆਪਣੇ ਦਾਇਰੇ ਵਿਚ ਵਿਚਰ ਰਹੇ ਨੇ
(ਖ਼ਟ ਖ਼ਟ ਖ਼ਟ)
ਹੋਰ ਘੜੀ ਪਲ ਸੌਂ ਜਾ
ਨਹੀਂ ਨਹੀਂ
ਖਬਰੇ ਕੌਣ ਹੋਵੇ ਏਡੀ ਦੂਰੋਂ ਚੱਲ ਕੇ

ਏਡੀ ਦੂਰੋਂ ਚਲ ਕੇ ਕੌਣ ਕਿਸੇ ਨੂੰ ਮਿਲਣ ਆਉਂਦਾ
ਪਰ ਜੇ ਉਹ ਮੇਰੇ ਵਾਂਗੂ
ਕਿਧਰੇ ਆਪਣਾ ਕਮਰਾ ਨਾਲ ਚੁੱਕ ਲਿਆਇਆ
ਤਾਂ ਕਿਵੇਂ ਆਖਾਂਗਾ
ਇਸ ਨੂੰ ਇਥੇ ਨਹੀਂ
ਕਿਧਰੇ ਹੋਰ ਥਾਂ ਰੱਖਦੇ।

□■□■□■□■□■□■

## ਕੌਣ ਪਰਤੇਗਾ

### ਬਲਵਿੰਦਰ ਮਬਾਰੂ

ਕੌਣ ਪਰਤੇਗਾ
ਤੇਰੇ ਦਰ ਤੇ ਸਿਪਾਹੀ ਬਣਨ ਲਈ
ਸੱਚ ਦੀ ਹਿਫ਼ਾਜ਼ਤ ਕਰਨ ਲਈ
ਹੱਥ ਕਲਮ ਫੜ ਕੇ ਲੜਨ ਲਈ
ਦੱਸ ਕੌਣ ਪਰਤੇਗਾ ਵਤਨ ?

ਕੌਣ ਪਰਤੇਗਾ
ਅਧੂਰੀ ਖੇਡ ਪੂਰੀ ਕਰਨ ਲਈ
ਚਾਵਾਂ ਦੀ ਪੀਂਘ ਚੜ੍ਹਨ ਲਈ
ਯਾਦਾਂ 'ਚੋਂ ਚੂਲੀ ਭਰਨ ਲਈ
ਦੱਸ ਕੌਣ ਪਰਤੇਗਾ ਵਤਨ ?

ਕੌਣ ਪਰਤੇਗਾ ਤੇਰੇ ਤੋਂ
ਅਮਨ ਦੀ ਅਜ ਆਸ ਲੈ
ਚਮਨ ਦਾ ਕੋਈ ਖ਼ਾਬ ਲੈ
ਤੇ ਪਿਆਰ ਦੀ ਇਕ ਪਿਆਸ ਲੈ

ਕੌਣ ਪਰਤੇਗਾ ਤੇਰੇ
ਸੱਥਾਂ 'ਚ ਰਲ ਕੇ ਬਹਿਣ ਲਈ
ਛਿੰਜਾਂ ਮੇਲੇ ਜਾਣ ਲਈ
ਭੰਗੜੇ ਗਿੱਧੇ ਪਾਉਂਣ ਲਈ

ਕੌਣ ਪਰਤੇਗਾ
ਫਿਰ ਸਮੁੰਦਰ ਮੰਥਨ ਲਈ
ਅਮ੍ਰਿਤ ਦਾ ਬਾਟਾ ਪੀਣ ਲਈ
ਗੌਰਵਤਾ ਨਾਲ ਜੀਉਂਣ ਲਈ

ਵਤਨ, ਮੇਰੀ ਮਾਤ-ਭੂਮੀ
ਬਣ ਕੇ ਰਹਿ ਗਈ ਮਾਤਮ-ਭੂਮੀ
ਸੁਆਰਥ ਦਾ ਰਾਜ ਹੈ
ਨਫਰਤ ਸਿਰਤਾਜ ਹੈ
ਦਾਨਾਈ ਖਾਮੋਸ਼ ਹੈ
ਝੂਠ ਵਫਾਦਾਰ ਹੈ
ਪਰਤਣੇ ਲਈ ਦਿਲ ਵਿਚ
ਚਾਅ ਨਾ ਮਲ੍ਹਾਰ ਹੈ

ਤੇਰਾ ਇਹ ਸਰਾਪ ਹੈ
ਮੇਰਾ ਸੰਤਾਪ ਹੈ
ਕੁਝ ਸਾਲਾਂ ਦਾ ਪਰਵਾਸ
ਬਣਿਆ ਉਮਰ ਦਾ ਬਣਵਾਸ ਹੈ

□■□■□■□■□■□■

## ਗੀਤ

### ਅਵਤਾਰ ਸਾਦਿਕ

ਜਾਗੋ! ਮੇਰੇ ਦੇਸ਼ ਦੇ ਲੋਕੋ, ਜਾਗੋ!
ਜਾਗੋ! ਧਰਤੀ ਮਾਂ ਦੇ ਜਾਇਓ ਵੇ
ਫਿਰਕੂ ਨਫਰਤ ਦੀ ਅੱਗ ਲੱਗੀ ਹੈ
ਉਠ ਕੇ ਪਾਣੀ ਪਾਇਓ ਵੇ...

ਇਹ ਧਰਤੀ ਸੁਰਗੋਂ ਸੁਹਣੀ
ਮਾਖਿਓਂ ਮਿੱਠੇ ਗੀਤ ਨੇ ਲੋਕਾਂ ਦੇ
ਸ਼ਿਵ-ਸੈਨਿਕ ਕਾਲੀ ਦੇ ਭਗਤਾਂ
ਕਾਲੇ ਪਰਦੇ ਪਾਏ ਸੋਚਾਂ ਤੇ
ਭਾਰਤ ਮਾਂ ਪਈ ਅਰਜ ਗੁਜ਼ਾਰੇ
ਮੇਰੀ ਮਮਤਾ ਨੂੰ ਲਾਜ ਨਾ ਲਾਇਓ ਵੇ...

ਗੁਰਦਵਾਰੇ, ਮੰਦਰਾਂ, ਮਸਜਦਾਂ
ਕਦੇ ਸੁੱਖ -ਸੁਨੇਹੇ ਦਿੱਤੇ ਸੀ ਪਿਆਰਾਂ ਦੇ
ਹੁਣ ਕਲਿਆ-ਕਲੇਸ਼ ਦੇ ਕੇਂਦਰ ਬਣ ਗਏ
ਵੰਡਵਾਦੀ, ਰਾਜ-ਭਾਗ ਪ੍ਰਚਾਰਾਂ ਦੇ
ਦੈਂਤ ਨੇ ਇਹ ਪ੍ਰੇਤ ਨਗਰ ਦੇ
ਇਨ੍ਹਾਂ ਤੋਂ ਦੇਸ਼ ਬਚਾਇਓ ਵੇ...

ਰਾਮ ਦਾ ਨਾਓ ਲੈ ਕੇ ਰਾਵਣ ਜਾਗੇ
ਯਾਤਰਾ ਕਰਦੇ ਰਾਮ ਰੱਥਾਂ ਤੇ
ਬਜਰੰਗ-ਬਲੀ ਹੋਰੀਂ ਰਾਮ-ਰੇਖਾ ਟੱਪਣ
ਫੜ ਤ੍ਰਿਸ਼ੂਲਾਂ ਹੱਥਾਂ 'ਚ
ਦਿਨ-ਦਿਹਾੜੇ ਲੋਕ ਰੱਤ ਪੀਂਦੇ
ਇਸ ਦੈਂਤ ਦਾ ਸਿਰ ਲਾਹਿਓ ਵੇ...

ਜੂਝੋ ਤੁਸੀਂ ਵੀ ਵਿਚ ਮੈਦਾਨੇ
ਵਾਂਗ ਦੂਲੇ ਕਮੀ-ਕਿਰਸਾਨਾਂ ਦੇ
ਮੇਰੀ ਪੱਤ ਦੀ ਜੋ ਰਾਖੀ ਕਰਦੇ
ਖੇਲਕੇ ਆਪਣੀਆਂ ਜਾਨਾਂ ਤੇ
ਗਲੀ ਮੁਹੱਲੇ ਹੋਕਾ ਦੇਵਣ
ਸਾਮਰਾਜੀ ਏਜੰਟਾਂ ਤੋਂ ਦੇਸ ਬਚਾਇਓ ਵੇ...

□■□■□■□■□■□■

## ਖੋਖਲੇ ਦਾਅਵੇ

### ਰਛਪਾਲ ਰਾਮੂਵਾਲੀਆ

ਦਾਅਵੇ ਖੋਖਲੇ ਬੰਨਦੇ ਯਾਰੀਆਂ ਦੇ,
ਵੇਖੇ ਬਦਲਦੇ ਅੱਖ ਦੇ ਫੋਰ ਲੋਕੀਂ।
ਲਈਏ ਦਿਲ ਫ਼ਰੋਲ ਜੇ ਭੁੱਲ ਭਾਣੇ,
ਪੈਰੋਂ ਸੀਸ ਤੱਕ ਲੈਣ ਬਟੋਰ ਲੋਕੀਂ।
ਰਿਸ਼ਤੇ ਰਹਿਗੇ ਨੇ ਸਿਰਫ ਵਿਖਾਵਿਆਂ ਦੇ,
ਕਾਲੇ ਦਿਲਾਂ ਦੇ ਨੇ ਕੱਚੇ ਛੋਹਰ ਲੋਕੀਂ।
ਪਹਿਲਾਂ ਵਰਤ ਲੈਂਦੇ ਮਗਰੋਂ ਜ਼ਿਬ੍ਹਾ ਕਰਦੇ,
ਬਾਣਾ ਸਾਧੂਆਂ ਦਾ ਆਦਮਖ਼ੋਰ ਲੋਕੀਂ।
ਬਹਿਕੇ ਵਿਚ ਬਿਗਾਨੀਆਂ ਮਹਿਫ਼ਲਾਂ ਦੇ,
ਖਾੜੇ ਚੁਗਲੀਆਂ ਤੇ ਲਾਉਂਦੇ ਜ਼ੋਰ ਲੋਕੀਂ।
ਡਾਰ ਖੰਭ ਨੂੰ ਦੇਖਕੇ ਆਖ ਦੇਂਦੇ,
ਡਾਢੇ ਨਿਗ੍ਹਾ ਦੇ ਹੈਨ ਕਮਜ਼ੋਰ ਲੋਕੀਂ।
ਤਿੱਖੇ ਤਾਨ੍ਹਿਆਂ ਨੂੰ ਸੀਨੇ ਖੋਭ ਦੇਂਦੇ,
ਉਤੇ ਮਿਰਚ ਦੀ ਕਰਨ ਟਕੋਰ ਲੋਕੀਂ।
ਸਾਕ ਯਾਰ ਬੇਲੀ ਬਹੁਤੇ ਮਤਲਬਾਂ ਦੇ,
ਵਿਚੋਂ ਕਾਗ ਕਾਲੇ ਉਤੋਂ ਮੋਰ ਲੋਕੀਂ।
ਕੰਮ ਹੋਣ ਤੀਕਰ ਸਿਜਦਾ ਕਰਨ ਔਂਦੇ,
ਮੋਹਰ ਲੱਗੀ ਤੋਂ ਬਦਲਦੇ ਤੋਰ ਲੋਕੀਂ।
ਅੰਦਰ ਅੱਗ ਸੜ੍ਹੇਵੇਂ ਦੀ ਜ਼ੋਰ ਮੱਘਦੀ,
ਬਾਹਰੋਂ ਖੁਸ਼ੀ ਦੀ ਦੇਣ ਲਿਸ਼ਕੋਰ ਲੋਕੀਂ।
ਜਿਹੜਾ ਮੁਸ਼ਕਲਾਂ ਵਿਚ ਘਿਰਿਆ ਨਜ਼ਰ ਆਵੇ,
ਉਹਨੂੰ ਵੇਚ ਦਿੰਦੇ ਭੋਰ ਭੋਰ ਲੋਕੀਂ।
ਰਾਤੀਂ ਛਿੜਕਦੇ ਨੇ ਖ਼ੂਨ ਫ਼ਰਸ਼ ਉਤੇ,
ਸੁਭਾ ਆਪ ਮਚਾਂਵਦੇ ਸ਼ੋਰ ਲੋਕੀਂ।
ਮਿੱਠੀ ਜੀਭਾ ਨਾਂ ਬੀਜਦੇ ਰਾਤਰਾਣੀ,
ਨਾਲ ਅੱਖਾਂ ਦੇ ਬੀਜਦੇ ਥੋਹਰ ਲੋਕੀਂ।
ਦੇਕੇ ਤੁੰਮੇ ਨੂੰ ਰੂਪ ਪਤਾਸਿਆਂ ਦਾ,
ਲੈਂਦੇ ਨਾਲ ਜ਼ਬਾਨ ਦੇ ਖ਼ੋਰ ਲੋਕੀਂ।
ਨਿੱਤ ਸੱਸੀਆਂ ਥੱਲਾਂ ਵਿਚ ਭੁੰਨ ਸੁੱਟਦੇ,
ਉਤੋਂ ਜਾਪਦੇ ਸ਼ਹਿਰ ਭੰਬੋਰ ਲੋਕੀਂ।

□■□■□■□■□■□■□■□■□■□■

# ਇਕ ਕਾਕਰੋਚ ਦਾ ਖੁਦਕਸ਼ੀ - ਨੋਟ

## ਪੇਦਰੋ ਪਾਈਤਰੀ

(ਪੇਦਰੋ ਪਾਈਤਰੀ ਦੀ ਇਹ ਕਵਿਤਾ 'ਥੋੜੀ ਤਨਖਾਹ ਵਾਲੇ ਲੋਕਾਂ ਦੇ ਘਰਾਂ ਵਿਚ ਰਹਿਣ ਵਾਲੇ ਇਕ ਕਾਕਰੋਚ ਦਾ ਖੁਦ-ਕਸ਼ੀ ਨੋਟ' ਅੰਗਰੇਜ਼ੀ ਤੋਂ ਅਨੁਵਾਦ ਕੀਤੀ ਗਈ ਹੈ। ਇਹ ਕਵਿਤਾ *ਮੰਥਲੀ ਰੀਵਿਊ ਪਰੈਸ* ਰਾਹੀਂ 1973 ਵਿਚ ਛਪੀ ਉਸਦੀ ਪੁਸਤਕ ਪੋਰਤੋ ਰੀਕਨ ਔਬਿਚੁਅਰੀ ਵਿਚ ਸ਼ਾਮਲ ਹੈ। )

ਮੈਂ ਦੁਨੀਆਂ ਨੂੰ ਨਫਰਤ ਕਰਦਾ ਹਾਂ
ਮੈਂ ਮਾਯੂਸ ਹੋ ਗਿਆ ਹਾਂ
ਮੈਂ ਵਾਂਝਾ ਰਹਿ ਗਿਆ ਹਾਂ
ਮੈਂ ਭ੍ਰਿਸ਼ਟਿਆਂ ਗਿਆ ਹਾਂ
ਮੈਂ ਕਬਰ ਨਾਲ ਸਗਾਈ ਦੀ ਗੱਲ
ਕਰਨ ਲਈ ਤਿਆਰ ਹਾਂ
ਜੀਉਣਾ ਬੜਾ ਗੁੰਝਲਦਾਰ ਹੈ
ਮਨ ਦੀ ਸ਼ਾਂਤੀ ਲਈ ਕਿਸਮਤ ਹੀ
ਇਕੋ ਇਕ ਦੁਆਈ ਹੈ

ਸੱਚ ਜਾਣਿਓ
ਮੈਂ ਬੜੀ ਗੰਭੀਰਤਾ ਨਾਲ ਟੋਲ੍ਹ ਰਿਹਾ ਹਾਂ
ਇਸ ਭਿਆਨਕ ਹੋਂਦ ਤੋਂ
ਛੁਟਕਾਰੇ ਦਾ ਰਾਹ
ਵਿਰੋਧ ਕਰਨ ਦੀ ਸ਼ਕਤੀ ਘੱਟ ਗਈ ਹੈ
ਤੇ ਵਧਦੀ ਨਹੀਂ ਦਿਸਦੀ

ਘਰਾਂ ਦੇ ਕਿਰਾਏ 'ਤੇ ਲੱਗੀਏ ਪਾਬੰਦੀਏ
ਮੇਰਾ ਭੂਤ ਵੀ ਤੇਰਾ ਪਿੱਛਾ ਕਰੇਗਾ

ਮੈਂ ਦੁਨੀਆਂ ਨੂੰ ਨਫਰਤ ਕਰਦਾ ਹਾਂ
ਮੈਂ ਦਿਲਗੀਰ ਹੋ ਗਿਆ ਹਾਂ
ਮੈਂ ਕੰਡਮ ਹੋ ਗਿਆ ਹਾਂ
ਮੈਂ ਬੇ-ਆਸਰਾ ਤੇ ਬੇ-ਆਬਰੂ ਹਾਂ
ਜਦੋਂ ਤੋਂ ਇਹ ਮਾਰ ਪੈਣੇ
ਲਿਬਰਲ ਚੁਣੇ ਗਏ ਹਨ
ਇਹਨੀ ਕੋਈ ਵੀ ਵਧੀਆ
ਤਬਦੀਲੀ ਨਹੀਂ ਲਿਆਂਦੀ
ਮੈਂ ਭੁੱਖਾ ਮਰ ਰਿਹਾ ਹਾਂ
ਮੈਂ ਚੰਗਾ ਲੁਟੇਰਾ ਵੀ ਨਹੀਂ
ਮੇਰੇ ਜੀਵਨ ਦੀ ਕੋਈ ਵੱਡੀ ਮੰਜਲ ਵੀ ਨਹੀਂ
ਇਹ ਸਸਤੇ ਘਰਾਂ ਦੀਆਂ ਸਕੀਮਾਂ ਹੀ
ਮੇਰੀ ਬੇਚੈਨੀ ਦੀਆਂ ਜ਼ਿੰਮੇਵਾਰ ਹਨ
'ਕਰੈਡਿਟ ਕਾਰਡੋ' ਮੈਂ ਤੁਹਾਨੂੰ ਨਫਰਤ ਕਰਦਾ ਹਾਂ
ਤੁਹਾਡੇ ਕਾਰਨ ਮੇਰੇ ਦਿਮਾਗ 'ਚ ਦਰਦ ਰਹਿੰਦਾ ਹੈ
ਤੁਹਾਡੇ ਕਰਕੇ ਹੀ ਸਾਰੇ ਘੱਟ ਗਿਣਤੀ ਲੋਕ
ਟੈਲੀਵੀਜ਼ਨ ਖ੍ਰੀਦੀ ਬੈਠੇ ਹਨ
ਤੇ ਮੈਨੂੰ ਸੌਣ ਨਹੀਂ ਦਿੰਦੇ
ਹਰ ਰਾਤ ਪੂਰੀ ਆਵਾਜ਼ 'ਤੇ ਕਰਕੇ
ਉਹ 'ਲੇਟ ਲੇਟ ਸ਼ੋਅ' ਦੇਖਦੇ ਹਨ

ਮੈਂ ਦੁਨੀਆਂ ਨੂੰ ਨਫਰਤ ਕਰਦਾ ਹਾਂ
ਮੈਂ ਦੁਨੀਆਂ ਨੂੰ ਨਫਰਤ ਕਰਦਾ ਹਾਂ
ਮੈਂ ਅੱਕ ਚੁੱਕਿਆਂ ਹਾਂ
ਮੈਂ ਪੂਰੀ ਤਰ੍ਹਾਂ ਟੁੱਟ ਚੁੱਕਿਆ ਹਾਂ
ਵੈਲਫੇਅਰ ਦਾ ਮਹਿਕਮਾ
ਮੇਰਾ ਕੇਸ ਸੁਣਨ ਲਈ ਤਿਆਰ ਨਹੀਂ
ਮੈਨੂੰ ਤਾਂ ਪੁਰਾਣੇ ਦਿਨਾਂ ਦੀ ਯਾਦ ਸਤਾਉਂਦੀ ਹੈ
ਜਦੋਂ ਘੱਟ ਗਿਣਤੀ ਲੋਕਾਂ ਲਈ
ਰੇਡੀਓ ਵੀ ਵੱਡੀ ਨਿਆਮਤ ਹੁੰਦੇ ਸਨ
ਤੇ ਨਾ ਸੀ 'ਲੇਟ ਲੇਟ ਸ਼ੋਅ' ਵਰਗੀ ਕੋਈ ਸ਼ੈਅ
ਪੁੱਛੋ ਨਾ ਕਿੰਨੀ ਨਫਰਤ ਕਰਦਾ ਹਾਂ ਮੈਂ
ਇਹਨਾਂ ਗਰੀਬੀ ਵਿਰੋਧੀ ਪ੍ਰੋਗਰਾਮਾਂ ਨੂੰ

ਬਿਜਲੀ ਨਾਲ ਚੱਲਣ ਵਾਲੀ ਹਰ ਘਰੇਲੂ-ਮਸ਼ੀਨ
ਮੇਰੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਰਹੀ ਹੈ
ਕਾਸ਼ ਕਿਤੇ ਇਹ ਕਿਰਾਏਦਾਰ ਵੀ ਜਾਣ ਲੈਣ
ਇਹ ਮਸ਼ੀਨਾਂ ਉਹਨਾਂ ਲਈ ਵੀ
ਕਿੰਨੀਆਂ ਮਾੜ੍ਹੀਆਂ ਤੇ ਤਬਾਹਕੁਨ ਹਨ
ਫਿਰ ਹਰ ਨਸਲ ਦੇ ਲੋਕਾਂ ਲਈ
ਇਹ ਦੁਨੀਆਂ ਰਹਿਣ ਲਈ ਇਕ ਚੰਗੀ ਥਾਂ ਹੋਵੇ
ਇਸ ਤੋਂ ਪਹਿਲਾਂ ਕਿ ਹਰ ਥਾਂ ਤੋਂ
ਸਾਡੀ ਨਸਲ ਖਤਮ ਹੋ ਜਾਵੇ
ਇਹ ਗਰੀਬੀ-ਵਿਰੋਧੀ ਲੜਾਈ ਹੁਣੇ ਬੰਦ ਕਰੋ
ਅਮਰੀਕਾ! ਅਸੀਂ ਨਹੀਂ ਚਾਹੁੰਦੇ
ਅਸੀਂ ਸਦਾ ਲਈ ਤਬਾਹ ਤੇ ਖਤਮ ਹੋ ਜਾਈਏ

ਮੈਂ ਭੁੱਖਾ ਹਾਂ
ਮੇਰੇ ਲੋਕ ਭੁੱਖੇ ਹਨ
ਮੇਰੇ ਦੋਸਤ ਭੁੱਖੇ ਹਨ
ਸਾਡੀ ਪੀੜ੍ਹੀ ਦਾ ਹਰ ਮੈਂਬਰ
ਭੁੱਖ-ਮਰੀ ਦਾ ਸ਼ਿਕਾਰ ਹੈ

ਅਸੀਂ ਦੱਬੇ ਕੁਚਲੇ ਗਏ ਹਾਂ
ਸਾਡਾ ਕੋਈ ਭਵਿੱਖ ਨਹੀਂ
ਕਿਸ ਆਸ 'ਤੇ ਜੀਂਦੇ ਰਹੀਏ
ਅਸੀਂ ਖਤਮ ਹੋ ਚੁੱਕੇ ਹਾਂ
ਮੈਂ ਨਿੱਤ ਦਸਾਂ ਤੋਂ ਵੱਧ ਅਰਥੀਆਂ ਪਿੱਛੇ ਜਾਂਦਾ ਹਾਂ
ਮੇਰੇ ਕੋਲ ਮੌਕੇ 'ਤੇ ਪਾਉਣ ਵਾਲਾ ਕਾਲਾ ਸੂਟ
ਧੋਬੀ ਦੇ ਭੇਜਣ ਜੋਗਾ ਵੀ ਵਕਤ ਨਹੀਂ
ਹਾਂ ਏਨੇ ਮਾੜੇ ਹਨ ਹਾਲਾਤ
ਤੇ ਵਜ੍ਹਾ ਸਿਰਫ ਇਹੋ -
ਹਰ ਕੋਈ ਚਾਹੁੰਦੈ ਕੁਝ ਨਾ ਕੁਝ ਖਾਸ ਬਣਨਾ
ਇਹ ਸਰਾਸਰ ਬੇਤੁਕੀ ਹੈ ਪਾਗਲਪਨ ਹੈ
ਸਾਨੂੰ ਛੱਡ ਕੇ
ਬਾਕੀ ਹਰ ਕਿਸੇ ਦੀ ਖਾਤਰ
ਅਮਰੀਕਾ ਨੂੰ ਸੁੰਦਰ ਬਣਾਉਣ ਲਈ
ਸਾਡੀ ਨਸਲ ਨੂੰ ਕਿਉਂ ਖਤਮ ਕੀਤਾ ਜਾਵੇ?

ਅਸੀਂ ਅਸਲੀ ਅਮਰੀਕਨ ਹਾਂ
ਅਸੀਂ ਕੋਲੰਬਸ ਤੋਂ ਵੀ ਪਹਿਲਾਂ ਸੀ ਇਥੇ
ਅਸੀਂ ਜਨਰਲ ਇਲੈਕਟਰਿਕ ਤੋਂ ਵੀ ਪਹਿਲਾਂ
ਐਂਡ ਸੁਲੇਵਾਨ ਦੇ ਸ਼ੋਅ ਤੋਂ ਵੀ ਪਹਿਲਾਂ ਸੀ ਇਥੇ
ਅਸੀਂ ਆਦਮ ਤੇ ਹੱਵਾ ਤੋਂ ਵੀ ਪੁਰਾਣੇ ਹਾਂ
ਨੋਆ ਨੇ ਵੀ ਆਪਣੀ ਕਿਸ਼ਤੀ 'ਚ
ਕਾਕਰੋਚਾਂ ਨੂੰ ਬਿਠਾਇਆ ਸੀ
ਸਾਥੋਂ ਬਾਕੀਆ ਨਾਲ ਰਹਿਣ ਦਾ ਹੱਕ
ਕਿਉਂ ਖੋਹਿਆ ਜਾਵੇ? ? ?

ਪੁਰਾਣੇ ਸਮਿਆਂ ਵਿਚ
ਜਦੋਂ ਅਜੇ ਸਸਤੇ ਘਰਾਂ ਦੀਆਂ ਸਕੀਮਾਂ ਨੇ
ਸਾਡੀ ਸਭਿਅਤਾ ਤਬਾਹ ਨਹੀਂ ਸੀ ਕੀਤੀ
ਕਾਕਰੋਚਾਂ ਕਦੀ ਭੁੱਖ ਦਾ ਨਾਂ ਨਹੀਂ ਸੀ ਸੁਣਿਆ
ਹੁਣ ਵਾਲੀ ਪੈਪਸੀ-ਪੀੜ੍ਹੀ ਤੋਂ ਕਿਤੇ ਚੰਗੇ ਰਹਿੰਦੇ ਸੀ
ਹਰ ਕਿਸੇ ਦੇ ਖਾਣ ਲਈ ਹਰ ਵੇਲੇ ਕਾਫੀ ਹੁੰਦਾ
ਹਰ ਦਿਨ ਹੀ ਮੌਜਮੇਲਾ ਹੁੰਦਾ
ਸੱਚ ਮੁੱਚ ਉਹ ਵੀ ਦਿਨ ਸਨ ਦੋਸਤਾ
ਸੋਚਿਆ ਸੀ ਕਦੀ ਖਤਮ ਨਹੀਂ ਹੋਣੇ
ਰੋਜ ਢਿੱਡ ਭਰ ਭਰ ਖਾਂਦੇ
ਮੁਸ਼ਕਲਾਂ ਦਾ ਨਾਂ ਨਿਸ਼ਾਨ ਨਹੀਂ ਸੀ

ਕੋਈ ਬਿੱਲ ਵਸੂਲਣ ਵਾਲਾ ਨਹੀਂ ਸੀ
ਕੋਈ ਇਨਕਮ-ਟੈਕਸ ਵਾਲਾ ਨਹੀਂ ਸੀ
ਹਾਂ ਉਹ ਵੀ ਦਿਨ ਸਨ
ਸੱਚ ਮੁੱਚ ਉਹ ਵੀ ਦਿਨ ਸਨ

ਕਾਕਰੋਚਾਂ ਦੀ ਉਮਰ ਉਦੋਂ
ਹੁਣ ਨਾਲੋਂ ਦਸ ਗੁਣਾਂ ਵਾਧੂ ਸੀ
ਹੁਣ ਤਾਂ ਹੱਦ ਦਸਾਂ ਮਿੰਟਾਂ ਤੋਂ ਵੀ
ਦਸ ਸਕਿੰਡ ਘੱਟ ਹੈ
ਸਾਰਾ ਕਸੂਰ ਗਰੀਬੀ-ਵਿਰੋਧੀ ਸਕੀਮਾਂ ਦਾ ਹੈ
ਜਦੋਂ ਦੀਆਂ ਆਈਆਂ ਹਨ ਲੋਕ ਉਹ ਨਹੀਂ ਰਹੇ
ਅੱਜ ਹਰ ਕੋਈ ਡੀ.ਡੀ.ਟੀ. ਖ਼ਰੀਦ ਸਕਦਾ ਹੈ
ਤੇ ਮੌਤ ਹੁਣ ਸਿਰਫ ਛਿੜਕਾਵ ਜਿੰਨ੍ਹੀ ਹੀ ਦੂਰ ਹੈ
ਟੈਲੀਵੀਜਨ 'ਤੇ ਮਸ਼ਹੂਰੀ ਕਰਨ ਵਾਲੇ ਕਹਿੰਦੇ ਹਨ
ਸਾਨੂੰ ਖਤਮ ਕਰਨ ਲਈ
ਇਹ ਖਤਰਨਾਕ ਹਥਿਆਰ ਚਲਾਉਣ ਦੀ ਸਿੱਖਿਆ
ਛੋਟੇ ਬਚਿਆਂ ਨੂੰ ਵੀ ਦਿੱਤੀ ਜਾ ਰਹੀ ਹੈ

ਇਹ ਤਾਂ ਕੁੱਲ ਦਾ ਨਾਸ਼ ਕਰਨ ਵਾਲੀ ਗੱਲ ਹੋਈ
ਸੱਭ ਤੋਂ ਵੱਧ ਗਿਲਾ ਤਾਂ ਇਸ ਗੱਲ ਦਾ ਹੈ
ਕਿ ਕੋਈ ਵੀ ਇਸਦੀ ਵਿਰੋਧਤਾ ਨਹੀਂ ਕਰ ਰਿਹਾ
ਸਾਡੇ ਮਰਨ ਵਾਲਿਆਂ ਦੇ ਰੋਸ ਵਜੋਂ
ਕੋਈ ਜਲੂਸ ਨਹੀਂ ਨਿਕਲ ਰਹੇ
ਉਂਞ ਕੋਈ ਇਸਦੀ ਵਿਰੋਧਤਾ ਕਰਦਾ ਹੈ
ਤੇ ਕੋਈ ਉਸਦੀ ਵਿਰੋਧਤਾ ਕਰਦਾ ਹੈ
ਹਰ ਕੋਈ ਹਵਾਈ-ਹਮਲਿਆਂ ਵਿਰੁੱਧ ਔਖਾ ਹੈ
ਪਰ ਡੀ.ਡੀ.ਟੀ. ਦੇ ਹਮਲਿਆਂ ਬਾਰੇ ਸੱਭ ਚੁੱਪ
'ਡੀ.ਡੀ.ਟੀ. ਦੇ ਹਮਲੇ ਰੋਕੋ'ਦਾ ਬਿੱਲਾ
ਕਿਸੇ ਦੇ ਵੀ ਨਹੀਂ ਲਾਇਆ ਹੋਇਆ

ਮੈਂ ਇਕ ਬਹੁਤ ਵੱਡੇ ਟੱਬਰ ਵਿਚੋਂ ਹੁੰਦਾ ਸੀ
ਹੁਣ ਤਾਂ ਮੇਰੇ ਅਖੀਰਲੇ ਚਚੇਰੇ ਦੇ ਘਰੋਂ ਹੀ ਜਿੰਦਾ ਹੈ
ਮੈਂ ਖੁਦ ਸੱਤ ਵਾਰ ਵਿਆਹਿਆ ਗਿਆਂ ਹਾਂ
ਤੇ ਇਕ ਵਾਰ ਵੀ ਮੇਰਾ ਤਲਾਕ ਨਹੀਂ ਹੋਇਆ
ਮੇਰੀਆਂ ਸਾਰੀਆਂ ਬੀਵੀਆਂ ਤੇ ਸਾਰੇ ਖਾਵੰਦ
ਹੁਣ ਪਰਲੋਕ ਸੁਧਾਰ ਚੁੱਕੇ ਹਨ
ਉਹਨਾਂ 'ਚੋਂ ਇਕ ਵੀ ਆਈ ਮੌਤੇ ਨਹੀਂ ਮਰਿਆ
ਉਹ ਸਾਰੇ ਇਸ ਮਹਾਨ ਸਭਿਆਚਾਰ ਦੀਆਂ
ਖੇਡਾਂ ਦੇ ਸ਼ਿਕਾਰ ਹੋਏ
ਇਸ ਅਖੌਤੀ ਸਭਿਅਕ ਕੌਮ ਨੇ
ਮੈਨੂੰ ਉਜਾੜ 'ਚ ਇਕੱਲੇ ਰੁੱਖ ਵਾਂਗ ਕਰ ਦਿੱਤਾ ਹੈ

ਮੇਰੀ ਬੀਮਾ ਕੰਪਨੀ ਨੇ ਜਵਾਬ ਦੇ ਦਿੱਤਾ ਹੈ
ਉਹ ਹੁਣ ਮੇਰੀ ਕਿਸੇ ਵੀ ਬੀਵੀ
ਜਾਂ ਖਾਵੰਦ ਦਾ ਬੀਮਾ ਨਹੀਂ ਕਰਨਗੇ
ਉਹ ਸਮਝਦੇ ਆ
ਮੈਂ ਪੈਸੇ ਖਾਣ ਲਈ ਇਹ ਧੰਦਾ ਬਣਾ ਲਿਆ ਹੈ
ਉਹ ਸਰਾਸਰ ਗਲਤ ਨੇ
ਮੈਂ ਇਹ ਧੰਦਾ ਕਦੀ ਕਰ ਹੀ ਨਹੀਂ ਸਕਦਾ
ਕਿਉਂਕਿ ਮੈਂ ਇਕ ਚੰਗੇ ਗੈਰ-ਕੈਥੋਲਿਕ
ਗੈਰ-ਪਰੋਟੈਸਟੈਂਟ
ਤੇ ਗੈਰ-ਯਹੂਦੀ ਘਰ ਦਾ ਜੰਮਪਲ ਹਾਂ

ਮੈਂ ਕਦੀ ਵੀ ਪਵਿਤਰ ਬਾਈਬਲ ਨਹੀਂ ਪੜ੍ਹੀ
ਮੈਂ ਕਦੀ ਵੀ ਪਵਿਤਰ ਬਾਈਬਲ ਨਹੀਂ ਪੜ੍ਹਣ ਲੱਗਾ
ਸਿਆਣੇ ਤੇ ਸਮਝਦਾਰ ਕਾਕਰੋਚ
ਕਦੀ ਵੀ ਬਾਈਬਲ ਦੇ ਨੇੜੇ ਨਹੀਂ ਢੁੱਕਣ ਲੱਗੇ
ਬਾਈਬਲ ਪੜ੍ਹਨਾ ਇਕ ਖਤਰਨਾਕ ਧੰਦਾ ਹੈ
ਸੁਰਗ ਨੂੰ ਜਾਣ ਲਈ
ਆਤਮ-ਹੱਤਿਆ ਕਰਨ ਵਾਲੀ ਗੱਲ ਹੈ

ਮੇਰਾ ਇਕ ਚਾਚਾ ਹੁੰਦਾ ਸੀ
ਪੱਕੇ ਧਾਰਮਿਕ ਖਿਆਲਾਂ ਵਾਲਾ
ਹਮੇਸ਼ਾਂ ਪਵਿਤਰ ਕਿਤਾਬ ਪੜ੍ਹਦਾ
ਇਕ ਦਿਨ ਤੇਈਵਾਂ ਭਜਨ ਪੜ੍ਹਦਾ ਸੌਂ ਗਿਆ
ਦੂਜੇ ਦਿਨ ਜਦ ਉਠਿਆ
ਬਾਈਬਲ ਦੇ ਮਾਲਕ ਨੇ ਉਥੇ ਹੀ
ਉਹਦੇ ਵਾਲੀ ਕਿਤਾਬ ਸਦਾ ਲਈ ਬੰਦ ਕਰ ਦਿੱਤੀ

ਮੈਂ ਇਕ 'ਕਲੇਅਰਔਲ ਲੇਡੀ' ਨੂੰ ਜਾਣਦਾਂ
ਜਿਹੜੀ ਮੇਰੇ ਲੋਕਾਂ 'ਤੇ ਲੂਣ ਮਿਰਚਾਂ ਛਿੜਕ ਕੇ
ਆਪਣੇ ਪਾਲਤੂ ਨਿਉਲੇ ਨੂੰ ਪਾਉਂਦੀ ਹੁੰਦੀ ਸੀ

ਮੈਂ ਇਕ 'ਮਾਰਲਬੋਰੋ ਮੈਨ' ਨੂੰ ਜਾਣਦਾਂ
ਉਹ ਮੇਰੇ ਲੋਕਾਂ ਦੇ ਸ਼ਰੀਰਾਂ ਉਪਰ ਸਿਗਰਟਾਂ ਬੁਝਾ ਕੇ
ਆਪਣੀਆਂ ਸੁਆਹ-ਦਾਨੀਆਂ ਸ਼ਿੰਗਾਰਦਾ ਹੁੰਦਾ ਸੀ
ਮੈਂ ਇਕ ਮੁੰਡੇ ਨੂੰ ਜਾਣਦਾਂ
ਜਿਹਨੇ 'ਕਲੇਅਰੋਲ ਲੇਡੀ' ਨਾਲ ਵਿਆਹ ਕਰਾ ਕੇ
'ਮਾਰਲਬੋਰੋ ਮੈਨ' ਨੂੰ ਜਨਮ ਦਿੱਤਾ
'ਲਾਈਫ' ਮੈਗਜੀਨ ਮੁਤਾਬਕ ਜਿਹਦਾ ਧੰਦਾ
ਗਰਾਰੇ ਕਰਨ ਵਾਲੀਆਂ ਸ਼ੀਸ਼ੀਆਂ 'ਚ ਪੈਟਰੋਲ ਪਾ
ਸਾਡੇ ਲੋਕਾਂ ਕੋਲ ਵੇਚਣਾ ਸੀ

ਜੇ ਇਸ ਕਿਸਮ ਦੇ ਲੋਕ
ਸਵਰਗ ਨੂੰ ਜਾਂਦੇ ਨੇ
ਤਾਂ ਰੱਬਾ ਮੇਹਰਬਾਨੀ ਕਰਕੇ
ਮੈਨੂੰ ਤਾਂ ਨਰਕ ਨੂੰ ਹੀ ਭੇਜੀਂ

ਮੈਂ ਚਾਹੁੰਦਾਂ
ਮਨੁੱਖਤਾ ਦੇ ਥੋਥੇਪਨ, ਭ੍ਰਿਸ਼ਟਤਾ ਤੇ ਪਾਗਲਪਨ ਤੋਂ
ਕਰੋੜਾਂ ਮੀਲ ਦੂਰ ਭੱਜ ਜਾਵਾਂ
ਇਥੇ ਸੰਤ ਸਿਰਫ ਕੁਝ ਲੋਕਾਂ ਨੂੰ ਹੀ
ਖ਼ੁਦ ਨੂੰ ਬਚਾਉਣ ਦੀ ਸਿੱਖਿਆ ਦਿੰਦੇ ਹਨ
ਤੇ ਬਾਕੀਆਂ ਨੂੰ ਜਹੱਨਮ 'ਚ ਜਾਣ ਦੀ ਸਲਾਹ
ਜਿਹੜੇ 'ਨਿਊਯਾਰਕ ਟਾਈਮਜ਼' ਨਹੀਂ ਪੜ੍ਹ ਸਕਦੇ
ਚੰਗੀ ਸ਼ਰਾਬ ਨਹੀਂ ਪੀ ਸਕਦੇ
'ਵਾਲ ਸਟਰੀਟ' ਦੇ ਦੁੱਖਾਂ 'ਚ ਨਹੀਂ ਸੜਦੇ
ਜਿਹੜੇ ਲੋਕਾਂ ਦਾ ਖ਼ੂਨ ਨਹੀਂ ਵਹਾਉਂਦੇ
ਹਵਾ ਗੰਦੀ ਕਰਨ ਲਈ ਕੋਈ ਜ਼ੋਰ ਨਹੀਂ ਲਾਉਂਦੇ
ਜਿਹੜੇ ਉਸ ਇਨਕਲਾਬ ਦੀ ਵਿਰੋਧਤਾ ਨਹੀਂ ਕਰਦੇ
ਜਿਹੜਾ ਹਰ ਗੁੰਝਲ ਦਾ ਫੈਸਲਾ ਕਰੇਗਾ
ਚੰਗੇ ਸਿੱਟੇ ਕੱਢੇਗਾ
ਦੁਨੀਆਂ ਦੇ ਸ਼ੁਰੂ ਤੋਂ ਚਲੇ ਆਉਂਦੇ
ਹਰ ਭਰਮ ਦਾ ਸਫਾਇਆ ਕਰੇਗਾ
ਹਾਂ ਮੈਂ ਕਰੋੜਾਂ ਮੀਲ ਦੂਰ ਜਾਣਾ ਚਾਹੁੰਦਾ ਹਾਂ
ਪੈਸਿਆਂ, ਟਕਿਆਂ, ਦੁਆਨ੍ਹੀਆਂ ਤੋਂ
ਡਾਲਰਾਂ ਤੋਂ, ਚਿੱਟੇ ਕਾਲਰਾਂ ਤੋਂ
ਚਮਕੀਲੇ ਕਾਲਰਾਂ ਤੋਂ ਨੀਲੇ ਕਾਲਰਾਂ ਤੋਂ
ਕਰੋੜਪਤੀਆਂ ਤੋਂ, ਕਾਰਾਂ ਦੇ ਕਿਰਾਇਆਂ ਤੋਂ
'ਵੈਲਫੇਅਰ' ਤੋਂ, ਡੈੜੇ ਸੁਪਨਿਆਂ ਤੋਂ
ਸੱਭ ਮਨੋਰੋਗੀਆਂ ਤੋਂ, ਪਾਗਲਾਂ ਤੋਂ
ਨਿਰਾਸ਼ਤਾ ਦੇ ਬੌਂਦਲੇ ਹੋਏ ਮਾਹੌਲ ਤੋਂ
ਉਸ ਤਾਂ ਤੋਂ ਜਿਥੇ ਧੋਖੇਬਾਜ ਹਮੇਸ਼ਾਂ ਚੋਣਾਂ ਜਿੱਤਣ
ਜੇ ਮੈਨੂੰ ਦੂਰ ਜਾਣ ਦੀ ਖਾਹਿਸ਼ ਪੂਰੀ ਕਰਨ ਲਈ
ਕੋਈ ਪਾਪ ਵੀ ਕਰਨਾ ਪਵੇ
ਤਾਂ ਮੈਂ ਇਹ ਕਹਿ ਕੇ ਸ਼ੁਰੂ ਕਰਾਂਗਾ
ਸਵਰਗਾਂ 'ਚ ਵਸਣ ਵਾਲੇ ਸਾਡੇ ਮਾਲਕੋ
ਤੁਹਾਡੀ ਮਾਂ ਦੀ...

ਮੇਰੀ ਪਹਿਲੀ ਪਤਨੀ
ਬੜਾ ਥੋੜਾ ਚਿਰ ਜੀਉਂਦੀ ਰਹੀ
ਦੁਰਘਟਨਾ ਵਾਪਰੀ
ਸਾਡੇ ਨਾਵਾਂ ਨੂੰ ਨਿਖੇੜ ਗਈ
ਪਹਿਲੇ ਹੀ ਸਾਲ
ਜਦੋਂ ਅਸੀਂ ਆਪਣੀ ਜ਼ਿੰਦਗੀ ਸ਼ੁਰੂ ਕੀਤੀ
ਉਹ ਘੇਰ ਲਈ ਗਈ ਇਕ ਪਿੰਗਲੇ ਮੁੰਡੇ ਦੁਆਰਾ

ਜਿਹਨੇ ਉਹਦਾ ਸਵੈਮਾਣ ਤਬਾਹ ਕਰ ਦਿੱਤਾ
ਅਤੇ ਮਰਨ ਬਾਅਦ ਉਹਦਾ ਸਰੀਰ ਨਿਗਲ ਲਿਆ

ਮੇਰੀ ਦੂਜੀ ਪਤਨੀ
ਬੜਾ ਥੋੜਾ ਚਿਰ ਜੀਉਂਦੀ ਰਹੀ
ਦੁਰਘਟਨਾ ਵਾਪਰੀ ਸਾਡੇ ਨਾਵਾਂ ਨੂੰ ਨਿਖੇੜ ਗਈ
ਉਹਦਾ ਤਾਂ ਅਜੇ ਕੁਆਰਪਨ ਵੀ ਕਾਇਮ ਸੀ
ਸ਼ਾਮ ਨੂੰ ਸਾਡਾ ਵਿਆਹ ਹੋਇਆ
ਅਸੀਂ ਹਨੀਮੂਨ ਮਨਾਉਣ ਜਾ ਰਹੇ ਸੀ
ਕਿਸੇ ਨੇ ਉਸ ਉਤੇ ਪੈਰ ਰੱਖ ਦਿੱਤਾ

ਮੇਰੀ ਤੀਜੀ ਪਤਨੀ
ਰਸੋਈ ਦੇ 'ਸਿੰਕ' ਰਾਹੀਂ ਘਰ ਨੂੰ ਆ ਰਹੀ ਸੀ
ਇਕ ਪਾਗਲ ਖਬਤੀ ਨੇ ਉਹਨੂੰ ਦੇਖ ਲਿਆ
ਤੇ ਉਹਨੇ ਤੱਤੇ ਪਾਣੀ ਵਾਲੀ ਟੂੱਟੀ ਖੋਹਲ ਦਿਤੀ

ਮੇਰੀ ਚੋਥੀ ਪਤਨੀ
ਬੜੀ ਲੜਾਕੀ ਤੇ ਬਹਾਦਰ ਸੀ
ਕੋਲ ਚਾਕੂ ਰੱਖਦੀ ਸੀ
ਜਿਹੜਾ ਵੀ ਉਹਨੂੰ ਡਰਾਉਂਦਾ ਧਮਕਾਉਂਦਾ
ਉਹਦੇ ਚਾਕੂ ਮਾਰਨ ਲਈ ਤਿਆਰ ਰਹਿੰਦੀ
ਸਾਡੀ ਸੁਹਾਗ-ਰਾਤੇ ਉਹਨੇ ਮੈਨੂੰ ਕਿਹਾ
ਮੈਂ ਜਾਣਦੀਆਂ
ਇਕ ਦਿਨ ਮੈਨੂੰ ਵੀ ਜਾਣਾ ਹੀ ਪੈਣਾ
ਪਰ ਲੜਨ ਤੋਂ ਬਿਨਾਂ ਨਹੀਂ ਜਾਂਦੀ ਮੈਂ
ਇਸ ਤੋਂ ਪਹਿਲਾਂ ਕਿ ਉਹ ਮੈਨੂੰ ਮਾਰਨ
ਉਹਨਾਂ ਚੋਂ ਦੋਹ ਚੌਂਹ ਨੂੰ ਤਾਂ ਜਰੂਰ
ਸਿਵਿਆਂ 'ਚ ਜਾਣ ਜੋਗੇ ਕਰਕੇ ਵਿਸ਼ਾ ਦੇਊਂ
ਦੂਜੇ ਦਿਨ ਹੀ
ਇਕ ਭੀੜ ਭਰੇ 'ਐਲੀਵੇਟਰ' ਵਿਚ
ਉਹ ਮਾਰੀ ਗਈ
ਮੈਂ ਉਹਨੂੰ ਤਾੜਿਆ ਸੀ
ਨਵੀਆਂ ਕਾਢਾਂ ਤੋਂ ਸਾਵਧਾਨ ਰਹਿਣਾ ਚੰਗਾ ਹੈ
ਪਰ ਉਹਨੇ ਕੋਈ ਪਰਵਾਹ ਹੀ ਨਹੀਂ ਕੀਤੀ
ਜੇ ਉਹਨੇ ਪੌੜੀਆਂ ਵਰਤੀਆਂ ਹੁੰਦੀਆਂ
ਉਹਨੇ ਹੁਣ ਵੀ ਜੀਉਂਦੀ ਜਾਗਦੀ
ਮੇਰੇ ਕੋਲ ਹੋਣਾ ਸੀ

ਮੇਰੇ ਪਹਿਲੇ ਪਤੀ ਦੀ ਪਵਿਤਰ ਜ਼ਿੰਦਗਾਨੀ
ਇਕ ਡੀ.ਡੀ.ਟੀ. ਦੇ ਹਮਲੇ ਵਿਚ ਜਾਂਦੀ ਲੱਗੀ
ਉਹਦੇ ਜਾਣ ਪਿਛੋਂ
ਮੈਂ ਪੂਰਾ ਸਾਲ ਭਰ ਰੋਈ

ਉਹਦੀ ਕਿਸਮਤ ਦੇ ਦਿਨ ਪੂਰੇ ਹੋਣ ਤੋਂ
ਇਕ ਦਿਨ ਪਹਿਲਾਂ
ਕਿਸ਼ਤ ਨਾ ਪਹੁੰਚਣ ਕਰਕੇ
ਉਹਦਾ ਬੀਮਾ ਖਤਮ ਹੋ ਗਿਆ
ਉਹਦੇ ਮਰਨ ਤੋਂ ਹਫਤਾ ਪਹਿਲਾਂ
ਕਿਸ਼ਤ ਮੇਲ ਕੀਤੀ ਸੀ ਪਰ ਟਿਕਾਣੇ ਨਹੀਂ ਪਹੁੰਚੀ
ਕਿਸੇ ਨੇ ਡਾਕੀਏ ਨੂੰ ਪੈਰ ਰੱਖ ਕੇ ਮਿੱਧ ਦਿੱਤਾ
ਮੇਰਾ ਦੂਜਾ ਪਤੀ
ਗੱਲ ਘੁੱਟ ਕੇ ਮਾਰ ਦਿੱਤਾ ਸੀ
'ਫਾਇਰ-ਇੰਜਨ' ਦੀਆਂ ਸਾਗਾਂ ਲਾਉਣ ਵਾਲੇ
ਇਕ ਸਿਰ-ਸੜੇ ਪਾਗਲ ਨੇ
ਜ਼ਿੰਦਗੀ ਦਾ ਮਜਾ ਉਹ
ਕਾਕਰੋਚਾਂ ਨੂੰ ਅਗਵਾ ਕਰਕੇ ਲੈਂਦਾ
ਉਹਨਾਂ ਨਾਲ ਜਬਰ-ਜਿਨਾਹ ਕਰਦਾ
ਕੋਕਾ-ਕੋਲਾ ਦੀਆਂ ਖਾਲੀ ਬੋਤਲਾਂ 'ਚ ਸੁੱਟ
ਉਪਰੋਂ ਢੱਕਣ ਬੰਦ ਕਰ
ਉਨਾਂ ਚਿਰ ਹਵਾ ਤੋਂ ਬਿਨਾਂ ਰੱਖਦਾ
ਜਦ ਤੱਕ ਉਹ ਪਰਾਣ ਨਾ ਛੱਡ ਦਿੰਦੇ
ਉਫ ਧਰਤੀ ਨੇ ਕਿਉਂ ਗਰਭਪਾਤ ਨਾ ਕਰਾ ਦਿੱਤਾ
ਜਦੋਂ ਇਹ ਸਾਰੇ ਖਤਰਨਾਕ
'ਟੀ.ਵੀ.ਡਿਨਰ' ਖਾਣੇ ਧੀਆਂ ਪੁੱਤ ਜੰਮੇ ਸਨ

'ਰੀਪਬਲਿਕਨ ਪਾਰਟੀ'
'ਡੈਮੋਕਰੈਟਿਕ ਪਾਰਟੀ'
'ਕੋਨ ਐਡੀਸਨ' 'ਜਨਰਲ ਇਲੈਕਟਰਿਕ'
'ਜਲਿੱਟ ਰੇਜਰ ਬਲੇਡ' 'ਪਲੇਟੈਕਸ'
'ਜਨਰਲ ਮੋਟਰਜ' ਤੇ ਬਾਕੀ ਸਾਰੇ
ਖਤਰਨਾਕ ਬਦਬੋਆਂ ਵਾਲੇ
ਖਬਰਾਂ ਜਿਹਨਾਂ ਦੀ ਰੋਜ ਪਿੱਠ ਠੋਕਦੀਆਂ ਹਨ
ਇਹਨਾਂ ਨੂੰ ਚਾਹੀਦਾ ਹੈ
ਸੰਤਾਨ-ਸੰਜਮ ਗੋਲੀਆਂ ਦਾ ਰੁੱਗ ਖਾ ਲੈਣ
ਜਿਹੜੀਆਂ ਇਹਨਾਂ ਦੇ ਪਰਖ-ਨਾਲੀ ਦਿਮਾਗਾਂ ਨੇ
ਆਪਣੇ ਵਿਹਲੇ ਸਮੇਂ ਇਜਾਦ ਕੀਤੀਆਂ ਹਨ
ਤੇ ਜਿਹਨੂੰ ਇਹ ਸਭਿਅਤਾ ਕਹਿੰਦੇ ਹਨ
ਉਸ ਖਤਰਨਾਕ ਬੀਮਾਰੀ ਤੋਂ
ਕੌਮ ਨੂੰ ਤਬਾਹ ਹੋਣ ਤੋਂ ਰੋਕਣ

ਮੇਰਾ ਤੀਜਾ ਪਤੀ
ਬੜੀ ਘਿਨਾਉਣੀ ਜ਼ਿੰਦਗੀ ਜੀਉਂਦਾ ਸੀ
ਉਹਨੂੰ ਫੇਫੜਿਆਂ ਦੀ ਕੈਂਸਰ ਸੀ
ਦਸ ਲਕੜੀ ਦੀਆਂ ਲੱਤਾਂ ਸਨ
ਇਕ ਸ਼ੀਸ਼ੇ ਦੀ ਅੱਖ

ਚੰਗੀ ਅੱਖ ਚੋਂ ਵੀ
ਅੱਧ-ਪਚੱਧਾ ਹੀ ਦਿਸਦਾ ਸੀ
ਉਹਦਾ ਦਿਲ ਬਹੁਤ ਕਮਜ਼ੋਰ ਸੀ
ਟੁੱਟੀ ਹੋਈ ਢੂਹੀ, ਸਾਹ ਦੀ ਕਸਰ
ਖੁਰਾਕ ਦੀ ਕਮੀ, ਜਿਹਨੀ ਨਿਰਾਸ਼ਤਾ
ਕੰਨਾਂ ਦੇ ਨਿਕੰਮੇ ਪੜਦੇ, ਕੰਡਮ ਨੈਣ-ਨਕਸ਼
ਭਾਰ ਘਟਾਉਣ ਵਾਲੀਆਂ ਗੋਲੀਆਂ ਦੀ
ਮੂੰਹ ਚੋਂ ਸਦਾ ਹਵਾੜ ਆਉਂਦੀ
ਜਿਹੜੀਆਂ ਉਹਨੇ 'ਡਰੱਗਸਟੋਰ' ਚੋਂ
ਚੋਰੀ ਕੀਤੀਆਂ ਹੁੰਦੀਆਂ
ਮੈਂ ਉਹਨੂੰ ਤਲਾਕ ਦੇ ਦਿੱਤਾ
ਇਸ ਕਰਕੇ ਨਹੀਂ ਕਿ
ਉਹਦੀ ਸਿਹਤ ਮੇਰੀ ਸਿਹਤ ਲਈ ਖਤਰਾ ਸੀ
ਮੈਂ ਤਲਾਕ ਦਿਤਾ
ਕਿਉਂਕਿ ਉਹ ਚਾਹੁੰਦਾ ਸੀ
ਮੈਂ ਆਪਣਾ ਸਰੀਰ ਸਾਇੰਸ ਨੂੰ ਵੇਚ ਦੇਵਾਂ
ਪੈਸੇ ਉਹਨੂੰ ਦੇ ਦੇਵਾਂ 'ਪਲਾਸਟਿਕ ਸਰਜਰੀ' ਲਈ
ਆਪਣਾ ਅਖੀਰਲਾ ਨਾਖੁਸ਼ ਜਨਮਦਿਨ ਮਨਾਉਣ ਤੋਂ
ਇਕ ਹਫਤਾ ਪਹਿਲਾਂ ਉਹਦੀ ਕਿਸਮਤ ਚਮਕੀ
ਸੱਟੇ 'ਚ ਇਕ ਹਜਾਰ ਡਾਲਰ ਨਿਕਲਿਆ
ਹਸਪਤਾਲ ਗਿਆ
ਨਕਦ ਪੈਸੇ ਦੇ ਕੇ
'ਟਰਾਂਸਪਲਾਂਟ' ਕਰਾਏ
ਇਕ ਦਿਲ, ਇਕ ਅੱਖ
ਇਕ ਚੇਹਰਾ, ਕੁੱਝ ਲੱਤਾਂ
ਇਕ ਫੇਫੜਾ, ਇਕ ਚਿਤੜ
ਤੇ ਉਹ ਪੂਰਾ ਤਿਆਰ ਬਰ ਤਿਆਰ ਸੀ
ਸੌ ਸਾਲ ਜੀਣ ਲਈ
ਤੇ ਦੂਜਿਆਂ ਨੂੰ ਜੀਣ ਦੇਣ ਲਈ
ਪਰ ਹਸਪਤਾਲੋਂ ਘਰ ਨੂੰ ਆਉਂਦਿਆਂ
ਕਿਸੇ ਨੇ ਉਹਨੂੰ ਮਿੱਧ ਦਿਤਾ
ਉਹਦੇ ਸਾਹਾਂ ਵਾਲੇ ਪੇਸ਼ੇ ਦਾ ਅੰਤ ਹੋ ਗਿਆ

ਤੁਸੀਂ ਜਰਾ ਸੋਚੋ
ਆਪਣੀ ਹੀ ਕਿਸਮਤ ਦਾ
ਸਤਭੰਗ ਕਰਨ ਦੀ ਖਾਹਿਸ਼ ਲਈ
ਤੁਸੀਂ ਸੱਚ-ਮੁੱਚ ਮੈਨੂੰ ਇਲਜ਼ਾਮ ਨਹੀਂ ਦੇ ਸਕਦੇ
ਮੇਰੇ ਕੋਲ ਜੀਣ ਲਈ ਹੁਣ ਬਚਿਆ ਹੀ ਕੀ ਹੈ
ਇਸ ਭ੍ਰਿਸ਼ਟੀ ਹੋਈ ਦੁਨੀਆਂ 'ਚ
ਰੋਜ਼ਗਾਰ ਦੀ ਹਾਲਤ ਮਾੜੀ
ਭੁੱਖਮਰੀ ਦੀ ਹਾਲਤ ਉਸਤੋਂ ਵੀ ਮਾੜੀ
ਬੜਾ ਦੁੱਖ ਹੁੰਦਾ ਹੈ ਇਸ ਤਰਾਂ ਜੀਉਣ ਨਾਲ

ਕਾਕਰੋਚ ਭੁੱਖ ਨਾਲ ਮਰ ਰਹੇ ਹਨ
ਖਾਸ ਕਰ ਜਦੋਂ ਤੋਂ ਘੱਟ ਗਿਣਤੀ ਲੋਕਾਂ ਕੋਲ ਵੀ
ਕੂੜਾ ਭਸਮ ਕਰਨ ਵਾਲੀਆਂ ਮਸ਼ੀਨਾਂ ਆਈਆਂ ਹਨ
ਪੁਰਾਣਿਆਂ ਘਰਾਂ 'ਚ ਲੋਕਾਂ ਨੂੰ
ਆਪਣੀਆਂ ਚੀਜ਼ਾਂ ਨਾਲ ਬੜਾ ਲਗਾਵ ਹੁੰਦਾ ਸੀ
ਖਾਣਾ ਕਦੀ ਬਾਹਰ ਨਹੀਂ ਸੀ ਸੁੱਟਦੇ
ਪਰ ਅੱਜਕੱਲ ਤਾਂ ਸੱਭ ਕੁਝ
ਭਸਮ ਕਰਨ ਵਾਲੀਆਂ
ਮਸ਼ੀਨਾਂ ਦੇ ਢਿੱਡ 'ਚ ਹੀ ਜਾਂਦਾ ਹੈ
ਜਿਹੜਾ ਟੱਬਰ ਇਥੇ ਪਹਿਲਾਂ ਰਹਿੰਦਾ ਸੀ
ਦੂਜੀ ਛੱਤ 'ਤੇ ਜਾਣ ਲੱਗੇ
ਭਸਮ ਕਰਨ ਵਾਲੀ ਮਸ਼ੀਨ ਵੀ ਲੈ ਗਏ
ਥੋੜੀ ਤਨਖਾਹ ਵਾਲਿਆਂ ਲਈ ਬਣੇ
ਇਹਨਾਂ ਘਰਾਂ ਦਾ ਸਤਿਆਨਾਸ ਹੋਵੇ
ਵਰ੍ਹੇ ਪਹਿਲਾਂ ਖ਼ੁਦਕਸ਼ੀ
ਕਿਸੇ ਦੀ ਜੀਭ ਤੇ ਨਹੀਂ ਸੀ ਆਉਂਦੀ
ਪਰ ਹੁਣ ਇਹ ਆਜ਼ਾਦੀ ਦਾ ਚਿੰਨ ਹੈ
ਇਕ ਟੁੱਟੇ-ਦਿਲ ਵਾਲੇ ਕਾਕਰੋਚ ਲਈ
ਜਿਹੜਾ ਇਹਨਾਂ ਘਰਾਂ 'ਚ
ਜੀਣ ਦੀ ਕੋਸ਼ਿਸ਼ ਕਰ ਰਿਹਾ ਹੈ

ਅਲਵਿਦਾ ਨਿਰਮੋਹੀ ਦੁਨੀਆਂ
ਅੱਕ ਗਿਆਂ
ਤੁਹਾਡੇ ਸ਼ਬਦ-ਜਾਲ ਤੋਂ ਧੋਖੇ ਖਾ ਖਾ ਕੇ
ਜਦੋਂ ਬੰਬ ਡਿਗਿਆ
ਆਪਾਂ ਤਾਂ ਨਹੀਂ ਇਥੇ ਹੋਣਾ
ਮੇਰੀਆਂ ਚਿੱਠੀਆਂ
ਆਪਣੀ ਜ਼ਮੀਰ ਦੇ ਸਿਰਨਾਵੇਂ ਤੇ ਭੇਜ ਦਿਓ
ਜਦੋਂ ਕਦੇ ਤੁਹਾਡੀ ਜ਼ਮੀਰ ਜਾਗੇ

**ਅਨੁਵਾਦ - ਸਾਧੂ**

□■□■□■□■■□■□■□■□■□■□■□■

## ਗ਼ਜ਼ਲ

## ਨਦੀਮ ਪਰਮਾਰ

ਸੋਚਦਾ ਹਾਂ ਕਿ ਜ਼ਿੰਦਗੀ ਕੀ ਆ?
ਮੌਤ ਕੀ ਆ? ਤੇ ਆਦਮੀਂ ਕੀ ਆ?

ਆਦਿ ਸੁਣਿਆਂ ਕਿ ਕਾਲਾ ਨ੍ਹੇਰਾ ਸੀ
ਆਈ ਕਿਥੋਂ ਇਹ ਰੋਸ਼ਨੀ ਕੀ ਆ?

ਐ ਖ਼ੁਦਾ ਤੇਰੇ ਇਸ ਜੱਗ ਅੰਦਰ
ਮੁਸਤਕਿਲ ਕੀ 'ਤੇ ਆਰਜ਼ੀ ਕੀ ਆ?

ਮੇਰੀ ਨਜ਼ਰ 'ਚ ਇਹ ਅਬਾਦੱਤ ਹੈ
ਤੇਰੀ ਨਜ਼ਰ 'ਚ ਆਸ਼ਕੀ ਕੀ ਆ?

ਦੇਖ ਭੁੱਖੇ ਸੁਲਾਉਂਦੀ ਮਾਂ ਬੱਚੇ
ਤਾਂ ਵੀ ਪੁਛੇਂ ਕਿ ਮੁਫ਼ਲਸੀ ਕੀ ਆ?

ਕੱਟ ਥੋੜ੍ਹੇ ਕੁ ਦਿਨ ਜੁਦਾਈ ਦੇ
ਪਤਾ ਲੱਗੂ ਕਿ ਬੇਬਸੀ ਕੀ ਆ

ਵਾਰ ਆਪਾ, ਕਦੀ ਨੀਂ ਪੁੱਛੀ ਦਾ
ਯਾਰੀ ਕੀ ਆ, ਤੇ ਦੋਸਤੀ ਕੀ ਆ

ਯਾਦ ਆਉਂਦੇ ਨੇ 'ਮੀਰ' ਤੇ 'ਗਾਲਿਬ'
ਬਿਨ ਤਸਵੱਫ਼ ਦੇ ਸ਼ਾਇਰੀ ਕੀ ਆ?

ਇਹ ਤਰੀਕਾ ਹੈ ਕੋਈ ਬੋਲਣ ਦਾ?
ਕਰਨਾ 'ਤੂੰ' ਤਾਂ ਤੇ ਕੀ' 'ਕੀ ਆ'? *

ਮੈਨੂੰ ਆਉਂਦੀ ਨਹੀਂ ਨਮਾਜ਼ 'ਨਦੀਮ'
ਮੈਂ ਕੀ ਜਾਣਾ ਕਿ ਬੰਦਗੀ ਕੀ ਆ?

*ਇਹ 'ਗਾਲਿਬ' ਦੇ ਸ਼ਿਅਰ ਦਾ ਤਰਜੁਮਾਂ ਹੈ।

□■□■□■□■■□■□■


**Commercial & Household Refrigeration**

# U-Day Appliance Repairs



***Fridge**
***Stove**
***Washers and**
***Dryers etc.**
All major appliances
&Commercial
Refrigeration

***Dependable Service**
***Reasonable Rates**

**Ask for**
**Uday Korotana**

ਤਸੱਲੀਬਖਸ਼ ਮੁਰੰਮਤ ਲਈ ਹਮੇਸ਼ਾਂ ਯਾਦ ਰੱਖੋ

**Ph: 435-5428**

# MINT AUTO BODY

AT NEW MORE CONVIENENT LOCATION

- Complete professional auto-body repairs and refinishing on all makes and models.
- Complete frame work. ○ Free estimates.
- All work conditionally guaranteed.
- I.C.B.C. claims handled promptly.
- Uni-body repairs ● Courtesy cars.

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ
ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼
ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ।

# ਭੁਪਿੰਦਰ(ਬੌਬ)ਸਹੋਤਾ

ਫੋਨ: **433-1207**

6957 Waltham Ave. Burnaby, V5J 4V4

ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ-ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ

ਕਮਲਜੀਤ ਜੌਹਲ ਨੂੰ ਮਿਲੋ ਜਾਂ ਫੋਨ ਕਰੋ।

*BUY!... FINANCE!!!... LEASE!!! — IT'S YOUR CHOICE...*

# Kamaljit (Kam) Johal

**Pager: 735-1035** **Res. 581-0729**



ਕਮਲਜੀਤ ਜੌਹਲ

**ED KLASSEN** GM

Pontiac-Buick-GMC Ltd.

## 6280 SCOTT RD. SURREY, B.C. • *CALL 594-2277*

---

# FRONTIER CLOTH HOUSE

6695 MAIN ST.VANCOUVER,B.C.V5X 3H3

## ਵੈਨਕੂਵਰ ਦੀ ਮੇਨ ਸਟਰੀਟ ਉਤੇ ਸੂਟਾਂ ਸਾੜ੍ਹੀਆਂ ਦਾ ਸਭ ਤੋਂ ਵੱਡਾ ਸਟੋਰ

ਦਾਜ ਅਤੇ ਵਰੀ ਵਾਸਤੇ ਵੰਨ ਸੁਵੰਨੇ ਸੂਟ ਤੇ ਸਾੜ੍ਹੀਆਂ ਲੈਣ ਲਈ ਅੱਜ ਹੀ ਮੇਨ ਸਟਰੀਟ ਤੇ ਫਰੰਟੀਅਰ ਕਲਾਥ ਹਾਊਸ ਤੇ ਦਰਸ਼ਨ ਦਿਓ।
ਆਪਣੇ ਘਰ ਨੂੰ ਵਧੀਆ ਤੋਂ ਵਧੀਆ ਪਰਦਿਆਂ ਨਾਲ ਸਜਾਉਣ ਲਈ ਫਰੀ ਐਸਟੀਮੇਟ ਲੈਣ ਲਈ ਫੂਨ ਕਰੋ

ਕੀ ਤੁਸੀਂ ਅਮਰੀਕਾ ਵਿਚ ਕਪੜੇ ਦਾ ਸਟੋਰ ਖੋਲ੍ਹਣ ਦੀ ਵਿਚਾਰ ਕਰਦੇ ਹੋ ਤਾਂ ਸਾਨੂੰ ਵੈਨਕੂਵਰ 'ਵਿਚ ਫੂਨ ਕਰੋ' ਜਾਂ ਮਿਲੋ ਕਿਉਂ ਕਿ ਸਾਡਾ ਵੇਅਰ ਹਾਊਸ ਅਮਰੀਕਾ ਵਿਚ ਵੀ ਹੈ ।

:SUSHIL BATRA (604)325-4425 or 325-3515

## ਫਰੰਟੀਅਰ ਕਲਾਥ ਹਾਊਸ ਲਿਮ:

ਫਰੰਟੀਅਰ ਕਲਾਥ ਹਾਊਸ ਜੋ ਕਿ ਲੇਟੇਸਟ ਡਿਜਾਇਨ ਦੇ ਕੱਪੜੇ ਲਿਆਉਣ ਵਿੱਚ ਫਰੰਟ ਤੇ ਹੈ।

---

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ

# DOSANJH & COMPANY

## ਉੱਜਲ ਦੁਸਾਂਝ ਅਤੇ ਟੌਮ ਵੂਲੀ

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
* ਡਾਇਵੋਰਸ ਤੇ ਫੈਮਲੀ ਦੇ ਕੇਸ
* ਇਮੀਗਰੇਸ਼ਨ ਦੀਆਂ ਅਪੀਲਾਂ
* ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾਂ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ
ਅਪਾਇੰਟਮੈਂਟ ਲਈ ਫੋਨ ਕਰੋ।

## ਫੋਨ: 327-6381

---

# LOWEST FARES TO:

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ,ਢਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for business or pleasure



**Authorized Agents for: Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL

6364 FRASER STREET, VANCOUVER, B.C.
TEL.: 324-2277

OFFICES ALSO IN VICTORIA AND NORTH VANCOUVER

# ਵਿਛੋੜੇ ਦਾ ਸਾਕਾ

। । ।

ਅਮਰਜੀਤ ਚੰਦਨ

---

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ

-ਆਸਾ ਮਹਲਾ ੧

ਹੱਥੀਂ ਵਾਹੀਆਂ ਦੋ ਤਸਵੀਰਾਂ ਦਿਨੇ-ਰਾਤ.ਮੇਰਾ ਪਿੱਛਾ ਕਰਦੀਆਂ ਹਨ। ਇਨ੍ਹਾਂ ਨੂੰ ਮੈਂ ਜਦ ਵੀ ਦੇਖਾਂ, ਤਾਂ ਮੈਨੂੰ ਕੁਛ ਹੋ ਜਾਂਦਾ ਹੈ। ਇਕ ਤਾਂ ਹੈ ਪ੍ਰਾਣਨਾਥ ਮਾਗੋ ਦੀ ਬਣਾਈ 'ਫ਼ੇਅਰਵੈੱਲ' (ਅਲਵਿਦਾ), ਜੋ ਪਟਿਆਲੇ ਪੰਜਾਬੀ ਯੂਨੀਵਰਸਟੀ 'ਚ ਪਈ ਹੈ ਅਤੇ ਦੂਜੀ ਹੈ, ਅਮ੍ਰਿਤਾ ਸ਼ੇਰਗਿਲ ਦੇ ਭਾਣਜੇ ਵਿਵਾਨ ਸੁੰਦਰਮ ਦੀ ਬਣਾਈ 'ਦ 'ਸ਼ੇਰਗਿਲ ਫ਼ੈਮਲੀ'। ਇਨ੍ਹਾਂ



"FAREWELL" - 1945 -OIL ON CANVAS BY PRAN NATH MAGO

ਤਸਵੀਰਾਂ ਦਾ ਇਸ ਸਦੀ ਦੇ ਸਾਡੇ ਪੰਜਾਬ ਨਾਲ ਵੀ ਨੇੜੇ ਦਾ ਰਿਸ਼ਤਾ ਹੈ। ਮੈਂ ਫ਼ੇਅਰਵੈੱਲ ਤਸਵੀਰ ਬਾਰੇ ਗੱਲ ਕਰਦਾ ਹਾਂ।

ਇਹ ਤਸਵੀਰ ਗੁੱਜਰਖ਼ਾਨ ਰੇਲਵੇ ਸਟੇਸ਼ਨ ਦੀ ਹੈ। ਦੂਜੀ ਵੱਡੀ ਜੰਗ ਦਾ ਵੇਲਾ ਹੈ ਤੇ ਫ਼ੌਜੀ ਲਾਮ 'ਤੇ ਚੱਲੇ ਹਨ। ਇਹ ਤਸਵੀਰ ਪੰਜਾਬੀ ਮਨ 'ਤੇ ਡੂੰਘਾ ਪਿਆ ਹੋਇਆ ਚਿੱਥ ਹੈ, ਜਿਸ ਨਾਲ ਸਾਡੇ ਲੋਕਗੀਤ ਭਰੇ ਪਏ ਹਨ। ਇਹ ਤਸਵੀਰ ਮੈਂ ਜਦ ਪਹਿਲਾਂ-ਪਹਿਲ ਪਟਿਆਲੇ 1968 'ਚ ਦੇਖੀ ਸੀ, ਤਾਂ ਮੇਰੀਆਂ ਅੱਖਾਂ ਭਰ ਆਈਆਂ ਸਨ। ਏਨੇ ਸਾਲਾਂ ਮਗਰੋਂ ਮੈਂ ਇਹਦੀ ਗੱਲ ਕਰਕੇ ਦਿਲ ਦਾ ਭਾਰ ਹੋਲਾ ਕਰਨ ਲੱਗਾ ਹਾਂ।

ਜਿਹਲਮ ਤੇ ਰਾਵਲਪਿੰਡੀ ਦੇ ਵਿਚਾਲੇ ਵਸੇ ਕਸਬੇ ਗੁੱਜਰਖ਼ਾਨ ਦੇ ਜੰਮਪਲ ਪ੍ਰਾਣਨਾਥ ਮਾਗੋ (ਜਨਮ 1922) ਨੇ ਇਹਨੂੰ 1945 ਵਿਚ ਬਣਾਇਆ ਸੀ, ਜਦ ਉਹ ਬੰਬਈ ਦੇ ਸਰ ਜੇ.ਜੇ. ਆਰਟ ਸਕੂਲ 'ਚ ਪੜ੍ਹਦੇ ਹੁੰਦੇ ਸਨ। ਇਹ ਪੁਰਾਣੀ ਹਿੰਦੁਸਤਾਨੀ ਮਿਨੀਏਚਰ ਸ਼ੈਲੀ ਦੀ ਤਸਵੀਰ ਹੈ, ਮੋਟੀਆਂ ਛੁਹਾਂ ਵਾਲੇ ਤੇਲ-ਰੰਗਾਂ 'ਚ ਕਈ ਗੁਣਾ ਵੱਡੀ ਕੀਤੀ ਹੋਈ 3 ਫ਼ੁੱਟ 4 ਫ਼ੁੱਟ। ਪਹਿਲੀਆਂ ਵਿਚ ਇਸ ਅੰਦਾਜ਼ 'ਚ ਮਿਥਹਾਸ, ਕੁਦਰਤ ਤੇ ਕਾਮ ਚਿਤ੍ਰਿਆ ਹੁੰਦਾ ਸੀ। ਪ੍ਰਾਣਨਾਥ ਨੇ ਇਸ ਤਸਵੀਰ 'ਚ ਰਵਾਇਤ ਨੂੰ ਤੋੜ ਕੇ ਸਮਾਜੀ ਤਵਾਰੀਖ਼ ਨੂੰ ਪਹਿਲੀ ਵਾਰ ਪੇਸ਼ ਕੀਤਾ।

ਫ਼ਰਾਂਸੀਸੀ ਫ਼ਲਸਫ਼ੀ ਰੋਲਾਂ ਬਾਰਤ ਆਖਦਾ ਹੈ ਕਿ ਤਸਵੀਰ ਦਾ ਸਿਰਲੇਖ ਜਾਂ ਤਰਸ ਪੈਦਾ ਕਰਨ ਲਈ ਦਿੱਤਾ ਜਾਂਦਾ ਹੈ ਜਾਂ ਉਚਿਆਣ ਲਈ ਮਨਤਕ ਪੈਦਾ ਕਰਨ ਲਈ। ਇਹ ਤਸਵੀਰ ਏਨੀ ਮੂੰਹੋਂ ਬੋਲਦੀ ਹੈ ਕਿ ਇਹਦਾ ਸਿਰਲੇਖ ਨਾ ਵੀ ਹੁੰਦਾ, ਤਾਂ ਕੋਈ ਫ਼ਰਕ ਨਹੀਂ ਸੀ ਪੈਣਾ। ਪਰ ਸ਼ਾਇਦ ਤਰਸ ਘੱਟ ਪੈਦਾ ਹੋਣਾ ਸੀ।

ਜਦ ਮੈਂ ਇਹ ਤਸਵੀਰ ਪਹਿਲੀ ਵਾਰ ਦੇਖੀ ਸੀ, ਤਾਂ ਦੋ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾ ਰਿਹਾ ਮੁੰਡਾ ਲੱਗਾ ਸੀ, ਜਿਵੇਂ ਮੈਂ ਆਪ ਹੋਵਾਂ। ਪ੍ਰਾਣਨਾਥ ਦਸਦੇ ਹਨ ਕਿ ਉਨ੍ਹਾਂ ਨੂੰ ਵੀ ਇਹ ਮੁੰਡਾ ਆਪਣਾ-ਆਪ ਹੀ ਲਗਦਾ ਹੈ। ਤੀਜੇ ਤੇ ਚੌਥੇ ਦਹਾਕੇ 'ਚ ਗੁੱਜਰਖ਼ਾਨ ਸਟੇਸ਼ਨ 'ਤੇ ਐਸੇ ਸਾਕੇ ਆਮ ਵਾਪਰਦੇ ਸਨ। ਸ਼ਾਇਦ ਹਰ ਦਰਸ਼ਕ ਨੂੰ ਇਸ ਮੁੰਡੇ ਨਾਲ ਇਹ ਸਾਂਝ ਮਹਿਸੂਸ ਹੁੰਦੀ ਹੋਵੇ। ਮਰਦ ਦੇ ਨੁਕਤਾ ਨਜ਼ਰ ਤੋਂ ਇਹ ਮੁੰਡਾ ਕੇਂਦਰੀ-ਬਿੰਦੂ ਹੈ। ਤੇ ਔਰਤ ਦਰਸ਼ਕ ਨੂੰ ਫ਼ੌਜੀ ਦੀ ਭੈਣ ਨਾਲ ਸਾਂਝ ਮਹਿਸੂਸ ਹੁੰਦੀ ਹੋਣੀ ਹੈ। ਇਸ ਮੁੰਡੇ ਨੇ ਪਿੱਛੇ ਇਕਲਿਆਂ ਰਹਿ ਜਾਣਾ ਹੈ, ਫ਼ੌਜੀ ਨੇ ਵਿਛੋੜਾ ਦੇ ਕੇ ਚਲੇ ਜਾਣਾ ਹੈ। ਕੌਣ ਜਾਣਦਾ ਹੈ ਕਿ ਬੱਚੇ ਵੱਡਿਆਂ ਨਾਲੋਂ ਵੀ ਵਧ ਦੁੱਖ ਝਲਦੇ ਹਨ। ਉਹ ਵਿਛੋੜੇ ਦਾ ਦੁੱਖ ਕਦੇ ਨਹੀਂ ਭੁਲਦੇ। ਉਹ ਬੇਜ਼ਬਾਨ ਹੁੰਦੇ ਹਨ। ਆਪਣੇ ਘਰਾਂ 'ਚ ਬੱਚੇ ਨੂੰ ਜਿਹੜੀ ਸਭ ਤੋਂ ਪਹਿਲੀ ਸਮਾਜੀ ਸਿਖਲਾਈ ਦਿੱਤੀ ਜਾਂਦੀ ਹੈ, ਉਸ 'ਚ ਇਹ ਗੱਲ ਵੀ ਹੁੰਦੀ ਹੈ ਕਿ ਆਏ-ਗਏ ਨੂੰ ਸਤਿ ਸ੍ਰੀ ਅਕਾਲ ਬੁਲਾਈਦੀ ਹੈ, ਐਸ ਤਰ੍ਹਾਂ, ਦੋ ਹੱਥ ਜੋੜ ਕੇ। ਪਰ ਸਾਸ੍ਰੀਕਾਲ ਬੁਲਾਉਣੀ ਬੱਚੇ ਲਈ ਸੌਖੀ ਗੱਲ ਨਹੀਂ ਹੁੰਦੀ। ਪਰ ਜੇ ਜਾਣ ਵਾਲਾ ਉਹਦਾ ਬਹੁਤ ਸਕਾ ਹੋਵੇ, ਤਾਂ ਉਹਦੇ ਦਿਲ ਦਾ ਤੇ ਝੂਠੇ ਪੈਂਦੇ ਅੰਗਾਂ ਦਾ ਹਾਲ ਪੁੱਛਿਆਂ ਵੀ ਨਾ ਜਾਣੀਏ। ਮੇਰੇ ਪਿਤਾ ਜਦ ਮੈਨੂੰ ਛੱਡ ਕੇ ਜਾਂਦੇ ਸਨ, ਤਾਂ ਮੇਰੀ ਸਾਸ੍ਰੀਕਾਲ ਦਾ ਮਤਲਬ ਹੁੰਦਾ ਸੀ - ਜਾਓ, ਮੈਂ ਤੁਹਾਡੇ ਨਾਲ ਨਹੀਂ ਬੋਲਣਾ, ਤੁਸੀਂ ਮੈਨੂੰ ਛੱਡ ਕਿਉਂ ਚਲੇ ਹੋ? ਮੇਰਾ ਹੋਰ ਕੌਣ ਹੈ? ਤੇ ਜਦ ਉਹ ਪਰਦੇਸੋਂ ਆਏ, ਤਾਂ ਮੈਂ ਸਾਸ੍ਰੀਕਾਲ ਬੁਲਾਈ ਦੋ ਹੱਥ ਜੋੜ ਕੇ, ਜਿਹਦਾ ਮਤਲਬ ਸੀ - ਤੁਸੀਂ ਆ ਗਏ, ਕਿੰਨਾ ਚੰਗਾ ਕੀਤਾ, ਮੈਨੂੰ ਸੱਚ ਨਹੀਂ ਆਉਂਦਾ। ਗਰਮੀਆਂ 'ਚ ਛੱਤ 'ਤੇ ਸੌਣ ਲੱਗਿਆਂ ਪੂਰਬ ਵਲ ਤਾਰਿਆਂ ਵਲ ਸੈਨਤ ਕਰਕੇ ਮੇਰੀ ਮਾਂ ਮੈਥੋਂ ਅਖਵਾਉਂਦੀ ਹੁੰਦੀ ਸੀ - ਭਾਪਾ

ਜੀ ਆ ਜਾਓ.....। ਮੇਰਾ ਕੋਈ ਦੋਸਤ ਵਿਛੜਨ ਲੱਗਾ ਮਖੌਲ ਵਿਚ 'ਛੋਟੀ ਸਾਸ਼ੀਕਾਲ' ਆਖਦਾ ਹੁੰਦਾ ਹੈ। ਜਦ ਮੇਰੇ ਬਾਪ ਨੇ ਮੈਨੂੰ ਵੱਡੀ ਸਾਸ਼ੀਕਾਲ ਆਖੀ ਸੀ, ਤਾਂ ਮੈਥੋਂ ਕੁਛ ਵੀ ਨਹੀਂ ਸੀ ਬੋਲਿਆ ਗਿਆ। ਮੇਰੀਆਂ ਨਜ਼ਰਾਂ ਵਿਚ ਫ਼ੇਅਰਵੈੱਲ ਤਸਵੀਰ ਲਾਮ 'ਤੇ ਚੱਲੇ ਫ਼ੌਜੀਆਂ ਦੀ ਹੀ ਤਸਵੀਰ ਨਹੀਂ। ਇਹ ਪਰਦੇਸੀਂ ਕਮਾਈ ਕਰਨ ਗਏ ਹਰ ਪੰਜਾਬੀ ਦੀ ਤਸਵੀਰ ਹੈ। ਇਹ ਅੱਟਲ ਹੋਣੀ ਦੀ ਤਸਵੀਰ ਹੈ। ਇਹ ਜਗਤ ਰੇਲ ਦਾ ਟੇਸ਼ਣ ਹੈ ਤੇ ਗੱਡੀ ਮੌਤ ਦਾ ਵਾਹਨ।

ਜਾਣ ਵਾਲਾ ਆਪਣੇ ਬੁੱਢੇ ਬਾਪ ਦੇ ਪੈਰੀਂ ਹੱਥ ਲਾ ਕੇ ਹਟਿਆ ਹੀ ਹੈ ਕਿ ਬਾਪ ਤੇ ਮਾਂ ਦਾ ਅਸੀਸ ਵਾਲਾ ਹੱਥ ਹਾਲੇ ਵੀ ਹਵਾ 'ਚ ਅਟਕਿਆ ਹੋਇਆ ਹੈ ਤੇ ਹੁਣ ਪੁੱਤ ਮਾਂ ਦੇ ਪੈਰਾਂ ਨੂੰ ਹੱਥ ਲਾ ਰਿਹਾ ਹੈ। ਮਾਂ ਪਹਿਲਾਂ ਵੀ ਇਸ ਪਲ ਨੂੰ ਚਿਤਵਦੀ ਕਈ ਵਾਰ ਰੋ ਚੁੱਕੀ ਹੈ ਤੇ ਇਹ ਪਲ ਤਾਂ ਕਹਿਰ ਦਾ ਪਲ ਹੈ। ਇਹ ਦੇਖ ਮਿੱਟੀ ਵਲ ਰਿਹਾ ਹੈ, ਪਰ ਸੋਚ ਕੁਝ ਹੋਰ ਰਿਹਾ ਹੈ। ਫ਼ੌਜੀ ਦੀ ਭੈਣ ਆਪਣੀ ਭਾਬੀ ਦੀ ਦਿਲਜੋਈ ਕਰ ਰਹੀ ਹੈ। ਉਹਦੇ ਕਰ ਪੈਰ ਜਵਾਬ ਦੇ ਗਏ ਹਨ ਤੇ ਥਾਏਂ ਬੈਠੀ ਹੈ ਮੌਬਾ ਹੱਥ 'ਚ ਫੜੀ। ਕੈਸਾ ਬੰਧੇਜ ਹੈ ਕਿ ਜਣੇ ਨੇ ਜਾਣ ਲਗਿਆਂ ਆਪਣੀ ਔਰਤ ਨੂੰ ਅੰਗ ਵੀ ਨਹੀਂ ਲਾ ਸਕਣਾ।

ਕੋਲ ਖੜੋਤੀ ਦੇ
ਚੜ੍ਹ ਗਿਆ ਚੀਨ ਦੀ ਗੱਡੀ
...

ਟੇਸ਼ਣ 'ਤੇ ਜਲ ਬੱਤੀਏ
ਜਿਵੇਂ ਮੇਰਾ ਮਾਹੀ ਖੜਿਆ
ਇਵੇਂ ਵਾਪਸ ਕਰ ਗੱਡੀਏ।

ਜਲਦੀ ਬੱਤੀ, ਉੱਚਾ ਪੁਲ ਤੇ ਪਾਣੀ ਨਾਲ ਭਰੇ ਘੜਿਆਂ ਦਾ ਛਤੜਾ ਗੁੱਜਰਖ਼ਾਨ ਰੇਲ ਟੇਸ਼ਣ 'ਤੇ ਹੁੰਦਾ ਹੀ ਸੀ; ਪਰ ਪਿਛੋਕੜ 'ਚ ਕਿਲੇ ਵਰਗੀ ਕੰਧ ਤੇ ਦਰਵੱਜੇ ਖ਼ਿਆਲੀ ਹਨ, ਤਾਂਕਿ ਤਸਵੀਰ ਦਾ ਮੂਡ ਤੀਬਰ ਹੋ ਜਾਏ। ਅਸਤ ਹੋ ਰਹੇ ਸੂਰਜ ਨੇ ਸਾਰੇ ਮਾਹੌਲ ਨੂੰ ਹੋਰ ਉਦਾਸ ਕਰ ਦਿੱਤਾ ਹੈ। ਛੇਤੀ ਹੀ ਤਸਵੀਰ 'ਚ ਮੌਜੂਦ ਹਰ ਜਣੇ ਦੀਆਂ ਅੱਖੀਆਂ ਅੱਗੇ ਨੇਰ੍ਹਾ ਛਾ ਜਾਏਗਾ। ਫੇਰ ਲੰਮੀ ਰਾਤ ਪੈ ਜਾਣੀ ਹੈ। ਮੌਜੂਦ ਦਾ ਵੇਲਾ ਬੜੀ ਦੇਰ ਲਈ ਮਨਫ਼ੀ ਹੋ ਜਾਣਾ ਹੈ। ਬੀਤੇ ਹੋਏ ਤੇ ਆਉਣ ਵਾਲੇ ਵੇਲੇ ਦੇ ਦੋ ਕੱਸੇ ਹੋਏ ਸਿਰੇ ਰਹਿ ਜਾਣੇ ਹਨ। ਅਤੀਤ ਦੀ ਯਾਦ ਤੇ ਭਵਿਖ ਦੀ ਉਮੀਦ। ਇਹ ਸੂਰਜ ਅਸਤਣ ਵੇਲੇ ਦੀ ਤਸਵੀਰ ਹੈ - ਤ੍ਰਿਕਾਲ ਸੰਧਿਆ ਦੀ, ਜਦ ਤਿੰਨ ਵੇਲਿਆਂ ਦਾ ਮਿਲਾਪ ਹੁੰਦਾ ਹੈ। ਬੜਾ ਭਾਰੀ ਵੇਲਾ ਹੁੰਦਾ ਹੈ ਇਹ।

ਤਸਵੀਰ ਵਿਚਲੇ ਫ਼ੌਜੀਆਂ ਨੇ ਤੇ ਹੋਰਨਾਂ ਹਜ਼ਾਰਾਂ ਫ਼ੌਜੀਆਂ ਨੇ ਲਾਮ ਟੁੱਟੀ 'ਤੇ ਘਰ ਮੁੜ ਆਉਣਾ ਹੈ, ਪਰ ਮਾਂ ਦੇ ਪੈਰੀਂ ਹੱਥ ਲਾ ਰਹੇ ਇਸ ਫ਼ੌਜੀ ਨੇ ਨਹੀਂ ਮੁੜਨਾ। ਇਹ ਤਾਂ 'ਮਰ-ਜਾਣਾ' ਹੈ। ਇਹ ਇਸ ਤਸਵੀਰ ਦੀ ਸਭ ਤੋਂ ਵੱਧ ਯਕੀਨੀ ਹੋਣੀ ਹੈ। ਏਸ ਪਲ ਇਸ ਫ਼ੌਜੀ ਨੂੰ ਸਿਰਫ਼ ਆਪਣੇ ਘਰ ਦਿਆਂ ਦੇ ਪਿਆਰ ਦੀ ਨਹੀਂ, ਸਗੋਂ ਦੁਨੀਆਂ ਦੇ ਸਾਰੇ ਪਿਆਰ ਦੀ ਲੋੜ ਹੈ। ਜੇ ਇਹਨੇ ਲਾਮ ਤੋਂ ਮੁੜ ਆਉਣਾ ਹੁੰਦਾ, ਤਾਂ ਇਹ ਤਸਵੀਰ ਨਹੀਂ ਸੀ ਬਣਨੀ। ਇਹਦਾ ਕੋਈ ਮਤਲਬ ਨਹੀਂ ਸੀ ਹੋਣਾ। ਏਸ ਗੱਲੋਂ ਇਹ ਤਸਵੀਰ ਬੜੀ ਬੇਕਿਰਕ ਹੈ, ਬੇਤਰਸ ਹੈ। ਪਰ ਇਹ ਸਾਰੇ ਭਾਵ ਤਸਵੀਰ ਦੇ ਪਿਛੋਕੜ 'ਚ ਹਨ। ਮੌਤ ਕਿਤੇ ਖੜ੍ਹੀ ਹੱਸ ਰਹੀ ਹੈ, ਪਰ ਸਾਨੂੰ ਨਜ਼ਰ ਨਹੀਂ ਆਉਂਦੀ। ਜੋ ਨਜ਼ਰ ਆਉਂਦਾ ਹੈ, ਉਹ ਜ਼ਿੰਦਗੀ ਹੈ - ਇੱਕੋ ਵੇਲੇ ਕਿੰਨੀ ਅਮਰ ਤੇ ਕਿੰਨੀ ਨਾਸ਼ਵਾਨ। ਇਸ ਫ਼ੌਜੀ ਦੀ ਮੌਤ ਕਿਸੇ ਲੇਖੇ ਨਹੀਂ ਲੱਗਣੀ। ਇਹਨੂੰ ਕਿਸੇ ਸ਼ਹੀਦ ਨਹੀਂ ਆਖਣਾ। ਇਹਦੀ ਕਿਤੇ ਕੋਈ ਯਾਦਗਾਰ ਨਹੀਂ ਬਣਨੀ। ਇਹ ਰਜਪੂਤੀ ਜਾਂ ਖ਼ਾਲਸਾਈ ਸ਼ਾਨ ਦੀ ਤਸਵੀਰ ਨਹੀਂ। ਇਹ ਕੋਈ ਜੂਝਣ ਚਲਿਆ ਜੈਮਲ ਜਾਂ ਫੱਤਾ ਜਾਂ ਖ਼ਾਲਸਾ ਫ਼ੌਜ ਦਾ ਯੋਧਾ ਨਹੀਂ ਹੈ। ਕੌੜੇ ਲਫ਼ਜ਼ਾਂ 'ਚ ਇਹ ਭਾੜੇ ਦਾ ਫ਼ੌਜੀ ਹੈ। ਸਿੱਖ 1860 ਵਿਚ ਭਾੜੇ 'ਤੇ ਲੜਕੇ ਮਰਨ ਲੱਗੇ ਸਨ, ਜਦ ਫ਼ਰੰਗੀਆਂ ਨੇ 'ਲੂਧੀਆਹ' (ਲੁਧਿਆਣਾ) ਸਿੱਖ ਰਜਮੰਟ ਬਣਾਈ ਸੀ, ਜਿਹਦੀ ਪਹਿਲੀ ਮੁਹਿੰਮ ਹਾਂਗਕਾਂਗ ਤੇ ਪੀਕਿੰਗ ਸਰ ਕਰਨ ਦੀ ਸੀ। ਇਹ ਅੱਧੀ ਸਦੀ ਤਕ ਸਰਹੱਦੀ ਸੂਬੇ ਵਲ ਪਠਾਣਾਂ ਦੀਆਂ ਬਗ਼ਾਵਤਾਂ ਦਬਾਉਂਦੇ ਰਹੇ ਅਤੇ ਪਰਦੇਸੀਂ- ਅਬੀਸੀਨੀਆ, ਮਲਾਇਆ, ਬਰਮਾ (1885), ਅਫ਼ਗ਼ਾਨਸਤਾਨ, ਕੇਂਦਰੀ ਪੂਰਬੀ ਤੇ ਦੱਖਣੀ ਅਫ਼ਰੀਕਾ 'ਚ ਅੰਗਰੇਜ਼ ਸਾਮਰਾਜ ਦੀਆਂ ਜੜ੍ਹਾਂ ਲਾਉਂਦੇ ਰਹੇ। ਪਹਿਲੀ ਜੰਗ 'ਚ ਚਾਰ ਲੱਖ ਸਿੱਖ ਫ਼ੌਜੀ ਲੜੇ ਸਨ। ਦੂਜੀ ਜੰਗ 'ਚ ਪੰਦਰਾਂ ਲੱਖ ਫ਼ੌਜੀਆਂ ਹਿੱਸਾ ਲਿਆ ਸੀ। ਦੋਹਵਾਂ ਜੰਗਾਂ 'ਚ ਮਰਨ ਵਾਲਿਆਂ ਦੀ ਕੁਲ ਗਿਣਤੀ 1 ਲੱਖ 60 ਹਜ਼ਾਰ ਸੀ। ਇਸ ਤਸਵੀਰ ਦਾ ਇਹ ਫ਼ੌਜੀ ਉਨ੍ਹਾਂ ਮਰਨ ਵਾਲਿਆਂ ਵਿਚ ਸੀ। ਕਬੀਰ ਸਾਹਿਬ ਵੀ ਆਖਦੇ ਹਨ ਤੇ ਗੁਰੂ ਸਾਹਿਬਾਨ ਵੀ ਕਿ ਨਾਲ ਕੋਈ ਨਹੀਂ ਜਾਂਦਾ।

ਤੇਰੇ ਨਾਲ ਕੀ ਤਿਲੰਗਿਆ ਜਾਣਾ
ਛੱਡ ਗਿਉਂ ਟੇਸ਼ਣ 'ਤੇ

ਫ਼ਰੰਗੀ ਜਿਵੇਂ ਰੇਲ ਗੱਡੀ 'ਚ ਹੀ ਬੈਠ ਕੇ ਆਏ ਸਨ। ਲੋਕ ਵੇਦ ਵਿਚ, ਬੱਚਿਆਂ ਦੇ ਮਨਾਂ ਵਿਚ ਤੇ ਮੇਰੇ ਮਨ ਵਿਚ ਰੇਲ ਗੱਡੀ ਦਾ ਕੋਈ ਅਨੋਖਾ ਮੁਕਾਮ ਹੈ। ਇਹ ਸੁਫ਼ਨਿਆਂ ਦੀ ਵਾਹਨ ਹੈ। ਪਿਛਲੀ ਸਦੀ 'ਚ ਕਿਸੇ 'ਜਨਾਬ ਨੂਰ' ਦੀ ਬਣਾਈ ਡਰਾਇੰਗ ਹੈ:



ਇਹ ਖਿਡੌਣੇ ਵਰਗੀ ਗੱਡੀ ਕਿਤੇ ਜਾਣੀ ਨਹੀਂ। ਤਕਰੀਬਨ ਹਰ ਭਾਰਤੀ ਫ਼ਿਲਮ 'ਚ ਰੇਲ ਗੱਡੀ ਹੁੰਦੀ ਹੈ, ਖ਼ਾਸਕਰ ਬੰਗਾਲੀ ਫ਼ਿਲਮਾਂ ਵਿਚ। ਇਹ ਪਿੰਡ ਨੂੰ ਸ਼ਹਿਰ ਨਾਲ, ਗੁਰਬਤ ਨੂੰ ਖ਼ੁਸ਼ਹਾਲੀ ਨਾਲ ਮੇਲਣ ਵਾਲੀ ਸੰਗਿਆ ਤੇ ਕਿਰਿਆ ਹੈ। ਤਸਵੀਰ ਵਾਲੀ ਗੱਡੀ ਘਰ ਨੂੰ ਮੋਰਚੇ ਨਾਲ ਜੋੜਦੀ ਹੈ ਤੇ ਇਹਦੀ ਵਾਪਸੀ ਯਕੀਨੀ ਨਹੀਂ। ਇਹ ਇਕਤਰਫ਼ਾ ਸਫ਼ਰ ਹੈ। ਕੁਝ ਸਾਲਾਂ ਬਾਅਦ 1947 ਵਿਚ ਇਹ ਗੱਡੀ ਕਿਸੇ ਹੋਰ ਇਕਤਰਫ਼ਾ ਸਫ਼ਰ 'ਤੇ ਚਲੇਗੀ। ਓਦੋਂ ਏਸ ਟੇਸ਼ਣ 'ਤੇ ਕੋਈ ਤੋਰਨ ਵਾਲਾ ਵੀ ਨਹੀਂ ਹੋਣਾਂ। ਸਭਨਾਂ ਨੇ ਤੁਰ ਜਾਣਾ ਹੈ। ਉਨ੍ਹਾਂ ਦੀ ਤਸਵੀਰ ਜਿਹਲਮ ਦਾ ਮੁੰਡਾ ਸਤੀਸ਼ ਗੁਜਰਾਲ ਬਣਾਏਗਾ।

ਪੰਜਾਬ ਦੀ ਵੰਡ ਤੇ ਦੋਹਵਾਂ ਜੰਗਾਂ 'ਚ ਹਜ਼ਾਰਾਂ ਫ਼ੌਜੀਆਂ ਦੀਆਂ ਮੌਤਾਂ ਇਸ ਸਦੀ ਦੇ ਬਹੁਤ ਵੱਡੇ ਦੁਖਾਂਤ ਹਨ। ਪੰਜਾਬ ਦਾ ਟੁੱਟਣਾ ਆਲਮੀ ਜੰਗਾਂ ਨਾਲੋਂ ਵੀ ਵੱਡਾ ਦੁਖਾਂਤ ਹੈ; ਇਸੇ ਲਈ ਇਹਦੇ ਬਾਰੇ ਕੋਈ ਲੋਕਗੀਤ ਨਹੀਂ ਬਣਿਆ, ਸਾਹਿਤ ਬਹੁਤੇਰਾ ਰਚਿਆ ਗਿਆ ਹੈ। ਤੇ ਦੋਹਵਾਂ ਜੰਗਾਂ ਦੇ ਦੁਖਾਂਤ ਬਾਰੇ ਕੁਝ ਲਿਖਿਆ ਨਹੀਂ ਗਿਆ।

ਸਿਗਨਲ ਡਾਊਨ ਹੋ ਚੁੱਕਾ ਹੈ। ਬੇਮੁੱਖ ਰੇਲਗਾਰਡ ਨੇ ਹਰੀ ਝੰਡੀ ਦੇ ਦਿੱਤੀ ਹੈ ਤੇ ਸੀਟੀ ਮਾਰਨ ਹੀ ਵਾਲਾ ਹੈ। ਜੇਲਾਂ ਤੇ ਹਸਪਤਾਲਾਂ 'ਚ ਵੀ ਰੇਲਗਾਰਡ ਵਰਗੇ ਬੰਦੇ ਹੁੰਦੇ ਹਨ, ਜਿਨ੍ਹਾਂ ਦਾ ਵਜੂਦ ਮੁਲਾਕਾਤੀਆਂ ਨੂੰ ਆਖਦਾ ਹੁੰਦਾ ਹੈ - ਹੁਣ ਬਸ ਵੀ ਕਰੋ। ਵੇਲਾ ਹੋ ਗਿਐ। ਜੇ ਇਹ ਨਜ਼ਾਰਾ ਕਿਸੇ ਫ਼ਿਲਮ 'ਚ ਹੋਵੇ ਜਾਂ ਡਰਾਮੇ ਦੀ ਸਟੇਜ 'ਤੇ, ਤਾਂ ਪਿਛੋਕੜ 'ਚ ਕਿਹੋ-ਜਿਹਾ ਸੰਗੀਤ ਵੱਜੇ? ਅਸਲ ਘਟਨਾ ਵੇਲੇ ਸਾਜ਼ ਨਹੀਂ ਵੱਜਦੇ ਹੁੰਦੇ, ਤੇ ਨਾ ਹੀ ਗੀਤ ਚਲਦੇ ਹੁੰਦੇ ਨੇ। ਸ਼ਬਦ ਤੇ ਧੁਨੀ ਘਟਨਾ ਨੂੰ ਮੁੜ ਸਿਰਜਣ, ਉਹਨੂੰ ਤੀਬਰ ਕਰਨ ਤੇ ਸਿਮਰਤੀ ਨੂੰ ਬਚਾਈ ਰਖਣ ਦਾ ਉਪਰਾਲਾ ਹੁੰਦੀ ਹੈ। ਇੰਜਣ ਚੀਕ ਮਾਰੇਗਾ। ਪਹੀਏ ਇਕ ਵਾਰੀ ਲੀਹ 'ਤੇ ਉਂਜ ਹੀ ਘੁੰਮ ਜਾਣਗੇ। ਦਿਲਾਂ ਦੀ ਧੜਕਣ ਖੁੰਝ ਜਾਏਗੀ। ਲੋਹੇ ਦੀਆਂ ਲੀਹਾਂ 'ਤੇ ਧੜਵੇਲ ਪਹੀਆਂ ਦੀ ਘਿਸਰਨ ਦੀ ਆਵਾਜ਼ ਨਿਕਲੇਗੀ। ਖੜਕਦੇ ਡੱਬੇ ਹੁਬਕੇ ਮਾਰਨਗੇ। ਨਾ ਚਲਣ ਦੀ ਜ਼ਿੱਦ ਕਰਨਗੇ।

ਟੁੱਟ ਜਾਏਂ ਰੇਲ ਗੱਡੀਏ
ਤੇਰਾ ਇੰਜਣ ਹੁਲਾਰੇ ਖਾਵੇ
ਰੋਕੋ ਨੀ ਕੁੜੀਓ
ਮੇਰਾ ਢੋਲ ਲਾਮ ਨੂੰ ਜਾਵੇ
ਉੜਦਾ ਰੁਮਾਲ ਦਿਸੇ
ਗੱਡੀ ਵਿਚ ਨਾ ਨਜ਼ਰ ਉਹ ਆਵੇ
ਮੁੜ ਆ ਓ ਮੱਖਣਾ
ਨਹੀਂ ਮਰ ਜਾਊਂ ਗਮਾਂ ਦੇ ਹਾਵੇ।

ਤਸਵੀਰ ਵਿਚ ਇਕੱਲੇ ਰਹਿ ਗਏ ਫ਼ੌਜੀਆਂ ਦੇ ਸਿਰਾਂ ਦੁਆਲੇ ਕੋਈ ਆਭਾਮੰਡਲ ਨਹੀਂ, ਇੰਜਣ ਦੀ ਭਾਫ਼ ਦੇ ਛੱਲੇ ਹਨ। ਇਨ੍ਹਾਂ ਛੱਲਿਆਂ ਨਾਲ ਤਸਵੀਰ ਦੀ ਹਰ ਸ਼ਕਲ ਇਕ ਦੂਜੇ ਨਾਲ ਸੰਗਲੀ 'ਚ ਪਰੁੱਤੀ ਹੋਈ ਹੈ। ਦੁਮੇਲ ਵੀ। ਜਿਵੇਂ ਆਪਾਂ ਕੈਲੰਡਰ 'ਤੇ ਕਿਸੇ ਤਾਰੀਖ਼ ਦੁਆਲੇ ਨਿਸ਼ਾਨੀ ਲਾ ਦਿੰਦੇ ਹਾਂ, ਇਵੇਂ ਤਸਵੀਰ 'ਚ ਟਾਈਮ ਤੇ ਸਪੇਸ ਨੂੰ ਸਿਮਰਤੀ ਨੇ ਬੰਨ੍ਹ ਮਾਰ ਦਿੱਤਾ ਹੈ। ਟਾਈਮ ਤੇ ਸਪੇਸ ਸਿਮਰਤੀ ਦੀ ਇਹ ਕਾਰ ਕਦੇ ਵੀ ਉਲੰਘ ਨਹੀਂ ਸਕਣਗੇ।

ਮਰ ਰਿਹਾ ਬੰਦਾ ਆਖ਼ਰੀ ਪਲਾਂ ਵਿਚ ਕੀ ਕੁੱਝ ਯਾਦ ਕਰਦਾ ਹੋਏਗਾ। ਯਮ ਇੰਜਣ 'ਤੇ ਸਵਾਰ ਹੋ ਕੇ ਇਸ ਫ਼ੌਜੀ ਨੂੰ ਲੈਣ ਆਏ ਹੋਣਗੇ। ਇਹਦੀਆਂ ਅੱਖਾਂ ਅੱਗੇ ਕੀ ਕੁਝ ਘੁੰਮ ਗਿਆ ਹੋਏਗਾ - ਮਾਂ ਦੇ ਪੈਰ, ਪਿਉ ਦੀ ਬੱਗੀ ਕੰਬਦੀ ਦਾਹੜੀ ਜਾਂ ਆਪਣੀ ਤ੍ਰੀਮਤ ਦੇ ਕੰਨਾਂ ਦੀ ਵਾਲੀ...

ਖੰਡ ਟੁਕ ਲਏ ਕਾਵਾਂ ਦੇ
ਫ਼ਰੰਗੀ ਜੰਗ ਬੰਦ ਕਰ ਦੇ
ਪੁੱਤ ਮੁਕ ਗਏ ਮਾਵਾਂ ਦੇ

ਹਵਾਈ ਅੱਡਿਆਂ ਤੇ ਬੰਦਰਗਾਹਾਂ 'ਤੇ ਵੀ ਵਿਛੋੜੇ ਦਾ ਸਾਕਾ ਵਾਪਰਦਾ ਹੈ। ਬੰਦਰਗਾਹ 'ਚ ਗੱਡੀਆਂ ਦੀ ਲੀਹ ਦੀ ਥਾਂ ਪਾਣੀ ਦੀਆਂ ਲਹਿਰਾਂ ਹੁੰਦੀਆਂ ਹਨ। ਹਵਾਈ ਅੱਡੇ 'ਚ ਲਹਿਰਾਂ ਤੇ ਲੀਹਾਂ ਖੜ੍ਹੇ ਰੁਖ਼ ਹੋ ਕੇ ਅਲੋਪ ਹੋ ਜਾਂਦੀਆਂ ਹਨ। ਓਥੇ ਦੁਮੇਲ ਨਹੀਂ ਹੁੰਦਾ। ਧਰਤੀ ਤੇ ਆਕਾਸ਼ ਮਿਲਦੇ ਨਹੀਂ ਕਦੇ ਵੀ, ਜਿਵੇਂ ਰੇਲ ਦੀਆਂ ਲੀਹਾਂ ਨਹੀਂ ਮਿਲਦੀਆਂ।

ਵਿਛੋੜੇ ਵਿਚ ਮਿਲਾਪ ਵੀ ਹੁੰਦਾ ਹੈ। ਇਸ ਟੱਬਰ ਦੇ ਸਾਰੇ ਜੀਆਂ ਨੂੰ ਸ਼ਾਇਦ ਅੱਜ ਪਹਿਲੀ ਵਾਰ ਅਹਿਸਾਸ ਹੋ ਰਿਹਾ ਹੈ ਕਿ ਉਹ ਇਕ ਦੂਜੇ ਨੂੰ ਕਿੰਨਾ ਪਿਆਰ ਕਰਦੇ ਹਨ, ਉਨ੍ਹਾਂ ਨੂੰ ਇਕ ਦੂਜੇ ਦੀ ਕਿੰਨੀ ਲੋੜ ਹੈ। ਖ਼ਾਸ ਕਰ ਜਾਣ ਵਾਲੇ ਦੀ। ਇਨ੍ਹਾਂ ਦਾ ਇਹੋ-ਜਿਹਾ ਮਿਲਾਪ ਪਹਿਲਾਂ ਕਦੇ ਨਹੀਂ ਸੀ ਹੋਇਆ। ਅੱਜ ਵਿਛੜ ਕੇ ਸਾਰੇ ਇਕ ਦੂਜੇ ਦੇ ਬਹੁਤ ਨੇੜੇ ਹੋ ਜਾਣਗੇ।▫

(ਫਰਵਰੀ 1992)


**WANT TO SELL FASTER? LOOKING FOR A GOOD DEAL?**

List with well known Indo-Canadian Personality



**Darshan Bains**

**Res: 275-2533 Pager 667-0884**

MULTIPLE

**Multiple Realty**
**2298 Kingsway**
**Vancouver**
**Ph:434-1431**

# Paul's

## Plumbing, Electrical & Heating Supply



Plumbing & Bathroom Hot Wate· Heating
Fixtures & Supplies
Hot Water Tanks
Supplies &Installation

**We also do new houses' Plumbing**

**4578 Main St., Vancouver**
**Ph: 872-3118, 872-7277**

---

## SIKANDER
## HAIR STYLING (Unisex)
**6605 Fraser St. Vancouver**
(ਫਰੇਜ਼ਰ ਅਤੇ 50 ਐਵੀਨਿਊ ਉੱਪਰ)

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

* Colour
* Perms
* Facials Threadings
* Eyebrows Arching
* Lightening



**ਫੋਨ: 327-1483**

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ।

---

**The Catering King Since 1975**

Serving Indian & Canadian Cuisine
Complete wedding banquet centre

M·R MOTI RAJA

CITY Caterers & PARTY PLUS RENTALS

**8336 St. George St. Vancouver**

Ph: 325-5014
Fax: 321-3223

City Kitchen
Ph: 322-2489

---

## Contact Your Friendly Realtor

**Buying/Selling**

- Lots
- Home
- Acreage
- Commercial



**Karmjit S. Ghuman**
(Member Executive Circle)

List your home with me and it will be displayed on the **Real Estate Channel**

**Lakeview Realty Ltd.**
**7909 Scott Rd., Delta, B.C., V4C 6P6**

Phone: 590-3231 Fax: 590-0633
Residence: 596-7965

# ਤੁਲਨਾਤਮਕ ਧਰਮ

## III

### ਲਾਲਾ ਹਰਦਿਆਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪੈਲੇ, ਪੋਲ ਜੈਨੇਟ ਅਤੇ ਹੋਰ ਦਾਰਸ਼ਨਿਕਾਂ ਨੇ ਵੀ, 'ਸ੍ਰਿਸ਼ਟੀ ਤੋਂ ਪ੍ਰਮਾਤਮਾ ਦੀ ਹੋਂਦ ਦੀ ਸਿੱਧੀ' ਦੇ ਸਿਧਾਂਤ ਦੀ ਹਮਾਇਤ ਕੀਤੀ ਹੈ ਜਿਸ ਦਾ ਆਧਾਰ ਇਨ੍ਹਾਂ ਗੱਲਾਂ ਉਪਰ ਹੈ

1.ਜੀਵਿਤ ਵਸਤੂਆਂ ਦੀ ਦਿਸਣ ਵਾਲੀ ਰੂਪ ਰੇਖਾ।

2.ਕੁਦਰਤ ਦੇ ਅਡੋਲ ਨਿਯਮ।

3. ਜਾਨਵਰਾਂ ਦੀ ਮੂਲ ਪ੍ਰਵ੍ਰਿਤੀ (ਕੁਦਰਤੀ ਸੂਝ) ਦੀ ਕਿਰਿਆ ਪ੍ਰਣਾਲੀ । ਆਸਤਿਕ ਲੋਕ ਇਹ ਦਾਅਵਾ ਕਰਦੇ ਹਨ ਕਿ ਜੀਵਿਤ ਵਸਤੂਆਂ ਦੀ ਰੂਪ ਰੇਖਾ ਹੋਣ ਦਾ ਮਤਲਬ ਹੈ ਕਿ ਇਸਦਾ ਰੂਪਾਂਕਣਕਾਰ (ਕਾਰੀਗਰ) ਵੀ ਹੋਣਾ ਚਾਹੀਦਾ ਹੈ, ਨਿਯਮਾਂ ਦਾ ਮਤਲਬ ਹੈ ਕਿ ਨਿਯਮ ਬਣਾਉਣ ਵਾਲਾ ਵੀ ਕੋਈ ਹੋਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਇੱਕ ਸੰਪੂਰਨ ਰੇਖਿਕੀ (ਜਿਉਮੈਟਰੀਕਲ) ਢਾਂਚੇ ਦਾ ਮਖਿਆਲ ਬਣਾਉਂਦੀਆਂ ਹਨ। ਉਹ ਕੰਮ ਰੱਬ ਦੀ ਮਾਰਗ ਦਿਖਾਈ (ਅਗਵਾਈ) ਤੋਂ ਬਗੈਰ ਨਹੀਂ ਹੋ ਸਕਦਾ।

ਇਹ ਦਲੀਲਾਂ ਬੜੀਆਂ ਕਮਜ਼ੋਰ ਅਤੇ ਗੈਰ-ਤਸੱਲੀਬਖ਼ਸ਼ ਹਨ। ਆਉ ਸਭਨਾਂ ਵਿਗਿਆਨਾਂ ਨੂੰ ਪੁੱਛ ਕੇ ਦੇਖੀਏ। ਹਰ ਵਿਗਿਆਨ ਇਹ ਗੱਲ ਡੰਕੇ ਦੀ ਚੋਟ ਨਾਲ ਕਹਿੰਦਾ ਹੈ ਕਿ ਕੁਦਰਤ ਕਿਸੇ ਬੁੱਧੀਮਾਨ ਅਤੇ ਦਇਆਵਾਨ ਰੱਬ ਨੇ ਨਹੀਂ ਸਾਜੀ ਹੈ। ਭੂ-ਵਿਗਿਆਨ ਇਹ ਦੱਸਦਾ ਹੈ ਕਿ ਇਹ ਧਰਤੀ ਆਪਣੀ ਗਰਮ ਅਤੇ ਦ੍ਰਵ ਅਵਸਥਾ ਤੋਂ ਲੱਖਾਂ ਸਾਲ ਦੇ ਅਰਸੇ ਦੇ ਬਾਦ ਜੀਵਨ ਦੇ ਅਨੁਕੂਲ ਬਣੀ ਹੈ। ਚੰਦਰਮਾਂ ਜਾਂ ਬੁੱਧ ਗ੍ਰਹਿ ਉਪਰ ਜੀਵਨ ਕਿਉਂ ਨਹੀਂ ਹੈ? ਇਸ ਛੋਟੀ ਜਿਹੀ ਧਰਤੀ ਉਪਰ ਵੀ ਵੱਡੇ ਵੱਡੇ ਮਾਰੂਥਲ ਹਨ ਜਿੱਥੇ ਕਿ ਇੱਕ ਚੂਹਾ ਵੀ ਜਿਉਂਦਾ ਨਹੀਂ ਰਹਿ ਸਕਦਾ। ਇਨਸਾਨ ਚਾਹੁੰਦਾ ਹੈ ਕਿ ਇਹ ਵੱਡੇ ਵੱਡੇ ਨਮਕੀਨ ਪਾਣੀ ਵਾਲੇ ਸਮੁੰਦਰ ਆਪਣੇ ਖੇਤਰਫ਼ਲ ਵਿਚ ਕੁੱਝ ਛੋਟੇ ਹੁੰਦੇ। ਜੇਕਰ ਧਰਤੀ ਇਕ ਘਰ ਹੈ ਜੋ 'ਰੱਬ' ਨੇ ਸਾਨੂੰ ਤੁਹਫ਼ੇ ਵਿਚ ਦਿੱਤਾ ਹੈ ਤਾਂ ਇਸ ਧਰਤੀ ਦੇ ਬਣਾਉਣ ਵਾਲੇ ਸ਼ਿਲਪਕਾਰ ਦੀ ਸੂਝ ਦੀ ਬਹੁਤੀ ਸਰਾਹਨਾ ਨਹੀਂ ਕੀਤੀ ਜਾ ਸਕਦੀ। ਘਟੀਆ ਤੋਂ ਘਟੀਆ ਤੇ ਟੁੱਟੀਆਂ ਫੁੱਟੀਆਂ ਚੀਜ਼ਾਂ ਨਾਲ ਘਰ ਬਣਾਉਣ ਵਾਲਾ ਵੀ ਅਜਿਹਾ ਘਰ ਨਹੀਂ ਬਣਾਉਂਦਾ ਜੋ ਕਿ ਸਮੇਂ ਸਮੇਂ ਤੇ ਹਿੱਲਦਾ ਹੋਵੇ ਤੇ ਲੜਖੜਾ ਕੇ ਡਿੱਗਦਾ ਹੋਵੇ ਜਿਸ ਤਰ੍ਹਾਂ ਸਮੇਂ ਸਮੇਂ ਜਾਪਾਨ ਅਤੇ ਸਾਨਫ਼ਰਾਂਸਿਸਕੋ ਦੀ ਧਰਤੀ ਡਗਮਗਾਉਂਦੀ ਰਹਿੰਦੀ ਹੈ। ਭੂਚਾਲ-ਵਿਗਿਆਨ ਇਕ ਗੈਰ ਸੋਚਵਾਨ ਆਸਤਿਕ ਨੂੰ ਸ਼ਰਮਸਾਰ ਕਰ ਦਿੰਦਾ ਹੈ (ਤੇ ਸ਼ਰਮ ਉਸਨੂੰ ਆਉਣੀ ਵੀ ਚਾਹੀਦੀ ਹੈ) ਭੂਚਾਲ ਇਕ ਰੱਬੀ ਕਿਰਿਆ ਹੈ, ਕੋਈ ਵੀ ਮਨੁੱਖੀ ਸੰਸਥਾ ਇਹ ਝਟਕੇ ਅਤੇ ਥਰਥਰਾਹਟ ਨਹੀਂ ਪੈਦਾ ਕਰਦੀ।

> “ਹਰ ਵਿਗਿਆਨ ਇਹ ਗੱਲ ਡੰਕੇ ਦੀ ਚੋਟ ਨਾਲ ਕਹਿੰਦਾ ਹੈ ਕਿ ਕੁਦਰਤ ਕਿਸੇ ਬੁੱਧੀਮਾਨ ਅਤੇ ਦਇਆਵਾਨ ਰੱਬ ਨੇ ਨਹੀਂ ਸਾਜੀ।”

ਕਿਤਨੇ ਲੱਖਾਂ ਔਰਤਾਂ, ਮਰਦ ਅਤੇ ਬੱਚੇ ਭੂਚਾਲ ਅਤੇ ਇਨ੍ਹਾਂ ਨਾਲ ਸਬੰਧਤ ਆਫ਼ਤਾਂ ਨਾਲ ਮਾਰੇ ਜਾ ਚੁੱਕੇ ਹਨ। ਜਾਪਾਨ ਵਿਚ 6923 ਹਿਜਰੀ ਸੰਮਤ ਵਿਚ ਆਏ ਭੂਚਾਲ ਵਿਚ 99331 ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਅਤੇ 5,76000 ਇਮਾਰਤਾਂ ਤਬਾਹ ਹੋ ਗਈਆਂ। ਜਿਸ ਤਰ੍ਹਾਂ ਪੁਰਾਣੇ ਖੰਡਰਾਂ ਤੋਂ ਪਤਾ ਚਲਦਾ ਹੈ ਉਸਦੇ ਮੁਤਾਬਕ ਗੋਬੀ ਦਾ ਮਾਰੂਥਲ ਕਿਸੇ ਵੇਲੇ ਇਕ ਉਪਜਾਊ ਭੂਮੀ ਸੀ। ਮੌਸਮ-ਵਿਗਿਆਨ ਵੀ ਇਹ ਸਿੱਧ ਕਰਦਾ ਹੈ ਕਿ ਮੀਂਹ ਅਤੇ ਮੌਸਮ ਕਿਸੇ ਸਮਝਦਾਰ ਅਤੇ ਦਿਆਲੂ ਬੰਦੇ ਦੇ ਅਖ਼ਤਿਆਰ ਵਿਚ ਨਹੀਂ ਹਨ। ਮੀਂਹ ਦੀਆਂ ਕਿਣੀਆਂ ਦੁਬਾਰਾ ਸਮੁੰਦਰ ਵਿਚ ਸੁੱਟਣ ਵਿਚ ਕੀ ਸਮਝਦਾਰੀ ਹੈ? ਉੱਥੋਂ ਹੀ ਤਾਂ ਉਹ ਆਈਆਂ ਹਨ। ਜਿਸ ਕਿਸਮ ਦੀ ਬਾਕਾਇਦਗੀ ਨਾਲ ਇਨਸਾਨ ਦੇ ਬਣਾਏ ਹੋਏ ਸਿੰਜਾਈ ਦੇ ਸਾਧਨਾਂ ਵਿਚ ਪਾਣੀ ਆਉਂਦਾ ਹੈ ਉਸ ਤਰ੍ਹਾਂ ਦੀ ਬਾਕਾਇਦਗੀ ਨਾਲ ਮੀਂਹ ਨਹੀਂ ਪੈਂਦਾ। ਕਦੀ ਤਾਂ ਲੋਕ ਹੜ੍ਹਾਂ ਅਤੇ ਸੈਲਾਬਾਂ ਨਾਲ ਬਰਬਾਦ ਹੁੰਦੇ ਹਨ ਤੇ ਕਦੀ ਸੋਕਾ ਫ਼ਸਲਾਂ ਅਤੇ ਪਸ਼ੂਆਂ ਦਾ ਖ਼ਾਤਮਾ ਕਰ ਦਿੰਦਾ ਹੈ। ਇੱਕ ਪਾਦਰੀ (ਪ੍ਰੋਹਿਤ) ਨੇ ਮੀਂਹ ਲਈ ਪ੍ਰਾਰਥਨਾ ਕੀਤੀ। ਜਲਦੀ ਹੀ ਜ਼ੋਰਦਾਰ ਮੀਂਹ ਪੈਣ ਲੱਗ ਪਿਆ ਅਤੇ ਪੈਂਦਾ ਹੀ ਰਿਹਾ। ਮੁਲਕ ਵਿਚ ਹੜ੍ਹਾਂ ਦੀ ਭਰਮਾਰ ਹੋ ਗਈ। ਫਿਰ ਉਸਨੇ ਆਪਣੀ ਪ੍ਰਾਰਥਨਾ ਵਿਚ ਕਿਹਾ, 'ਓ ਮਾਲਿਕ। ਅਸੀਂ ਮੀਂਹ ਵਾਸਤੇ ਪ੍ਰਾਰਥਨਾ ਜ਼ਰੂਰ ਕੀਤੀ ਸੀ ਤੇ ਸਾਨੂੰ ਪਤਾ ਹੈ ਕਿ ਤੂੰ ਸੁਣ ਲਈ ਹੈ, ਪਰ ਇਹ ਸੱਚ ਮੁੱਚ ਹੀ ਇਕ ਮਖੌਲ ਕੀਤਾ ਲੱਗਦਾ ਹੈ।'

ਆਸਮਾਨੀ ਬਿਜਲੀ ਬੇਕਸੂਰ ਆਦਮੀਆਂ, ਔਰਤਾਂ ਅਤੇ ਬੱਚਿਆਂ ਉਪਰ ਡਿੱਗ ਪੈਂਦੀ ਹੈ ਤੇ ਉਨ੍ਹਾਂ ਨੂੰ ਜਲਾ ਦਿੰਦੀ ਹੈ। ਇਹ ਕਈ ਘਰ ਵੀ ਜਲਾ ਦਿੰਦੀ ਹੈ। ਗੜਿਆਂ ਨਾਲ ਕਿਤਨੇ ਹੀ ਬਾਗਾਂ ਦੇ ਮਾਲੀਆਂ ਦੀਆਂ ਸੱਧਰਾਂ ਦਾ ਖ਼ਾਤਮਾ ਹੋ ਜਾਂਦਾ ਹੈ ਅਤੇ ਤੂਫ਼ਾਨ ਦੇ ਨਾਲ ਕਿਤਨੇ ਹੀ ਗ਼ਰੀਬਾਂ ਦੇ ਘਰ ਢਹਿ ਢੇਰੀ ਹੋ ਜਾਂਦੇ ਹਨ। ਜਮੈਕਾ ਵਿਚ 6933 ਹਿਜਰੀ ਸੰਮਤ ਵਿਚ ਝੱਖੜ ਦੀ ਵਜਹ ਨਾਲ 20 ਲੱਖ ਕੇਲੇ ਦੇ ਦਰਖ਼ਤ ਤਬਾਹ ਹੋ ਗਏ। ਇਹ ਕਿਤਨੀ ਜ਼ਾਲਿਮ ਖੇਡ ਹੈ? ਰੱਬ ਦਾ ਸਵਾਸ (ਸਾਹ) ਕਿਤਨਾ ਕਰੂਰ ਤੇ ਦੁਰਾਚਾਰੀ ਹੈ? ਸਮੁੰਦਰੀ ਤੂਫ਼ਾਨ, ਮਾਰੂਥਲ ਦੀਆਂ ਤੱਤੀਆਂ ਤੇ ਰੇਤ ਭਰੀਆਂ ਹਨੇਰੀਆਂ, ਅਫ਼ਰੀਕਾ ਤੋਂ ਇਟਲੀ ਵੱਲ ਨੂੰ ਆਉਣ ਵਾਲੀਆਂ ਤੱਤੀਆਂ ਤੇ ਸਿੱਲ੍ਹੀਆਂ ਹਨੇਰੀਆਂ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਗਰਦ ਭਰੀਆਂ ਹਨੇਰੀਆਂ ਅਤੇ ਇਹੋ ਜਿਹੀਆਂ ਹੋਰ ਕਿਰਿਆਵਾਂ ਇਸ ਧਰਤੀ ਉਪਰ ਸਾਡੇ ਛੋਟੇ ਜਿਹੇ ਜੀਵਨ ਨੂੰ ਕੋਈ ਬਹੁਤਾ ਖ਼ੁਸ਼ਗਵਾਰ ਨਹੀਂ ਬਣਾਉਂਦੀਆਂ। ਚਿਰਾਪੂੰਜੀ ਵਰਗੀ ਸਥਾਨ ਹਨ ਜਿੱਥੇ ਬਹੁਤ ਹੀ ਵਰਖਾ ਹੁੰਦੀ ਹੈ ਅਤੇ ਅਰਬ ਮੁਲਕਾਂ ਵਰਗੀਆਂ ਕਈ ਥਾਵਾਂ ਹਨ ਜੋ ਕਿ ਬਹੁਤ ਹੀ ਖ਼ੁਸ਼ਕ ਹਨ। ਅਤਿ ਦੀ ਗਰਮੀ ਅਤੇ ਅਤਿ ਦੀ ਸਰਦੀ ਦੀਆਂ ਹਾਲਤਾਂ ਸਾਨੂੰ ਕਿਤਨਾ ਕਸ਼ਟ ਦਿੰਦੀਆਂ ਹਨ। ਹੋਨੋਲੂਲੂ ਅਤੇ ਮੈਡਾਇਰਾ ਵਰਗਾ ਇਕਸਾਰ ਤੇ ਸ਼ਾਂਤ ਮੌਸਮ ਬਹੁਤ ਹੀ ਘੱਟ

ਦੇਸ਼ਾਂ ਵਿਚ ਪਾਇਆ ਜਾਂਦਾ ਹੈ। ਕਿਹੜਾ ਈਸ਼ਵਰੀ ਮਹਿਕਮਾ ਇਸ ਚੀਜ਼ ਦਾ ਜ਼ਿੰਮੇਵਾਰ ਹੈ?

ਜੀਵ-ਵਿਗਿਆਨ ਵੀ ਸੂਝਵਾਨੀ ਅਤੇ ਦਇਆਵਾਨੀ ਦਾ ਕੋਈ ਲੇਸ ਮਾਤਰ ਵੀ ਪ੍ਰਗਟਾਵਾ ਨਹੀਂ ਕਰਦਾ। ਬਨਸਪਤੀ ਵਿਚ ਪੌਦਿਆਂ ਦੇ ਵਿਚਕਾਰ ਰੋਸ਼ਨੀ ਅਤੇ ਖ਼ੁਰਾਕ ਲਈ ਲਗਾਤਾਰ ਸੰਘਰਸ਼ ਚਲਦਾ ਰਹਿੰਦਾ ਹੈ। ਭੁੱਖੇ ਪੌਦੇ ਜੋ ਕਿ ਘਟੀਆ ਕਿਸਮ ਦੀ ਮਿੱਟੀ ਉਪਰ ਉੱਗਦੇ ਹਨ, ਜ਼ਾਲਿਮ ਕੀਟਹਾਰੀ (ਕੀੜੇ ਖਾਣਵਾਲੇ) ਬਣ ਜਾਂਦੇ ਹਨ ਅਤੇ ਆਪਣੇ ਸ਼ਿਕਾਰ ਬੜੀ ਮੱਕਾਰੀ ਨਾਲ ਮਾਰਦੇ ਹਨ। ਲੱਖਾਂ ਹੀ ਕਰੂੰਬਲਾਂ ਨੂੰ ਕਦੀ ਫੁੱਲ ਬਣਕੇ ਖਿੜਨ ਦਾ ਮੌਕਾ ਨਹੀਂ ਮਿਲਦਾ, ਕੋਹਰੇ ਦੀ ਪਰਤ ਉਨ੍ਹਾਂ ਨੂੰ ਮਰੁੰਡ ਦਿੰਦੀ ਹੈ ਜਾਂ ਤੇਜ਼ ਹਵਾ ਹੀ ਉਨ੍ਹਾਂ ਨੂੰ ਟਾਹਣੀ ਨਾਲੋਂ ਬਿਖੇਰ ਕੇ ਸਿੱਟ ਦਿੰਦੀ ਹੈ ਜਿਸ ਦੇ ਕਾਰਨ ਉਹ ਕਰੂੰਬਲਾਂ ਮਰ ਜਾਂਦੀਆਂ ਹਨ। ਕਿਤਨੀ ਬੇਲਗਾਮ ਬਰਬਾਦੀ ਹੈ। ਬਨਸਪਤੀ ਦਾ ਕਿਤਨਾ ਦੁਖਾਂਤ ਨਾਟਕ ਹੈ ਇਹ। ਕਰੋੜਾਂ ਅਰਬਾਂ ਬੀਜ ਪੈਦਾ ਹੁੰਦੇ ਹਨ ਪਰ ਉਨ੍ਹਾਂ ਵਿਚੋਂ ਸਿਰਫ਼ ਕੁੱਝ ਇਕ ਹੀ ਪੁੰਗਰਦੇ ਹਨ ਅਤੇ ਦਰਖ਼ਤ ਬਣਦੇ ਹਨ। ਬਾਕੀ ਦੇ ਸੱਭ ਕਿਧਰੇ ਗੁਆਚ ਜਾਂਦੇ ਹਨ। ਜ਼ੋਰਦਾਰ ਹਨੇਰੀ ਅਤੇ ਸੋਕੇ ਨਾਲ ਕਿਤਨੇ ਹੀ ਪੌਦੇ ਅਤੇ ਦਰਖ਼ਤ ਨਸ਼ਟ ਹੋ ਜਾਂਦੇ ਹਨ। ਪਰ ਜੀਵੀ ਪੌਦੇ (ਪੈਰਾਸਾਈਟ) ਜਿਵੇਂ ਕਿ ਆਕਾਸ਼ ਵੇਲ ਅਤੇ ਰੈਫ਼ਲੈਸ਼ੀਆ ਦਾ ਪੌਦਾ ਦੂਸਰੇ ਪੌਦਿਆਂ ਦਾ ਭੋਜਨ ਲੁੱਟਦੇ ਹਨ। ਇਸ਼ਕ ਪੇਚੇ ਦੀ ਵੇਲ ਬਲੂਤ ਦੇ ਦਰਖ਼ਤ ਨੂੰ ਜੱਫਾ ਮਾਰ ਕੇ ਉਸਦਾ ਗਲ ਘੁੱਟ ਦਿੰਦੀ ਹੈ। ਜੰਗਲ ਦੇ ਵੱਡੇ ਵੱਡੇ ਦਰਖ਼ਤ ਛੋਟੇ ਛੋਟੇ ਪੌਦਿਆਂ ਦੇ ਹਿੱਸੇ ਦੀ ਰੋਸ਼ਨੀ ਵੀ ਰੋਕ ਲੈਂਦੇ ਹਨ। ਊਸ਼ਣ ਕਟਿਬੰਧ (ਗਰਮ ਖੰਡ) ਦੇ ਜੰਗਲਾਂ ਵਿਚ ਜਾਨਵਰਾਂ ਅਤੇ ਪੌਦਿਆਂ ਦਾ ਇਕ ਦੂਸਰੇ ਨੂੰ ਹੜੱਪ ਕਰਨ ਦਾ ਲਗਾਤਾਰ ਮੁਕਾਬਲਾ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਪੌਦਾ ਵਿਗਿਆਨ (ਬਨਸਪਤੀ ਵਿਗਿਆਨ) ਰੱਬ ਨੂੰ ਅਸਵੀਕਾਰ ਕਰਦਾ ਹੈ ਅਤੇ ਜੀਵ ਵਿਗਿਆਨ ਜੋ ਕਿਸੇ ਵੇਲੇ ਉਦੇਸ਼ ਵਾਦੀਆਂ ਦੇ ਕਬਜ਼ੇ ਹੇਠ ਹੁੰਦੀ ਸੀ (ਭਾਵ ਉਹ ਲੋਕ ਜੋ ਇਹ ਕਹਿੰਦੇ ਹਨ ਕਿ ਹਰੇਕ ਚੀਜ਼ ਅਤੇ ਹਰੇਕ ਘਟਨਾ ਕਿਸੇ ਖਾਸ ਮਕਸਦ ਨੂੰ ਪੂਰਾ ਕਰਨ ਲਈ ਘੜੀ ਗਈ ਹੈ) ਹੁਣ ਨਾਸਤਿਕ ਲੋਕਾਂ ਦੇ ਅੱਗੇ ਹਥਿਆਰ ਸੁੱਟ ਚੁੱਕਿਆ ਹੈ।

ਜੀਵ ਜੰਤੂਆਂ ਵਿਚ ਆਪਣੇ ਆਪ ਨੂੰ ਵਾਤਾਵਰਣ ਦੇ ਮੁਤਾਬਕ ਢਾਲਣ ਦੇ ਸਾਧਨ, ਗਿਆਨ ਇੰਦਰੀਆਂ, ਆਪਣਾ ਬਚਾਅ ਕਰਨ ਵਾਸਤੇ ਰੰਗ ਬਦਲਣੇ ਅਤੇ ਹੋਰ ਵਿਗਿਆਨੀਆਂ ਦੇ ਮੁਤਾਬਿਕ ਜੀਵਾਂ ਜੰਤੂਆਂ ਦੇ ਕੁਦਰਤੀ ਕਾਰਨਵਾਦ (ਕਾਰਜ ਕਰਨ) ਦਾ ਨਤੀਜਾ ਹਨ। ਅਸੰਖਾਂ ਹੀ ਜੀਵ ਜਿਹੜੇ ਆਪਣੇ ਆਪ ਨੂੰ ਵਾਤਾਵਰਣ ਦੇ ਮੁਤਾਬਿਕ ਨਹੀਂ ਢਾਲ ਸਕੇ ਉਹ ਨਸ਼ਟ ਹੋ ਗਏ। ਵੇਖੋ ਕਿਸ ਤਰ੍ਹਾਂ ਸੰਵੇਦਨਸ਼ੀਲ ਪ੍ਰਾਣੀਆਂ ਦਾ ਕਤਲੇਆਮ ਹੁੰਦਾ ਹੈ। ਮੌਤ ਦੀ ਇਹ ਕੈਸੀ ਬਦਮਸਤੀ ਹੈ! ਦੁਸ਼ਟ-ਅੰਗ ਛੇਦ (ਜਿਉਂਦੇ ਪ੍ਰਾਣੀ ਦੀ ਚੀਰ ਫ਼ਾੜ ਕਰਨੀ) ਤਾਂ ਇਸ ਕਤਲੇਆਮ ਦੇ ਮੁਕਾਬਲੇ ਵਿਚ ਬਿਲਕੁਲ ਤੁੱਛ ਹੈ। ਕ੍ਰੋੜਾਂ ਅਰਬਾਂ ਜੀਵ ਵਾਤਾਵਰਣ ਉਨ੍ਹਾਂ ਦੇ ਅਨੁਕੂਲ ਨਾ ਹੋਣ ਕਾਰਨ ਮਾਰੇ ਗਏ ਅਤੇ ਹੋਰ ਕ੍ਰੋੜਾਂ ਅਰਬਾਂ ਜਾਨਵਰ ਇਕ ਦੂਸਰੇ ਦੇ ਹੱਥੋਂ ਮਾਰੇ ਗਏ। ਮਾਸਖਾਣੇ ਅਤੇ ਜ਼ਹਿਰੀਲੇ ਜਾਨਵਰ ਜਿਵੇਂ ਡਾਇਨਾਸੋਰ, ਰੀਂਗਣ ਵਾਲੇ ਜੀਵ, ਬੱਬਰ ਸ਼ੇਰ,

**"ਭੁੱਖਮਰੀ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ ਜਿਨ੍ਹਾਂ ਨੂੰ ਪੜ੍ਹਕੇ ਇਸ ਤਰ੍ਹਾਂ ਲੱਗਦਾ ਹੈ ਕਿ ਰੱਬ ਨੂੰ ਆਪਣੇ ਭੁੱਖੇ 'ਬੱਚਿਆਂ' (ਭੁੱਖ ਨਾਲ ਮਰ ਰਹੇ ਲੋਕ) ਦੀ ਕੋਈ ਪ੍ਰਵਾਹ ਹੀ ਨਹੀਂ ...."**

ਸ਼ੇਰ, ਬਘਿਆੜ, ਬਾਘ, ਵੱਡੇ ਵੱਡੇ ਫ਼ਨੀਅਰ, ਸ਼ਿਕਰੇ, ਇੱਲਾਂ, ਗਿਰਝਾਂ, ਵੇਲ੍ਹ-ਮੱਛੀਆਂ ਅਤੇ ਸ਼ਾਰਕ ਆਦਿ 'ਸੰਪੂਰਨ ਬੁੱਧੀਮਤਾ ਅਤੇ ਪਿਆਰ' ਦਾ ਅਫ਼ਸੋਸਨਾਕ ਨਮੂਨਾ ਹਨ। ਕਿਤਨੇ ਹੀ ਪਿਆਰੇ ਪਿਆਰੇ ਬਾਰਾਂ ਸਿੰਗੇ ਪਿਛਲੇ ਹਜ਼ਾਰਾਂ ਸਾਲਾਂ ਵਿਚ ਜੰਗਲਾਂ ਵਿਚ ਦੂਜੇ ਜਾਨਵਰਾਂ ਦੁਆਰਾ ਨਿਗਲੇ ਗਏ ਹਨ? ਛੋਟੀਆਂ ਛੋਟੀਆਂ ਮੱਛੀਆਂ ਬੜੀ ਮਿਹਨਤ ਅਤੇ ਈਮਾਨਦਾਰੀ ਨਾਲ ਆਪਣੇ ਖਾਣ ਜੋਗੀ ਖ਼ੁਰਾਕ ਲੱਭਦੀਆਂ ਹਨ ਪਰ ਵੱਡੀਆਂ ਮੱਛੀਆਂ ਛੋਟੀਆਂ ਨੂੰ ਹੜੱਪ ਕਰ ਜਾਂਦੀਆਂ ਹਨ।

ਜੀਵ-ਵਰਗ ਦੇ ਇਨ੍ਹਾਂ ਸ਼ਰੇਆਮ ਬਦਮਾਸ਼ਾਂ ਅਤੇ ਗੁੰਡਿਆਂ ਤੋਂ ਇਲਾਵਾ ਲੁਕਵੇਂ ਛਿਪਣੇ ਜ਼ਹਿਰ ਦੇਣ ਵਾਲੇ ਪਰਜੀਵ (ਪੈਰਾਸਾਈਟ), ਅਤਿ ਛੋਟੇ ਸੂਖਮ, ਪਾਕ ਅਤੇ ਬਿਮਾਰੀ ਫ਼ੈਲਾਉਣ ਵਾਲੇ ਕੀਟਾਣੂ ਹਨ ਜਿਵੇਂ ਕਿ ਨਿਮੋਨੀਆਂ, ਗੁਪਤ ਰੋਗ, ਛੂਤ ਦੇ ਰੋਗ, ਹੈਜ਼ਾ, ਪੀਲੀਆ ਆਦਿ ਦੇ ਜ਼ਰਮ ਜੋ ਕਿ ਆਕਾਰ ਵਿਚ ਇਤਨੇ ਛੋਟੇ ਹੁੰਦੇ ਹਨ ਪਰ ਉਨ੍ਹਾਂ ਦੀ ਦਿੱਤੀ ਬੀਮਾਰੀ ਕਿਤਨੀ ਵੱਡੀ ਹੁੰਦੀ ਹੈ। ਇਕ ਹੋਰ ਬੜੀ ਦਰਦਨਾਕ ਕਿਰਿਆ ਹੈ ਜਿਸ ਨਾਲ ਆਸਤਿਕ ਲੋਕਾਂ ਨੂੰ ਸ਼ਰਮ ਅਤੇ ਸਮਝ ਆਉਣੀ ਚਾਹੀਦੀ ਹੈ। ਜੀਵ ਵਿਗਿਆਨ ਵਿਚ ਛੋਟਾ ਜੀਵ ਵੀ ਵੱਡੇ ਜੀਵ ਨੂੰ ਮਾਰ ਸਕਦਾ ਹੈ ਅਤੇ ਮਾਰਦਾ ਹੈ। ਹੈਜ਼ੇ ਦੇ ਨੀਚ ਅਤੇ ਦੁਸ਼ਟ ਕੀੜੇ ਨੇ ਹੇਗਲ ਦੇ ਅੰਦਰ ਜ਼ਹਿਰ ਭਰ ਦਿੱਤਾ ਅਤੇ ਉਸਦੇ ਕਮਾਲ ਦੇ ਦਿਮਾਗ ਨੂੰ ਸੁਆਹ ਵਿਚ ਬਦਲ ਦਿੱਤਾ। ਕੀਟਸ ਵੀ ਇਸੇ ਤਰ੍ਹਾਂ ਬੈਕਟੀਰੀਆ ਦੇ ਛੂਤ ਦੇ ਰੋਗ ਦਾ ਸ਼ਿਕਾਰ ਬਣਿਆ। ਹਜ਼ਾਰਾਂ ਹੀ ਲੋਕ ਹਰ ਸਾਲ ਸੱਪਾਂ ਦੇ ਲੜਨ ਕਰਕੇ ਮਰ ਜਾਂਦੇ ਹਨ। ਕਈ ਲੋਕ ਸ਼ੇਰਾਂ ਅਤੇ ਚੀਤਿਆਂ ਦਾ ਸ਼ਿਕਾਰ ਬਣਦੇ ਹਨ। ਇਹ ਨਾ ਤਾਂ ਕਿਸੇ ਬੁੱਧੀਮਾਨੀ, ਨਾ ਪਿਆਰ ਤੇ ਨਾ ਹੀ ਸਾਧਾਰਨ ਸੂਝ ਬੂਝ ਦਾ ਪ੍ਰਮਾਣ ਹੈ। ਇਨਸਾਨਾਂ ਨੂੰ ਪੈਦਾ ਕਰਨ ਦਾ ਕੀ ਫ਼ਾਇਦਾ ਜੇਕਰ ਉਸਨੂੰ ਜ਼ਹਿਰੀ ਮੱਖੀ (ਦੱਖਣੀ ਅਫ਼ਰੀਕਾ ਦੀ ਜ਼ਹਿਰੀ ਮੱਖੀ ਜੋ ਨੀਂਦਰ ਦਾ ਰੋਗ ਫ਼ੈਲਾਉਂਦੀ ਹੈ) ਦਾ ਹੀ ਸ਼ਿਕਾਰ ਬਣਾਉਣਾ ਹੈ? ਮੈਂ ਤਾਂ ਇਸਨੂੰ ਬਿਲਕੁਲ ਕਮੀਨਗੀ, ਬਦਨੀਤੀ ਵਾਲੀ ਅਤੇ ਮੂਰਖਤਾ ਪੂਰਣ ਕਾਰਵਾਈ ਕਹਾਂਗਾ। ਜੀਵ ਵਿਗਿਆਨ ਨੇ ਇਕ ਨਿਰਦਈ ਅਹੰਕਾਰ ਭਰੇ (ਹਉਮੈ ਭਰੇ), ਖ਼ੂਨ ਖਰਾਬੇ ਨਾਲ ਭਰਪੂਰ ਲੁੱਟ ਖੋਹ ਹਿੰਸਾ ਅਤੇ ਮਾਰ ਵੱਢ ਨਾਲ ਭਰੇ ਹੋਏ ਸੰਸਾਰ ਦਾ ਭੇਤ ਖੋਲ੍ਹਿਆ ਹੈ ਜਿਸਦੇ ਜ਼ੁਲਮਾਂ ਸਾਹਮਣੇ ਚੰਗੇਜ਼ ਖਾਨ ਵੀ ਭੌਂਚੱਕਾ ਰਹਿ ਜਾਵੇ। ਜੀਵਾਂ ਦੇ ਬੇਅੰਤ ਹੀ ਆਂਡੇ ਅਤੇ ਬੱਚੇ ਪੈਦਾ ਹੁੰਦੇ ਹਨ ਪਰ ਉਨ੍ਹਾਂ ਵਿਚੋਂ ਥੋੜ੍ਹੇ ਹੀ ਜੀਵਨ ਭੋਗਦੇ ਹਨ। ਕੁੱਝ ਕੁਦਰਤ ਦੇ ਰਾਹੀਂ ਤੇ ਕੁੱਝ ਉਸੇ ਕਿਸਮ ਦੇ ਦੂਸਰੇ ਜਾਨਵਰਾਂ ਦੇ ਬੱਚਿਆਂ ਦੁਆਰਾ ਤਬਾਹ ਹੋ ਜਾਂਦੇ ਹਨ। ਜੇਕਰ ਵਾਤਾਵਰਣ ਅਨੁਕੂਲ ਹੁੰਦਾ ਤਾਂ ਇਹਨਾਂ ਸੱਭ ਜੀਵ ਜੰਤੂਆਂ ਦੀ ਗਿਣਤੀ ਇਸ ਤਰ੍ਹਾਂ ਵਧਣੀ ਚਾਹੀਦੀ ਹੈ ਜਿਸ ਤਰ੍ਹਾਂ ਅਸਟ੍ਰੇਲੀਆ ਵਿਚ ਖ਼ਰਗੋਸ਼ਾਂ ਦੀ ਅਤੇ ਪੈਟਾਗੋਨੀਆਂ ਵਿਚ ਘੋੜਿਆਂ ਦੀ ਵਧਦੀ ਹੈ। ਜੀਵ ਵਿਗਿਆਨ ਵਿਚ ਇਸ ਜ਼ਰੂਰੀ ਅਤੇ ਨਾ ਰੋਕੀ ਜਾ ਸਕਣ ਵਾਲੀ ਅਤੇ ਵੱਡੇ ਪੈਮਾਨੇ ਉਪਰ ਤਬਾਹੀ ਦਾ ਕਾਨੂੰਨ ਬਿਲਕੁੱਲ ਮੌਲਿਕ (ਮੂਲ) ਹੈ। ਜ਼ਿੰਦਗੀ ਦਾ ਇਹ ਖ਼ੂਨ ਦੇ ਦਾਗ਼ਾਂ ਭਰਿਆ ਰਸਤਾ ਜਿਸ ਉਪਰ ਦੀ ਲੰਘ ਕੇ ਇਹ

ਆਈ ਹੈ, ਦੇ ਵਿਚ ਦੁੱਖ ਭੋਗਦੇ, ਭੁੱਖੇ ਮਰਦੇ ਅਤੇ ਤੜਪਦੇ ਪ੍ਰਾਣੀਆਂ ਦੀਆਂ ਦਰਦ ਭਰੀਆਂ ਕੁਰਲਾਹਟਾਂ ਸੁਣਾਈ ਦਿੰਦੀਆਂ ਹਨ। ਜੀਵਨ ਦੇ ਇਸ ਅਗਾਂਹ ਵੱਲ ਵਧਦੇ ਰਾਹ ਦੇ ਮੁਕਾਬਲੇ ਵਿਚ ਸੂਲੀਆਂ ਉਪਰ ਚੜ੍ਹੇ ਹੋਏ ਗੁਲਾਮਾਂ ਦੀਆਂ ਕਤਾਰਾਂ ਵਾਲਾ ਰਾਹ, ਇਕ ਖੁਸ਼ੀ ਵਾਲਾ ਰਾਹ ਪ੍ਰਤੀਤ ਹੁੰਦਾ ਹੈ।

ਸੋ ਪਹਿਲਾਂ ਜੀਵ ਵਿਗਿਆਨ ਇਨ੍ਹਾਂ ਤੱਥਾਂ ਦਾ ਪ੍ਰਗਟਾਵਾ ਕਰਦਾ ਹੈ ਅਤੇ ਬਾਅਦ ਵਿਚ ਇਨਸਾਨ ਪਰਦੇ ਉਪਰ ਆਉਂਦਾ ਹੈ। ਉਸ ਦੇ ਕੋਲ ਆਪਣੇ ਜੀਵਨ ਦੇ ਦੁੱਖਾਂ ਅਤੇ ਸੁੱਖਾਂ ਲਈ ਆਪਣੇ ਖਿਆਲੀਂ ਘੜੇ ਰੱਬ ਦਾ ਸ਼ੁਕਰੀਆ ਅਦਾ ਕਰਨ ਦੀ ਕੋਈ ਵੀ ਵਜਹ ਨਹੀਂ ਹੈ। ਉਸਦਾ ਜੀਵਨ ਕਾਲ ਬਹੁਤ ਛੋਟਾ ਹੈ ਅਤੇ ਉਸਦਾ ਵਸਾਹ ਵੀ ਕੋਈ ਨਹੀਂ ਹੈ। ਜ਼ਿੰਦਗੀ ਦਾ ਇਹ ਅਸਥਾਈਪਣ ਇਨਸਾਨ ਦੀ ਜ਼ਿੰਦਗੀ ਉਪਰ ਕੱਦਣ ਵਾਂਗ ਲਟਕਦਾ ਰਹਿੰਦਾ ਹੈ। ਇੱਕ ਚੀਨੀ ਕਵੀ ਨੇ ਕਿਹਾ ਹੈ:

'ਜਿਸ ਤਰ੍ਹਾਂ ਖੁਸ਼ੀਆਂ ਭਰਿਆ ਸੁਫ਼ਨਾ ਅਤੇ ਸੰਤੁਸ਼ਟੀ ਝੱਟ ਅਲੋਪ ਹੋ ਜਾਂਦੀ ਹੈ ਉਸੇ ਤਰ੍ਹਾਂ ਜੀਵਨ ਵੀ ਝੱਟ ਅਲੋਪ ਹੋ ਜਾਂਦਾ ਹੈ।'

ਪੋ ਚਿਊ ਵਿਰਲਾਪ ਕਰਦਾ ਹੈ:

'ਮੈਂ ਉੱਚੀ ਚੀਖਿਆ, ਪੁਕਾਰਿਆ ਪਰ ਅਫ਼ਸੋਸ ਕਿ ਜ਼ਿੰਦਗੀ ਦੀ ਨੈਤਿਕਤਾ ਦਾ ਖਿੜਨਾ ਕਿਤਨਾ ਧੁੰਦਲਾ ਅਤੇ ਸੁਗੰਧੀ ਰਹਿਤ ਹੁੰਦਾ ਹੈ।'

ਕਿੰਨੇ ਬੱਚੇ ਮਰੇ ਹੋਏ ਹੀ ਜੰਮਦੇ ਹਨ ਜਾਂ ਜੰਮਦੇ ਸਾਰ ਹੀ ਮਰ ਜਾਂਦੇ ਹਨ। ਪਿਆਰੇ ਪਿਆਰੇ ਬੱਚੇ, ਜੇਕਰ ਉਨ੍ਹਾਂ ਨੇ ਸਿਰਫ ਕੁੱਝ ਦਿਨ, ਕੁੱਝ ਮਹੀਨੇ ਜਾਂ ਕੁੱਝ ਸਾਲਾਂ ਵਿਚ ਹੀ ਮਰ ਜਾਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਪੈਦਾ ਕਰਨ ਵਿਚ ਕੋਈ ਸਮਝਦਾਰੀ ਨਹੀਂ ਹੈ। ਬਿਮਾਰੀਆਂ ਨਾਲ ਅਣਗਿਣਤ ਲੋਕ ਮਾਰੇ ਜਾਂਦੇ ਹਨ। ਕਿਤਨੇ ਹੀ ਲੋਕਾਂ ਨੇ ਦਿਲ ਦੀ ਬੀਮਾਰੀ ਦੀ ਪੀੜ ਦੀ ਧੁੱਕ ਧੁੱਕੀ, ਕੜਵਲ ਪੈਣ, ਮਿਰਗੀ, ਪੇਟ ਵਿਚ ਪੱਥਰੀ, ਆਂਤ ਦੀ ਚੀਸ, ਭੂਤਗ੍ਰਸਤ ਝੱਲ ਪੈਣਾ, ਢਿੱਲੇ ਰਹਿਣ ਦੀ ਉਦਾਸੀ ਦੀ ਬੀਮਾਰੀ, ਪਾਗਲਪਨ, ਵਧਦਾ ਹੋਇਆ ਤਪਦਿਕ ਦਾ ਰੋਗ, ਸਰੀਰ ਦਾ ਸੋਕਾ, ਤਬਾਹੀ ਮਚਾਉਂਦੀ ਹੋਈ ਪਲੇਗ, ਜਲੋਧਰ (ਪੇਟ ਵਿਚ ਪਾਣੀ ਭਰ ਜਾਣ, ਸੋਜ਼) ਦੀ ਬੀਮਾਰੀ, ਦਮਾ ਅਤੇ ਜੋੜਾਂ ਦੇ ਕੜਾਕੇ ਬੁਲਾਉਂਦੀ ਹੋਈ ਗਠੀਏ ਦੀ ਬੀਮਾਰੀ ਤੋਂ ਦਰਦ ਉਠਾਇਆ ਹੈ ਅਤੇ ਅੱਜ ਵੀ ਉਠਾ ਰਹੇ ਹਨ। ਜੇਕਰ ਇਨ੍ਹਾਂ ਸਾਰੇ ਰੋਗੀਆਂ ਦੀਆਂ ਕੁਰਲਾਹਟਾਂ ਨੂੰ ਇਕ ਜਗ੍ਹਾ ਇਕੱਠਾ ਕਰ ਕੇ ਸੁਣੀਏ ਤਾਂ ਉਹ ਦਰਦ ਦੀ ਚੀਖ਼ ਨਿਆਗਰਾ ਝਰਨੇ ਦੀ ਗੜਗੜਾਹਟ ਤੋਂ ਵੀ ਉੱਚੀ

ਚੁੱਪਚਾਪ ਪ੍ਰੇਤ ਵਾਂਗ ਆ ਦਬੋਚਣ ਵਾਲੀ ਭੁੱਖਮਰੀ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ ਜਿਨ੍ਹਾਂ ਨੂੰ ਪੜ੍ਹਕੇ ਇਸ ਤਰ੍ਹਾਂ ਲੱਗਦਾ ਹੈ ਕਿ ਰੱਬ ਨੂੰ ਆਪਣੇ ਭੁੱਖੇ 'ਬੰਦਿਆਂ' (ਭੁੱਖ ਨਾਲ ਮਰ ਰਹੇ ਲੋਕ) ਦੀ ਕੋਈ ਪ੍ਰਵਾਹ ਹੀ ਨਹੀਂ ਰਹਿ ਗਈ ਲੱਗਦੀ। ਇਸ ਸੱਭ ਕੁੱਝ ਤੋਂ ਉਪਰ ਭ੍ਰਿਸ਼ਟਤਾ ਅਤੇ ਸਮਾਜ ਵਿਰੋਧੀ ਮੂਲ ਪ੍ਰਵਰਿਤੀਆਂ ਇਨਸਾਨ ਦੀ ਆਤਮਾ ਦੇ ਧੁਰ ਅੰਦਰ ਤੱਕ ਰਚੀਆਂ ਪਈਆਂ ਹਨ ਅਤੇ ਅਸੀਂ ਹੁਣ ਤੱਕ ਵੀ ਉਨ੍ਹਾਂ ਦਾ ਖਾਤਮਾ ਕਰਨ ਲਈ ਪੂਰਾ ਜ਼ੋਰ ਲਗਾ ਰਹੇ ਹਾਂ। ਜੇਕਰ ਰੱਬ ਨੇਕੀ ਨੂੰ ਪਿਆਰ ਕਰਦਾ ਹੈ ਤਾਂ ਉਸਨੇ ਇਨਸਾਨ ਨੂੰ ਪੂਰਾ ਨੇਕ ਕਿਉਂ ਨਹੀਂ ਬਣਾਇਆ? ਕਿਉਂ ਉਸਨੇ ਨਫ਼ਰਤ, ਈਰਖਾ, ਪੇਟੂ ਪੁਣਾ, ਅਵੇਗਪੂਰਨ ਕਾਮ ਇੱਛਾ, ਆਲਸ, ਹੰਕਾਰ, ਗੁੱਸਾ, ਲਾਲਚ, ਜ਼ੁਲਮ ਅਤੇ ਨਾ ਝੱਲਿਆ ਜਾ ਸਕਣ ਵਾਲਾ ਕੁਕਰਮਾਂ ਦਾ ਬੋਝ ਇਨਸਾਨ ਉਪਰ ਪਾਇਆ। ਇਨਸਾਨ ਨੂੰ ਸਮਾਜਿਕ ਸ਼ਾਂਤੀ ਤੱਕ ਪਹੁੰਚਣ ਲਈ ਮਾਰ ਵੱਢ ਅਤੇ ਕਤਲੋਗਾਰਤ ਦੇ ਰਾਹ ਉਪਰ ਕਿਉਂ ਟੱਕਰਾਂ ਮਾਰ ਮਾਰ ਕੇ ਚੱਲਣਾ ਪੈਂਦਾ ਹੈ? ਉਸਨੂੰ ਅਕਸਰ ਰੋਟੀ ਰੋਣ ਹਾਕਾ ਹੋਕੇ ਹੀ ਕਿਉਂ ਨਸੀਬ ਹੁੰਦੀ ਹੈ? ਇਤਿਹਾਸ ਮੂਰਖਤਾ, ਗੁਲਾਮੀ, ਕਤਲ ਅਤੇ ਝਗੜੇ ਦਾ ਹੀ ਇਕ ਵਹੀ ਖਾਤਾ ਲੇਖਾ ਜੋਖਾ ਕਿਉਂ ਹੈ? ਇਸ ਸੱਚ ਮੁੱਚ ਦੇ ਖੌਫ਼ਨਾਕ ਦੁਖਾਂਤ ਨਾਟਕ ਦਾ ਲਿਖਣ ਵਾਲਾ ਕਦੀ ਵੀ ਬੁੱਧੀਮਾਨ ਅਤੇ ਦਿਆਲੂ ਨਹੀਂ ਹੋ ਸਕਦਾ। ਪਾਰਸੀ ਅਤੇ ਮੈਨੀਚੀਅਨਜ਼ ਇਸ ਬਾਰੇ ਥੋੜ੍ਹੇ ਜ਼ਿਆਦਾ ਤਰਕ ਪੂਰਣ ਸਨ ਕਿਉਂਕਿ ਉਨ੍ਹਾਂ ਨੇ ਬੁਰੇ ਕੰਮਾਂ ਦਾ ਜ਼ਿੰਮੇਵਾਰ ਸ਼ੈਤਾਨ ਨੂੰ ਠਹਿਰਾਇਆ ਅਤੇ ਚੰਗੇ ਕੰਮਾਂ ਦਾ ਜ਼ਿੰਮੇਵਾਰ ਈਸ਼ਵਰ ਨੂੰ। ਸ਼ੈਤਾਨ ਦਾ ਨਾਮ ਇਸਲਾਮੀ ਤੇ ਈਸਾਈ ਧਾਰਮਿਕ ਗ੍ਰੰਥਾਂ ਵਿਚ ਵੀ ਆਉਂਦਾ ਹੈ ਪਰ ਉਸਦੀ ਹੋਂਦ ਨੂੰ ਸਵੀਕ੍ਰਿਤੀ ਨਹੀਂ ਦਿੱਤੀ ਗਈ। ਆਸਤਿਕ ਲੋਕਾਂ ਕੋਲ ਇਕ ਤੀਖਣ ਬੁੱਧੀ ਵਾਲੇ ਸਕੂਲ ਦੇ ਵਿਦਿਆਰਥੀ ਦੇ ਮਨ ਵਿਚ ਉੱਠਣ ਵਾਲੇ ਇਸ ਸਵਾਲ ਦਾ ਕੋਈ ਜਵਾਬ ਨਹੀਂ ਹੈ। 'ਰੱਬ, ਸ਼ੈਤਾਨ ਨੂੰ ਖਤਮ ਕਿਉਂ ਨਹੀਂ ਕਰ ਦਿੰਦਾ?'

> "ਜੇਕਰ ਰੱਬ ਨੇਕੀ ਨੂੰ ਪਿਆਰ ਕਰਦਾ ਹੈ ਤਾਂ ਉਸਨੇ ਇਨਸਾਨ ਨੂੰ ਪੂਰਾ ਨੇਕ ਕਿਉਂ ਨਹੀਂ ਬਣਾਇਆ?"

ਕੁੱਝ ਦਾਰਸ਼ਨਿਕਾਂ ਜਿਵੇਂ ਪਲੇਟੋ ਅਤੇ ਜੇ. ਐਸ. ਮਿੱਲ ਨੇ 'ਕੁੱਝ ਸੀਮਿਤ ਸ਼ਕਤੀਆਂ ਵਾਲੇ ਰੱਬ' ਦੀ ਕਲਪਨਾ ਕੀਤੀ ਹੈ। ਜੇ. ਐਸ. ਮਿੱਲ ਨੇ ਲਿਖਿਆ ਹੈ, 'ਇਹ ਈਸ਼ਵਰ ਜੋ ਕਿ ਸ਼ਾਇਦ ਸਰਬ ਸ਼ਕਤੀਮਾਨ ਨਹੀਂ ਹੈ ਨੇ ਇੱਕ ਯੰਤਰਾਂ ਦੀ ਮਸ਼ੀਨਰੀ ਤਿਆਰ ਕੀਤੀ ਹੋਵੇ ਜੋ ਕਿ ਸ਼ਾਇਦ ਉਸਦੀ ਇੱਛਾ ਮੁਤਾਬਕ ਨਾ ਬਣ ਸਕੀ ਹੋਵੇ।' ਇਹ ਵਿਚਾਰ ਸਾਨੂੰ ਮੁੜਕੇ ਪਾਰਸੀਆਂ ਦੇ ਦਵੈਤਵਾਦ (ਦੋਹਰਾਪਣ) ਦੇ ਸਿਧਾਂਤ ਵੱਲ ਲੈ ਜਾਂਦਾ ਹੈ। ਸ੍ਰਿਸ਼ਟੀ ਵਿਚ ਰੱਬ ਅਤੇ ਸ਼ੈਤਾਨ ਦੇ ਅਸੂਲਾਂ ਅਤੇ ਤਾਕਤਾਂ ਦੀ ਪਛਾਣ ਕਰਨੀ ਕੋਈ ਜ਼ਰੂਰੀ ਨਹੀਂ ਹੈ। ਸਾਨੂੰ ਨਾ ਤਾਂ 'ਰੱਬ' ਦੀ ਤੇ ਨਾ ਹੀ 'ਸ਼ੈਤਾਨ' ਦੀ ਜ਼ਰੂਰਤ ਹੈ। ਆਸਤਿਕ ਲੋਕਾਂ ਨੇ 'ਸ਼ੈਤਾਨੀ' ਮੁਸ਼ਕਿਲਾਂ ਦੇ ਜੋ ਵੀ ਹੱਲ ਲੱਭੇ ਹਨ ਉਹ ਸ਼ਰਾਰਤ ਭਰੇ ਅਤੇ ਗੈਰ-ਤਸੱਲੀਬਖ਼ਸ਼ ਹਨ। ਇਸ ਗੱਲ ਉਪਰ ਜ਼ੋਰ ਦਿੱਤਾ ਜਾਂਦਾ ਹੈ ਕਿ 'ਅੱਧ-ਪਚੱਦੀ ਸ਼ੈਤਾਨੀ ਸਾਰੀ ਸ੍ਰਿਸ਼ਟੀ ਦੀ ਭਲਾਈ ਵਾਸਤੇ ਜ਼ਰੂਰੀ ਹੈ।' ਸਾਡੇ ਪਾਪ ਅਤੇ ਕਸ਼ਟ ਸਾਨੂੰ ਇੱਕ ਐਸੀ ਉਚਾਈ ਵੱਲ ਲੈ ਜਾਂਦੇ ਹਨ ਜਿਸਦਾ ਅੰਤ ਕੇਵਲ 'ਰੱਬ' ਨੂੰ ਹੀ ਮਾਲੂਮ ਹੈ। ਜਿਸ ਤਰ੍ਹਾਂ ਕਿਸੇ ਵਸਤੂ ਦਾ ਪਰਛਾਵਾਂ ਜ਼ਰੂਰ ਹੋਣਾ ਚਾਹੀਦਾ ਹੈ ਉਸੇ ਤਰ੍ਹਾਂ ਨੇਕੀ ਭ੍ਰਿਸ਼ਟਾਚਾਰ ਤੋਂ ਬਗੈਰ ਹੋਣੀ ਸੰਭਵ ਨਹੀਂ ਹੈ। ਜੋ ਦੁੱਖ-ਦਰਦ ਅਸੀਂ ਝੱਲਦੇ ਹਾਂ ਉਹ ਸਾਡੇ ਪਿਛਲੇ ਕੀਤੇ ਪਾਪਾਂ ਦੀ ਸਜ਼ਾ ਹੈ ਅਤੇ ਭਵਿੱਖ ਵਾਸਤੇ ਚੇਤਾਵਨੀ ਹੈ। ਇਨ੍ਹਾਂ ਦੁੱਖਾਂ-ਦਰਦਾਂ ਦੀ ਚੋਟ ਸਾਡੀ ਸਹਿਣਸ਼ੀਲਤਾ ਤੇ ਭਗਤੀ ਭਾਵ ਦਾ ਇਮਤਿਹਾਨ ਲੈਣ ਵਾਸਤੇ ਲਗਾਈ ਜਾਂਦੀ ਹੈ ਅਤੇ ਇਸਦਾ ਫ਼ਲ ਬਾਅਦ ਵਿਚ ਮਿਲਦਾ ਹੈ ਜਿਵੇਂ ਕਿਸੇ ਨੌਕਰੀ ਜਾਂ ਹੋਰ ਕਿਸੇ ਕੰਮ ਦਾ ਮਿਲਦਾ ਹੈ। ਬੁਰਾਈ ਸਾਡੇ ਚਾਲ-ਚਲਣ ਦੀਆਂ ਕੁੱਝ ਚੰਗੀਆਂ ਗੱਲਾਂ ਜਿਵੇਂ ਹੌਂਸਲਾ, ਸਿਰੜ ਅਤੇ ਹਮਦਰਦੀ ਆਦਿ ਬਾਹਰ ਲਿਆਉਂਦੀ ਹੈ। ਦਾਂਤੇ ਨੇ ਕਿਹਾ ਹੈ, 'ਨਰਕ, ਸੰਪੂਰਨ ਪਿਆਰ ਦੀ ਪੈਦਾਵਾਰ ਹੈ।' ਇਹੋ

ਸੰਪੂਰਨ ਪਿਆਰ ਦੀ ਪੈਦਾਵਾਰ ਹੈ।' ਇਹੋ ਜਿਹੇ ਕਰੂਰਤਾ-ਪੂਰਨ ਪਿਆਰ ਜੋ ਕਿ ਦੂਸਰਿਆਂ ਨੂੰ ਕਸ਼ਟ ਦੇ ਕੇ ਮਿਲਦੀ ਖ਼ੁਸ਼ੀ ਵਿਚੋਂ ਮਿਲਦਾ ਹੈ ਦੇ ਬਾਰੇ ਤੁਹਾਡਾ ਕੀ ਵਿਚਾਰ ਹੈ? ਬੁਰਾਈ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਅਸਲੀਅਤ ਵਿਚ ਇਸਦੀ ਕੋਈ ਹੋਂਦ ਨਹੀਂ ਹੈ ਅਤੇ ਇਹ ਸਿਰਫ਼ ਭੁਲਾਵਾ (ਛਲਾਵਾ) ਦੇਣ ਵਾਲੀ ਗੱਲ ਹੈ। ਰੋਬਰਟ ਬਰਿਜਜ਼ ਕਹਿੰਦਾ ਹੈ, 'ਮੋਹਿਤ ਹੋਈ (ਰੀਝੀ ਹੋਈ) ਆਤਮਾ ਦੇ ਲਈ ਬੁਰਾਈ ਕੋਈ ਮਹੱਤਤਾ ਨਹੀਂ ਰੱਖਦੀ।' ਇਹੋ ਜਿਹੀ ਖੁੱਲ੍ਹੇਆਮ ਕੁ-ਤਰਕਤਾ (ਝੂਠੀ ਦਲੀਲ ਦੇਣ ਦੀ ਕਿਰਿਆ) ਦਾ ਕੋਈ ਅੰਤ ਨਹੀਂ ਹੈ। ਜੇਕਰ 'ਰੱਬ' ਆਪਣਾ ਮੰਤਵ ਇਹ ਸੱਭ ਦੁੱਖ ਤਕਲੀਫ਼ਾਂ ਦਿੱਤੇ ਬਗੈਰ ਪੂਰਾ ਕਰ ਸਕਦਾ ਪਰੰਤੂ ਉਸਨੇ ਇਹ ਜ਼ੁਲਮ ਵਾਲਾ ਤਰੀਕਾ ਅਪਣਾਉਣਾ ਪਸੰਦ ਕੀਤਾ ਹੈ ਤਾਂ ਉਹ ਬਹੁਤ ਵੱਡਾ ਅਨਿਆਇ ਕਰਨ ਵਾਲਾ ਰਾਖ਼ਸ਼ ਹੈ। ਜੇਕਰ ਆਪਣਾ ਮੰਤਵ ਪੂਰਾ ਕਰਨ ਲਈ ਹੋਰ ਕੋਈ ਵਿਉਂਤ ਨਹੀਂ ਬਣਾ ਸਕਦਾ ਤਾਂ ਉਹ ਸਰਬ ਸ਼ਕਤੀਮਾਨ ਨਹੀਂ ਹੈ। ਸਾਨੂੰ ਬੁਰਾਈ ਦਾ ਸਪਸ਼ਟੀਕਰਣ ਕਰਨ ਦੀ ਜ਼ਰੂਰਤ ਕਿਉਂ ਹੋਣੀ ਚਾਹੀਦੀ ਹੈ? ਇਹ ਬੁਰਾਈ ਵਜੂਦ ਵਿਚ ਹੈ ਹੀ ਕਿਉਂ? ਜੇਕਰ ਕਾਫ਼ੀ ਲੰਬੇ ਅਰਸੇ ਤੋਂ ਬਾਅਦ ਇਸਦਾ ਖ਼ਾਤਮਾ ਹੋ ਹੀ ਜਾਣਾ ਹੈ ਤਾਂ ਉਸ ਲੰਬੇ ਸਮੇਂ ਦੇ ਦੌਰਾਨ ਜੋ ਦੁੱਖ, ਪੀੜਾ ਅਤੇ ਤਕਲੀਫ਼ ਲੋਕਾਂ ਨੂੰ ਉਠਾਉਣੀ ਪੈਣੀ ਹੈ ਉਸ ਸੱਭ ਕਾਸੇ ਨੂੰ ਆਸਤਿਕ ਲੋਕ ਕਿਵੇਂ ਉਚਿਤ (ਜਾਇਜ਼) ਠਹਿਰਾਉਣਗੇ? ਲੈਬਨਿਜ਼ 'ਰੱਬ' ਦੀ ਬੜੀ ਘਟੀਆ ਪ੍ਰਸੰਸਾ ਕਰਦਾ ਹੈ ਜੋ ਉਹ ਇਹ ਕਹਿੰਦਾ ਹੈ ਕਿ ਇਹ ਸੰਸਾਰ ਉਨ੍ਹਾਂ ਸਾਰੇ ਸੰਸਾਰਾਂ ਨਾਲੋਂ ਚੰਗਾ ਹੈ ਜੋ ਰੱਬ ਲਈ ਪੈਦਾ ਕਰਨੇ ਮੁਸ਼ਕਿਲ ਸਨ। ਆਸਤਿਕਵਾਦ ਤੁਹਾਡੀ ਤਸੱਲੀ ਨਹੀਂ ਕਰਾਉਂਦਾ ਜਾਂ ਤੁਹਾਨੂੰ ਧਰਵਾਸ ਨਹੀਂ ਦਿੰਦਾ ਬਲਕਿ ਇਹ ਤਾਂ ਜ਼ਖ਼ਮ ਦੇਣ ਦੇ ਨਾਲ ਨਾਲ ਤੁਹਾਡੀ ਬੇਇਜ਼ਤੀ ਵੀ ਕਰਦਾ ਹੈ। ਇਹ ਬੁਰਾਈ ਨੂੰ ਇੱਕ ਭੇਸ ਬਦਲ ਕੇ ਆਈ ਹੋਈ ਰਹਿਸਤ ਦੱਸਦਾ ਹੈ ਅਤੇ ਅਜਿਹਾ ਕਰਨ ਨਾਲ ਬੁਰਾਈ ਦੇ ਇਸ ਦੁਨੀਆਂ ਤੋਂ ਖ਼ਾਤਮੇ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਜੇਕਰ ਦੁਨੀਆਂ ਵਿਚ ਅਸਲੀਅਤ ਵਿਚ ਕੋਈ ਬੁਰਾਈ ਹੈ ਹੀ ਨਹੀਂ ਤਾਂ ਅਸੀਂ ਕਿਸ ਚੀਜ਼ ਦੇ ਖ਼ਿਲਾਫ਼ ਲੜ ਰਹੇ ਹਾਂ?

ਜੇਕਰ ਕਿਸੇ ਬੀਮਾਰੀ ਦਾ ਫ਼ੈਲਣਾ 'ਸਦਰਗਾਂ' ਵੱਲੋਂ ਦਿੱਤੀ ਹੋਈ ਸਜ਼ਾ ਕਰਕੇ ਹੀ ਹੈ ਤਾਂ ਸਾਨੂੰ ਇਸਦੀ ਰੋਕਥਾਮ ਕਰਨ ਦੀ ਬਜਾਏ ਇਸਨੂੰ ਆਪਣਾ ਦੌਰ ਚਲਾ ਲੈਣ ਦੇਣਾ ਚਾਹੀਦਾ ਹੈ। ਜੇਕਰ 'ਰੱਬ' ਮਰੇ ਹੋਏ ਬੱਚਿਆਂ ਨੂੰ ਆਪਣੇ ਕੋਲ ਬੁਲਾ ਲੈਂਦਾ ਹੈ ਤਾਂ ਅਸੀਂ ਕਿਉਂ ਬੱਚਿਆਂ ਦੀ ਮੌਤ ਦੀ ਦਰ ਘਟਾਉਣ ਦੀ ਕੋਸ਼ਿਸ਼ ਕਰੀਏ? ਐਸਾ ਕਰਨਾ ਨਿਹਾਇਤ ਗਲਤ ਗੱਲ, ਗੁਸਤਾਖ਼ੀ ਅਤੇ ਅਪਵਿੱਤਰਤਾ ਹੋਵੇਗੀ। ਇਸ ਤਰ੍ਹਾਂ ਆਸਤਿਕਵਾਦ ਨੇ ਇਨਸਾਨ ਦੀ ਬੁਰਾਈ ਦੇ ਖ਼ਿਲਾਫ਼ ਨਾ ਮੁੱਕਣ ਵਾਲੀ ਲੜਾਈ ਵਿਚ ਇਨਸਾਨ ਦੇ ਹੱਥ ਪੈਰ ਨਕਾਰਾ ਕਰ ਦਿੱਤੇ ਹਨ। ਮੱਧ ਕਾਲ ਵਿਚ ਸੰਤਾਂ, ਮਹਾਤਮਾਵਾਂ ਨੇ ਹਰ ਪਲੇਗ ਦੀ ਬੀਮਾਰੀ ਜੋ ਫ਼ੈਲੀ ਨੂੰ 'ਰੱਬੀ' ਕੰਮ ਦੱਸਿਆ ਅਤੇ ਲੋਕਾਂ ਨੂੰ ਪਛਤਾਵਾ ਕਰਨ ਲਈ ਅਤੇ ਭੁੱਲ ਬਖ਼ਸ਼ਾਉਣ ਲਈ ਅਰਦਾਸਾਂ ਕਰਨ ਦੀ ਪ੍ਰੇਰਨਾ ਦਿੱਤੀ ਪ੍ਰੰਤੂ ਉਨ੍ਹਾਂ ਨੂੰ ਸਰੀਰ ਦੀ ਬਾਹਰੀ ਸਫ਼ਾਈ ਅਤੇ ਹੋਰ ਬੀਮਾਰੀਆਂ ਰੋਕੂ ਦਵਾਈਆਂ ਦਾ ਕੋਈ ਗਿਆਨ ਨਹੀਂ ਸੀ। ਆਸਤਿਕਵਾਦ ਹਰ ਗੱਲ 'ਰੱਬ ਦੀ ਮਰਜ਼ੀ' ਦੱਸਦਾ ਹੈ ਅਤੇ ਇਸ ਤਰ੍ਹਾਂ ਇਨਸਾਨਾਂ ਨੂੰ ਬੁਰਾਈ ਨੂੰ ਜ਼ੋਰ ਨਾਲ ਹੀ ਜਿੱਤਿਆ ਜਾ ਸਕਦਾ ਹੈ। ਇੱਕ ਆਸਤਿਕਵਾਦੀ ਨੇ ਕਿਹਾ ਹੈ, 'ਜੇਕਰ ਰੱਬ ਦੀ ਹੋਂਦ ਨਹੀਂ ਹੈ ਤਾਂ ਵੀ ਰੱਬ ਦੀ ਕਲਪਨਾ ਕਰਨੀ ਬਹੁਤ ਜ਼ਰੂਰੀ ਹੈ।' ਪਰ ਮੇਰਾ ਖਿਆਲ ਇਹ ਹੈ ਕਿ ਜੇਕਰ ਰੱਬ ਹੋਂਦ ਵਿਚ ਹੈ ਵੀ ਤਾਂ ਮਨੁੱਖ ਜਾਤੀ ਦੇ ਹਿੱਤ ਲਈ ਇਹ ਬਹੁਤ ਚੰਗੀ ਗੱਲ ਹੋਵੇਗੀ ਕਿ ਉਸਦੀ ਹੋਂਦ ਤੋਂ ਇਨਕਾਰ ਕੀਤਾ ਜਾਵੇ ਅਤੇ ਉਸਨੂੰ ਨਜ਼ਰ ਅੰਦਾਜ਼ ਕੀਤਾ ਜਾਵੇ।

(6) ਕੁੱਝ ਵਿਚਾਰਵਾਨ ਸੋਚਦੇ ਹਨ ਕਿ 'ਰੱਬ' ਜ਼ਰੂਰ ਹੋਂਦ ਵਿਚ ਹੈ ਕਿਉਂਕਿ ਅਗਲੇ ਜਨਮ ਵਿਚ ਜੋ ਚਾਹੇ ਲੌਕਿਕ ਜਾਂ ਅਲੌਕਿਕ ਹੋਵੇ, ਨੇਕੀ ਨੂੰ ਖ਼ੁਸ਼ੀ ਦੇ ਰੂਪ ਵਿਚ ਇਨਾਮ ਜ਼ਰੂਰ ਮਿਲਣਾ ਚਾਹੀਦਾ ਹੈ। ਕਾਂਤ ਅਤੇ ਉਦਾਯਨਾ ਨੇ ਇਹ ਵਿਚਾਰ ਪ੍ਰਗਟ ਕੀਤਾ ਹੈ। ਕਾਂਤ ਕਹਿੰਦਾ ਹੈ, 'ਉਸੇ ਹੀ ਨੈਤਿਕ ਸਿਧਾਂਤ ਦੁਆਰਾ ਸਾਨੂੰ ਦੂਸਰੇ ਤੱਤ ਜਿਸਨੂੰ ਖ਼ੁਸ਼ੀ ਕਹਿੰਦੇ ਹਨ ਦੇ ਹੋਣ ਦੀ ਸੰਭਾਵਨਾ ਦੀ ਹੋਰ ਪਕਿਆਈ(ਤਾਕੀਦ) ਹੋ ਜਾਣੀ ਚਾਹੀਦੀ ਹੈ। ਇਹ ਖ਼ੁਸ਼ੀ ਪੱਖਪਾਤ ਤੋਂ ਬਗੈਰ ਕਾਰਨਾਂ ਕਰਕੇ ਅਤੇ ਨੈਤਿਕਤਾ ਦੇ ਨਾਲ ਉਸੇ ਹੀ ਅਨੁਪਾਤ ਵਿਚ ਹੋਣੀ ਚਾਹੀਦੀ ਹੈ। ਦੂਸਰੇ ਸ਼ਬਦਾਂ ਵਿਚ ਇਸਨੂੰ ਰੱਬ ਦੀ ਹੋਂਦ ਦੇ ਸਿਧਾਂਤ ਨੂੰ ਬਗੈਰ ਪ੍ਰਮਾਣ ਦੇ ਹੀ ਮੰਨ ਲੈਣਾ ਚਾਹੀਦਾ ਹੈ। ਭਾਵ ਸਾਨੂੰ ਇਖਲਾਕੀ ਤੌਰ ਤੇ ਹੀ ਰੱਬ ਦੇ ਹੋਣ ਦੀ ਕਲਪਣਾ ਨੂੰ ਮੰਨ ਲੈਣਾ ਚਾਹੀਦਾ ਹੈ।' ਉਦਾਯਨਾ ਆਸਤਿਕਵਾਦ ਸਬੰਧ' ਪੁਨਰ ਜਨਮ ਅਤੇ ਉਸ ਵਿਚ ਮਿਲਣ ਵਾਲੀ ਬੁਰਾਈ ਦਾ ਬਦਲਾ' ਦੇ ਭਾਰਤੀ ਸਿਧਾਂਤ ਨਾਲ ਜੋੜਦਾ ਹੈ। ਡਾਕਟਰ ਰਾਧਾ ਕ੍ਰਿਸ਼ਨਨ ਇਸ ਤਰ੍ਹਾਂ ਵਿਆਖਿਆ ਕਰਦਾ ਹੈ,' 'ਇਨਸਾਨ ਦੇ ਕੰਮਾਂ ਦਾ ਮਿਲਣ ਵਾਲਾ ਫ਼ਲ' ਵਰਗਾ ਮੂਰਖਤਾ ਪੂਰਣ ਆਧਾਰ ਬਗੈਰ ਕਿਸੇ ਸਮਝਦਾਰ ਰੂਹਾਨੀਅਤ ਦੇ ਆਪਣਾ ਅਸਰ ਨਹੀਂ ਦਿਖਾ ਸਕਦਾ। ਰੱਬ ਨੂੰ ਇਨਸਾਨ ਦੇ ਕਰਮਾਂ (ਕੰਮਾਂ) ਦੇ ਮਿਲਣ ਵਾਲੇ ਫ਼ਲ ਦਾ ਨਿਗਰਾਨੀ ਕਰਤਾ ਮੰਨਿਆ ਗਿਆ ਹੈ।'

ਜਿਵੇਂ ਕਿ ਮੈਂ ਅੱਗੇ ਦੱਸ ਆਇਆ ਹਾਂ ਕਿ ਇੱਕ ਬੁੱਧੀਮਾਨ ਤਰਕਵਾਦੀ ਨੂੰ ਇਹ ਇਨਾਮਾਂ ਅਤੇ ਸਜ਼ਾਵਾਂ ਦਾ ਸਾਰਾ ਸਿਧਾਂਤ ਰੱਦ ਕਰ ਦੇਣਾ ਚਾਹੀਦਾ ਹੈ। ਸੋ ਆਪਾਂ ਹੁਣ ਇਨ੍ਹਾਂ ਦਿਖਾਵੇ ਦੇ ਤਰਕ ਵਿਗਿਆਨੀਆਂ ਤੋਂ ਛੁੱਟੀ ਲੈਂਦੇ ਹਾਂ। (ਚਲਦਾ)

**ਅਨੁਵਾਦ - ਅਮਨਪਾਲ ਸਾਰਾ**

---

ਸਫਾ 21 ਦੀ ਬਾਕੀ

ਵਾਲਿਆਂ ਕੋਲ ਇਕ ਹੀ ਚਾਰਾ ਰਹਿ ਜਾਂਦਾ ਹੈ ਕਿ ਉਹ ਆਪਣੇ ਮਜ਼ਦੂਰਾਂ ਦੀ ਛਿੱਲ ਲਾਹੁਣ ਅਤੇ ਅਜਿਹਾ ਕਰਨ ਲਈ ਬੱਚਿਆਂ ਤੋਂ ਵਧੀਆ ਮਜ਼ਦੂਰ ਹੋਰ ਕੌਣ ਹੋ ਸਕਦੇ ਹਨ?

ਅਜਿਹੀਆਂ ਹਾਲਤਾਂ ਨੂੰ ਦੇਖਦੇ ਹੋਏ ਹੀ ਬੰਧੇ ਮਜ਼ਦੂਰਾਂ (ਜਿਹਨਾਂ ਵਿਚ ਕਾਫੀ ਵੱਡੀ ਗਿਣਤੀ ਬੱਚੇ ਮਜ਼ਦੂਰਾਂ ਦੀ ਹੈ), ਦੀ ਆਜ਼ਾਦੀ ਲਈ ਘੋਲ ਕਰ ਰਹੀ ਜਥੇਬੰਦੀ, ਬੌਂਡਡ ਲਿਬਰੇਸ਼ਨ ਫਰੰਟ ਆਫ ਇੰਡੀਆ, ਦੇ ਨੇਤਾ ਸਵਾਮੀ ਅਗਨੀਵੇਸ਼ ਦਾ ਕਹਿਣਾ ਹੈ, "ਸਾਡੀ ਲੜਾਈ ਬ੍ਰਿਟੇਨ ਅਤੇ ਬਾਹਰਲੇ ਦੇਸ਼ਾਂ ਦੀਆਂ ਵੱਡੀਆਂ ਕੰਪਨੀਆਂ ਦੇ ਖਿਲਾਫ਼ ਹੈ ਜੋ ਇਹਨਾਂ ਬੱਚੇ ਮਜ਼ਦੂਰਾਂ ਦੀ ਗੁਲਾਮੀ ਤੋਂ ਫਾਇਦਾ ਉਠਾ ਰਹੀਆਂ ਹਨ।"

ਉਪਰ ਦੱਸੀਆਂ ਹਾਲਤਾਂ ਇਕੱਲੇ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿਚ ਵੀ ਹਨ। ਅੱਜ ਜਦੋਂ ਪੱਛਮੀ ਦੁਨੀਆਂ ਦੇ ਨੇਤਾ ਦੁਨੀਆਂ ਵਿਚ 'ਨਵੇਂ ਸੰਸਾਰ ਪ੍ਰਬੰਧ' ਨੂੰ ਲਿਆਉਣ ਤੇ ਸਥਾਪਤ ਕਰਨ ਦਾ ਦਾਅਵਾ ਕਰ ਰਹੇ ਹਨ ਤਾਂ ਸਵਾਲ ਉੱਠਦਾ ਹੈ ਕਿ ਇਸ ਨਵੇਂ ਪ੍ਰਬੰਧ ਵਿਚ ਇਹਨਾਂ ਕ੍ਰੋੜਾਂ ਬੱਚਿਆਂ ਦੇ ਜੀਵਨ ਦੀ ਬਿਹਤਰੀ ਲਈ ਕੋਈ ਥਾਂ ਹੈ ਜਾਂ ਨਹੀਂ? ❑

(ਜਾਣਕਾਰੀ: ਪੀਟਰ ਲੀ ਰਾਈਟ ਦੀ ਕਿਤਾਬ " ਚਾਈਲਡ ਸਲੇਵਜ਼" ਵਿਚੋਂ।)

# ਪਰਦਾ ਜੋ ਉੱਠ ਗਿਆ

III

ਸੁਖਵੰਤ ਹੁੰਦਲ

## ਗੁਲਾਮਾਂ ਵਾਂਗ ਕੰਮ ਕਰਦੇ ਬੱਚੇ

ਅੱਜ ਦਨੀਆਂ ਵਿਚ ਕ੍ਰੋੜਾਂ ਲੋਕ ਅਣਮਨੁੱਖੀ, ਕਸ਼ਟਮਈ ਅਤੇ ਮੁਸੀਬਤਾਂ ਮਾਰੀ ਜ਼ਿੰਦਗੀ ਜੀ ਰਹੇ ਹਨ। ਇਹਨਾਂ ਕ੍ਰੋੜਾਂ ਲੋਕਾਂ ਵਿਚ 5.5 ਕ੍ਰੋੜ ਦੇ ਲਗਭਗ ਉਹ ਬੱਚੇ ਹਨ ਜੋ ਆਪਣੀ ਖੇਡਣ-ਮਲਨ, ਪੜ੍ਹਨ-ਲਿਖਣ ਅਤੇ 'ਬਾਦਸ਼ਾਹੀ ਬਚਪਨ' ਦੀ ਜ਼ਿੰਦਗੀ ਜੀਣ ਦੀ ਉਮਰੇ ਗੁਲਾਮਾਂ ਵਰਗੀਆਂ ਹਾਲਤਾਂ ਵਿਚ ਕੰਮ ਕਰਨ ਲਈ ਮਜ਼ਬੂਰ ਹਨ। ਇਹ ਬੱਚੇ ਥਾਈਲੈਂਡ, ਫਿਲਪੀਨ, ਬਰਾਜ਼ੀਲ, ਪੁਰਤਗਾਲ, ਤੁਰਕੀ, ਮਲੇਸ਼ੀਆ, ਬੰਗਲਾਦੇਸ਼, ਪਾਕਿਸਤਾਨ, ਹਿੰਦੁਸਤਾਨ ਅਤੇ ਹੋਰ ਕਈ ਦੇਸ਼ਾਂ ਵਿਚ ਜ਼ਿੰਦਗੀ ਦਾ ਕੋੜਾ ਘੁੱਟ ਭਰ ਰਹੇ ਹਨ।

ਇਕੱਲੇ ਹਿੰਦੁਸਤਾਨ ਵਿਚ ਸਰਕਾਰੀ ਅੰਕੜਿਆਂ ਅਨੁਸਾਰ ਅਜਿਹੇ ਬੱਚਿਆਂ ਦੀ ਗਿਣਤੀ 1 ਕਰੋੜ 70 ਲੱਖ (17 ਮਿਲੀਅਨ) ਦੇ ਕਰੀਬ ਹੈ ਪਰ ਅੰਤਰਰਾਸ਼ਟਰੀ ਲੇਬਰ ਆਰਗੇਨਇਜੇਸ਼ਨ ਦੇ ਅੰਕੜਿਆਂ ਅਨੁਸਾਰ ਇਹ ਗਿਣਤੀ 4 ਕਰੋੜ (40 ਮਿਲੀਅਨ) ਦੇ ਲਗਭਗ ਹੈ। ਦਿਨ ਵਿਚ ਲੰਮੇ ਘੰਟੇ (ਕਈ ਹਾਲਤਾਂ ਵਿਚ 15-20 ਘੰਟੇ ਰੋਜ ਹਫਤੇ ਦੇ ਸੱਤੇ ਦਿਨ) ਕੰਮ ਕਰਨ ਵਾਲੇ ਇਹਨਾਂ ਬੱਚਿਆਂ ਵਿਚ ਕਈ ਬੱਚਿਆਂ ਦੀ ਉਮਰ 3-4 ਸਾਲ ਹੀ ਹੈ ਤੇ ਔਸਤਨ ਉਮਰ 7-8 ਸਾਲ। ਇਹ ਬੱਚੇ ਪਿੱਤਲ ਦੇ ਸ਼ੋਅਪੀਸ ਬਣਾਉਣ, ਤਾਲੇ ਬਣਾਉਣ, ਮਾਚਸਾਂ ਬਣਾਉਣ, ਸ਼ੀਸ਼ੇ ਦਾ ਸਮਾਨ ਬਣਾਉਣ, ਕਾਰਪੇਟਾਂ ਬੁਣਨ ਆਦਿ ਸਨਅਤਾਂ ਵਿਚ ਕੰਮ ਕਰਦੇ ਹਨ।

ਪਿੱਤਲ ਅਤੇ ਸ਼ੀਸ਼ੇ ਦਾ ਸਮਾਨ ਬਣਾਉਣ ਵਾਲੀਆਂ ਸਨਅਤਾਂ ਵਿਚ 7-8 ਸਾਲ ਦੀ ਉਮਰ ਦੇ ਬੱਚੇ 1400-1400 ਡਿਗਰੀ ਸੈਂਟੀਗਰੇਡ ਤਾਪਮਾਨ ਵਾਲੀਆਂ ਭੱਠੀਆਂ ਦੇ ਸਾਹਮਣੇ ਕੰਮ ਕਰਦੇ ਹਨ। ਕਾਰਪੇਟ ਬਣਾਉਣ ਦੀ ਸਨਅਤ ਵਿਚ ਇਹ ਬੱਚੇ ਤੰਗ ਖੱਡੀਆਂ ਦੇ ਪਿੱਛੇ ਤੰਗ ਥਾਵਾਂ ਵਿਚ ਨੂੜੇ ਘੰਟਿਆਂ ਦੇ ਘੰਟੇ ਕੰਮ ਕਰਦੇ ਹਨ। ਬੱਚਿਆਂ ਤੋਂ ਕੰਮ ਲੈਣ ਵਾਲੀਆਂ ਇਹਨਾਂ ਸਾਰੀਆਂ ਸਨਅਤਾਂ ਵਿਚ ਕੰਮ ਦੀਆਂ ਅਜਿਹੀਆਂ ਹਾਲਤਾਂ ਹਨ ਜੋ ਬੱਚਿਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਲਾਉਂਦੀਆਂ ਹਨ ਜਿਵੇਂ: ਸਾਹ ਤੇ ਫੇਫੜਿਆਂ ਦੀਆਂ ਬਿਮਾਰੀਆਂ, ਟੀ.ਬੀ., ਸਰੀਰਕ ਕੁਢੱਬਾਪਣ, ਛੋਟੀ ਉਮਰ ਵਿਚ ਨਿਗ੍ਹਾ ਦਾ ਘਟਨਾ, ਕਈ ਤਰ੍ਹਾਂ ਦੇ ਚਮੜੀ ਦੇ ਰੋਗ ਆਦਿ। ਇਸ ਮਸਲੇ ਤੇ ਖੋਜ ਕਰ ਰਹੇ ਇਕ ਖੋਜਕਾਰ ਸ਼ੀਲਾ ਬਾਰਸੇ ਅਨੁਸਾਰ ਸੱਭ ਤੋਂ ਵੱਡਾ ਅਸਰ ਜੋ ਇਹਨਾਂ ਬੱਚਿਆਂ ਤੇ ਹੁੰਦਾ ਹੈ, ਉਹ ਹੈ ਕਿ ਇਹ ਬੱਚੇ ਬਚਪਨ ਤੋਂ ਹੀ ਅਜਿਹੀਆਂ ਗੁਲਾਮਾਂ ਵਰਗੀਆਂ ਹਾਲਤਾਂ 'ਚ ਕੰਮ ਕਰਨ ਕਾਰਨ ਗੁਲਾਮੀ, ਸ਼ੋਸ਼ਨ ਅਤੇ ਜ਼ੁਲਮ ਭਰੀਆਂ ਹਾਲਤਾਂ ਨੂੰ ਆਮ ਹਾਲਤਾਂ ਮੰਨ ਲੈਂਦੇ ਹਨ। ਉਹ ਅਧੀਨਗੀ ਨੂੰ ਜ਼ਿੰਦਗੀ ਦਾ ਸੱਚ ਮੰਨ ਲੈਂਦੇ ਹਨ ਅਤੇ ਇਹਨਾਂ ਹਾਲਤਾਂ ਵਿਰੁੱਧ ਬਗਾਵਤ ਨਹੀਂ ਕਰਦੇ।

ਜਦੋਂ ਇਹ ਬੱਚੇ ਵੱਡੇ ਹੁੰਦੇ ਹਨ ਤਾਂ ਬਹੁਤਿਆਂ ਨੂੰ ਕੰਮ ਤੋਂ ਜੁਆਬ ਦਿੱਤਾ ਜਾਂਦਾ ਹੈ। ਕਾਰਨ - ਇਹਨਾਂ ਕਾਰਖਾਨਿਆਂ ਦੇ ਮਾਲਕ ਬਾਲਗ ਹੋ ਗਏ ਇਹਨਾਂ ਮਜ਼ਦੂਰਾਂ ਨੂੰ ਬਾਲਗਾਂ ਜਿੰਨੀ ਤਨਖਾਹ ਦੇਣ ਦੀ ਥਾਂ ਉਹਨਾਂ ਨੂੰ ਕੰਮ ਤੋਂ ਹਟਾ ਉਹਨਾਂ ਦੀ ਥਾਂ ਹੋਰ ਬੱਚੇ ਰੱਖ ਲੈਂਦੇ ਹਨ ਜਿਹਨਾਂ ਨੂੰ ਉਹ ਬਹੁਤ ਹੀ ਘੱਟ ਤਨਖਾਹ ਦੇ ਕੇ ਕੰਮ ਕਰਵਾ ਸਕਦੇ ਹਨ।

ਇਹਨਾਂ ਬੱਚਿਆਂ ਨੂੰ ਅਜਿਹੀਆਂ ਹਾਲਤਾਂ ਵਿਚ ਕੰਮ ਕਰਨ ਲਈ ਮਜ਼ਬੂਰ ਕਿਉਂ ਹੋਣਾ ਪੈਂਦਾ ਹੈ? ਸਿੱਧਾ ਜੁਆਬ ਹੈ ਇਹਨਾਂ ਬੱਚਿਆਂ ਦੇ ਟੱਬਰਾਂ ਦੀਆਂ ਆਰਥਿਕ ਹਾਲਤਾਂ ਜਿਹਨਾਂ ਸਦਕਾ ਉਹਨਾਂ ਦੇ ਟੱਬਰਾਂ ਨੂੰ ਆਪਣਾ ਨਿੱਤ ਦਾ ਡੰਗ ਟਪਾਉਣ ਲਈ ਇਹਨਾਂ ਛੋਟੇ ਛੋਟੇ ਬੱਚਿਆਂ ਦੀ ਕਮਾਈ ਤੇ ਨਿਰਭਰ ਹੋਣਾ ਪੈਂਦਾ ਹੈ। ਇਹ ਸੱਚ ਹੈ ਕਿ ਇਹਨਾਂ ਬੱਚਿਆਂ ਦੇ ਪਰਿਵਾਰਾਂ ਦੀਆਂ ਅਜਿਹੀਆਂ ਹਾਲਤਾਂ ਲਈ ਹਿੰਦੁਸਤਾਨ ਦੇ ਸਮਾਜ ਦੀਆਂ ਨਾ-ਬਰਾਬਰੀ ਅਤੇ ਅਨਿਆਂ-ਭਰਪੂਰ ਹਾਲਤਾਂ ਹਨ। ਇਹ ਵੀ ਸੱਚ ਹੈ ਕਿ ਅਜਿਹੀਆਂ ਹਾਲਤਾਂ ਦੀ ਬਰਕਰਾਰੀ ਲਈ ਹਿੰਦੁਸਤਾਨ ਦੇ ਸਿਆਸੀ, ਆਰਥਿਕ ਤੇ ਸਮਾਜਿਕ ਪ੍ਰਬੰਧ ਵਿਚ ਫੈਲੇ ਹੋਏ ਭ੍ਰਿਸ਼ਟਾਚਾਰ ਦਾ ਹੱਥ ਹੈ। ਪਰ ਇਸਦੇ ਨਾਲ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਅਜਿਹੀਆਂ ਹਾਲਤਾਂ ਨੂੰ ਬਰਕਰਾਰ ਰੱਖਣ ਦਾ ਕਾਰਨ ਅਜੋਕਾ 'ਸੰਸਾਰ ਪ੍ਰਬੰਧ' ਵੀ ਹੈ ਜਿਸਦਾ ਮਕਸਦ ਅਣਵਿਕਸਤ ਦੇਸ਼ਾਂ ਦੇ ਸਾਧਨਾ ਅਤੇ ਸਮਗਰੀ ਨੂੰ ਵਿਕਸਤ ਪੱਛਮੀ ਦੇਸ਼ਾਂ ਦੇ ਹਿਤਾਂ ਲਈ ਵਰਤਣ ਲਈ ਰਾਹ ਪੱਧਰਾ ਕਰਨਾ ਹੈ।

ਉੱਪਰ ਜਿਹਨਾਂ ਸਨਅਤਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਹਨਾਂ ਵਿਚ ਬੱਚੇ ਗੁਲਾਮਾਂ ਵਾਂਗ ਕੰਮ ਕਰਦੇ ਹਨ ਉਹਨਾਂ ਵਿਚੋਂ ਬਹੁਤੀਆਂ ਵਲੋਂ ਪੈਦਾ ਕੀਤਾ ਮਾਲ ਪੱਛਮੀ ਦੇਸ਼ਾਂ ਨੂੰ ਨਿਰਯਾਤ ਕੀਤਾ ਜਾਂਦਾ ਹੈ। ਹੱਥ ਨਾਲ ਬੁਣੀਆਂ ਕਾਰਪੇਟਾਂ ਤੇ ਗਲੀਚੇ, ਪਿਤਲ ਦੇ ਬਣੇ ਸ਼ੋਅ ਪੀਸ, ਸ਼ੀਸ਼ੇ ਦਾ ਸਮਾਨ ਆਦਿ ਬਾਹਰਲੇ ਦੇਸ਼ਾਂ ਦੀਆਂ ਮਾਰਕੀਟਾਂ ਲਈ ਬਣਾਇਆ ਜਾਂਦਾ ਹੈ। ਉਦਾਹਰਣ ਲਈ ਇਹਨਾਂ ਬੱਚਿਆਂ ਦੇ ਹੱਥਾਂ ਦੀਆਂ ਬੁਣੀਆਂ ਕਾਰਪੇਟਾਂ ਤੇ ਗਲੀਚਿਆਂ ਦੀ ਵੱਡੀਆਂ ਖਰੀਦਾਰ ਕੰਪਨੀਆਂ ਈ ਹਿੱਲ ਅਤੇ ਈਸਟਰਨ ਕਿਆਮ (ਜਿਸਦਾ ਪਹਿਲਾ ਨਾਂ ਉਰੀਐਂਟਲ ਕਾਰਪੇਟ ਮੈਨੂਫੈਕਚਰਰ ਸੀ) ਸਕਾਟਿਸ਼ ਕੰਪਨੀ ਸਕਾਟਿਸ਼ **ਹੈਰੀਟੇਬਲ** ਦੀ ਮਲਕੀਅਤ ਹਨ। ਸ਼ੀਸ਼ੇ ਦਾ ਬਣੇ ਸਾਮਾਨ ਨੂੰ ਵੱਡੀ ਗਿਣਤੀ ਵਿਚ ਖਰੀਦਣ ਵਾਲੀ ਕੰਪਨੀ 'ਬੋਰੋਸਿਲ ਗਲਾਸ ਕੰਪਨੀ ਆਫ ਬੰਬੇ' ਅਮਰੀਕਾ ਦੀ ਕੰਪਨੀ ਕੋਰਨਿੰਗ ਦੀ ਅਧੀਨ (Subsidiary) ਕੰਪਨੀ ਹੈ। ਹਿੰਦੁਸਤਾਨ ਤੋਂ ਇਹ ਮਾਲ ਬੜੇ ਸਸਤੇ ਭਾਅ ਖਰੀਦਿਆ ਜਾਂਦਾ ਹੈ ਪਰ ਪੱਛਮ ਦੇ ਦੇਸ਼ਾਂ ਵਿਚ ਇਸਦੀ ਕੀਮਤ ਕਈ ਗੁਣਾ ਵੱਧ ਜਾਂਦੀ ਹੈ। ਜਿਵੇਂ ਹੱਥ ਨਾਲ ਬੁਣੀ ਜਿਸ ਕਾਰਪੇਟ ਦੇ ਹਿੰਦੁਸਤਾਨੀ ਬਣਾਉਣ ਵਾਲੇ ਨੂੰ ਮੁੱਲ ਵਜੋਂ 40 ਪੌਂਡ ਦਿੱਤੇ ਜਾਂਦੇ ਹਨ ਉਹ ਹੀ ਕਾਰਪੇਟ ਬ੍ਰਿਟੇਨ ਵਿਚ ਆਕੇ 400 ਪੌਂਡ ਤੱਕ ਵਿਕਦੀ ਹੈ। ਇਸੇ ਤਰ੍ਹਾਂ ਹਿੰਦੁਸਤਾਨ ਵਿਚ ਜਿਸ ਪਿੱਤਲ ਦੀ ਇਕ ਛੋਟੀ ਕਟੋਰੀ ਦਾ ਮੁੱਲ 2.75 ਡਾਲਰ ਦਿੱਤਾ ਜਾਂਦਾ ਹੈ, ਉਹ ਹੀ ਕਟੋਰੀ ਨਿਊਯਾਰਕ ਏਅਰਪੋਰਟ ਦੀ ਗਿਫਟ ਸ਼ਾਪ ਵਿਚ 17.95 ਡਾਲਰ ਦੀ ਵਿੱਕਦੀ ਹੈ। ਹਿੰਦੁਸਤਾਨ ਵਰਗੇ ਦੇਸ਼ਾਂ ਵਿਚ ਇਹ ਮਾਲ ਬਣਾਉਣ ਵਾਲੇ ਇਸਤੋਂ ਵੱਧ ਕੀਮਤ ਨਹੀਂ ਮੰਗ ਸਕਦੇ ਕਿਉਂਕਿ ਦੂਜੇ ਗਰੀਬ ਦੇਸ਼ 'ਸੰਸਾਰ ਦੀ ਫਰੀ ਮਾਰਕੀਟ' ਵਿਚ ਉਹਨਾਂ ਤੋਂ ਸਸਤਾ ਮਾਲ ਵੇਚਣ ਲਈ ਤਿਆਰ ਹਨ। ਇਸ ਲਈ ਮਾਲ ਬਣਾਉਣ

- ਬਾਕੀ ਸਫਾ 20 'ਤੇ

# ਆਪਣੇ ਲੋਕ



## ਅਜਮੇਰ ਰੋਡੇ

## ਪਲਾਜ਼ੇ ਦੀ ਸੈਰ

ਪਿਛਲੇ ਵੀਹ ਤੀਹ ਸਾਲਾਂ ਤੋਂ ਕੈਨੇਡਾ, ਅਮਰੀਕਾ ਵਿਚ ਨਵੀਂ ਕਿਸਮ ਦੇ ਬਾਜ਼ਾਰ ਹੋਂਦ ਵਿਚ ਆਏ ਹਨ। ਇਹਨਾਂ ਬਾਜ਼ਾਰਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਸਾਰੇ ਦੇ ਸਾਰੇ ਛੱਤੇ ਹੁੰਦੇ ਹਨ। ਜ਼ਮੀਨ ਦੇ ਉਪਰ, ਹੇਠਾਂ ਅਕਸਰ ਕਈ ਲੈਵਲ ਹੁੰਦੇ ਹਨ ਅਤੇ ਇਹਨਾਂ ਲੈਵਲਾਂ ਉਤੇ ਸੈਂਕੜੇ ਛੋਟੀਆਂ ਵੱਡੀਆਂ ਦੁਕਾਨਾਂ, ਮਹਾਂ-ਦੁਕਾਨਾਂ, ਰੈਸਟੋਰੈਂਟ ਅਤੇ ਸਿਨਮੇ ਆਦਿ ਹੁੰਦੇ ਹਨ। ਬਾਹਰ ਮੀਂਹ ਪੈ ਰਿਹਾ ਹੋਵੇ, ਝੱਖੜ ਝੁੱਲ ਰਿਹਾ ਹੋਵੇ, ਬਰਫ ਪੈ ਰਹੀ ਹੋਵੇ, ਇਹਨਾਂ ਬਾਜ਼ਾਰਾਂ ਅੰਦਰ ਮੌਸਮ ਇਕੋ ਜਿਹਾ ਸੁਖਾਵਾਂ ਰਹਿੰਦਾ ਹੈ। ਅੰਗਰੇਜ਼ੀ ਵਿਚ ਇਹਨਾਂ ਬਾਜ਼ਾਰਾਂ ਨੂੰ ਸ਼ਾਪਿੰਗ ਮਾਲ ਜਾਂ ਪਲਾਜ਼ਾ ਕਿਹਾ ਜਾਂਦਾ ਹੈ। ਇਹਨਾਂ ਪਲਾਜ਼ਿਆਂ ਦੀ ਇਕ ਮੌਜ ਇਹ ਹੈ ਕਿ ਸਾਰੇ ਪਲਾਜ਼ੇ ਵਿਚ ਅੰਦਰੋ ਅੰਦਰ ਜਿੱਥੇ ਮਰਜੀ ਤੁਰੇ ਫਿਰੋ, ਜਿਸ ਦੁਕਾਨ ਵਿਚ ਮਰਜੀ ਵੜ ਜਾਓ ਨਿਕਲ ਆਓ ਕੋਈ ਰੋਕਦਾ ਟੋਕਦਾ ਨਹੀਂ। ਹਰ ਰੋਜ ਅਨੇਕਾਂ ਲੋਕ ਕੇਵਲ ਪਲਾਜ਼ਿਆਂ ਵਿਚ ਤੁਰ ਫਿਰ ਕੇ, ਖਾ ਪੀ ਕੇ, ਬਿਨਾਂ ਕੁੱਝ ਖਰੀਦਣ ਦੇ ਘਰ ਆ ਜਾਂਦੇ ਹਨ।

ਵੈਨਕੂਵਰ ਦੇ ਈਸਟ ਪਲਾਜ਼ੇ ਵਿਚ ਹਰ ਰੋਜ ਦੀ ਤਰਾਂ ਅੱਜ ਵੀ ਗਹਿਮਾਂ ਗਹਿਮੀ ਹੈ। ਇਸ ਪਲਾਜ਼ੇ ਦੇ ਆਸ ਪਾਸ ਦੇ ਇਲਾਕੇ ਵਿਚ ਭਾਰਤੀ ਮੂਲ ਦੇ ਲੋਕ ਵੀ ਕਾਫੀ ਗਿਣਤੀ ਵਿਚ ਰਹਿੰਦੇ ਹਨ। ਪਲਾਜ਼ੇ ਦੇ ਕੇਂਦਰ ਵਿਚਕਾਰ ਇਕ ਵੱਡਾ ਫੁਹਾਰਾ ਹੈ ਜਿਸ ਦੇ ਆਲੇ ਦੁਆਲੇ ਬੈਠਣ ਲਈ ਬੈਂਚ ਬਣੇ ਹੋਏ ਹਨ। ਫੁਹਾਰੇ ਤੋਂ ਪੂਰਬ ਵਲ ਨੂੰ ਜਾਂਦੀ ਦੁਕਾਨਾਂ ਦੀ ਕਤਾਰ ਵਿਚ ਪਹਿਲੀ ਦੁਕਾਨ ਜੁੱਤੀਆਂ, ਬੂਟਾਂ, ਚੱਪਲਾਂ ਨਾਲ ਭਰੀ ਹੋਈ ਅਤੇ ਸਜੀ ਹੋਈ ਹੈ। ਇਸ ਦੁਕਾਨ ਦਾ ਨਾਮ, ਫੈਸ਼ਨ ਸ਼ੂ ਸਟੋਰ ਹੈ।

ਸਟੋਰ ਦੇ ਸਾਹਮਣੇ ਬਣੇ ਬੈਂਚ ਉੱਤੇ ਤ੍ਰਿਲੋਕ ਸਿੰਘ ਗਿੱਲ ਬੈਠਾ ਹੈ।

ਤ੍ਰਿਲੋਕ ਸਿੰਘ ਦੀ ਨਜ਼ਰ ਆਸੇ ਪਾਸੇ ਤਕਦੀ ਸ਼ੂ ਸਟੋਰ ਦੇ ਗੋਰੇ ਮੈਨੇਜਰ ਨਾਲ ਮਿਲੀ। ਮੈਨੇਜਰ ਨੇ ਤ੍ਰਿਲੋਕ ਸਿੰਘ ਵੱਲ ਘੂਰ ਕੇ ਵੇਖਿਆ। ਤ੍ਰਿਲੋਕ ਸਿੰਘ ਨੂੰ ਮੈਨੇਜਰ ਦਾ ਇਹ ਵਤੀਰਾ ਚੰਗਾ ਨਾ ਲੱਗਾ ਤੇ ਉਸ ਨੇ ਨਜ਼ਰ ਦੂਜੇ ਪਾਸੇ ਕਰ ਲਈ। ਤ੍ਰਿਲੋਕ ਸਿੰਘ ਦੂਜੇ ਚੌਥੇ ਦਿਨ ਏਸੇ ਬੈਂਚ ਤੇ ਆ ਕੇ ਬੈਠਦਾ ਹੈ। ਗੋਰਾ ਮੈਨੇਜਰ ਤ੍ਰਿਲੋਕ ਸਿੰਘ ਵੱਲ ਇਸ ਤਰਾਂ ਘੂਰ ਕੇ ਕਿਉਂ ਵੇਖਦਾ ਹੈ, ਇਸ ਭੇਦ ਦਾ ਕੇਵਲ ਤ੍ਰਿਲੋਕ ਸਿੰਘ ਨੂੰ ਹੀ ਪਤਾ ਹੈ ਤੇ ਜਾਂ ਮੈਨੇਜਰ ਨੂੰ।

ਤ੍ਰਿਲੋਕ ਸਿੰਘ ਅਤੇ ਮੈਨੇਜਰ ਦੀ ਨਜ਼ਰ ਇਕ ਦੋ ਵਾਰ ਫੇਰ ਮਿਲੀ। ਉਹ ਕੁੱਝ ਔਖ ਜਿਹੀ ਮਹਿਸੂਸ ਕਰ ਕੇ ਉੱਥੋਂ ਉੱਠ ਖੜੋਤਾ। ਉਂਝ ਉਸ ਨੂੰ ਪਤਾ ਹੈ ਕਿ ਬੈਂਚ ਤੇ ਬੈਠਣ ਦਾ ਉਸ ਨੂੰ ਅਧਿਕਾਰ ਹੈ ਅਤੇ ਮੈਨੇਜਰ ਉਸ ਨੂੰ ਉੱਥੋਂ ਉਠਾ ਨਹੀਂ ਸਕਦਾ। ਪਰ ਫੇਰ ਵੀ ਉਹ ਉੱਠ ਖੜੋਤਾ ਅਤੇ ਪਲਾਜ਼ੇ ਦੀ ਪੱਛਮ ਵੱਲ ਨੂੰ ਜਾਂਦੀ ਗਲੀ ਵਿਚਕਾਰ ਤੁਰ ਪਿਆ। ਦੋਹੀਂ ਪਾਸੀਂ ਲਿਸ਼ਕਾਰੇ ਮਾਰਦੀਆਂ ਦੁਕਾਨਾਂ ਅਤੇ ਵਿਚਕਾਰ ਲੋਕਾਂ ਦੀ ਭੀੜ। ਉਸ ਨੇ ਸੱਜੇ ਪਾਸੇ ਵੇਖਿਆ, ਜਾਪਿਆ ਜਿਵੇਂ ਕਪੜੇ ਦੀ ਦੁਕਾਨ ਸਾਹਮਣੇ ਉਹਨਾਂ ਦੇ ਗੁਆਂਢ ਰਹਿੰਦੀ ਗੋਰੀ ਔਰਤ ਖੜ੍ਹੀ ਹੋਵੇ। ਉਹ ਕੋਲ ਜਾ ਕੇ ਹੈਲੋ ਕਹਿੰਦਾ ਕਹਿੰਦਾ ਰਹਿ ਗਿਆ। ਕੋਈ ਹੋਰ ਨਿਕਲੀ, ਐਨ ਜੈਨੀ ਵਰਗੀ, ਭਾਰੀ ਤੇ ਖੁਸ਼-ਤਬੀਅਤ, ਹਰ ਇਕ ਨਾਲ ਹੱਸ ਕੇ ਬੋਲਣ ਵਾਲੀ।

ਜੈਨੀ ਦਾ ਭੁਲੇਖਾ ਪੈਣ ਨਾਲ ਤ੍ਰਿਲੋਕ ਸਿੰਘ ਦੇ ਮਨ ਵਿਚ ਫੇਰ ਉਹੀ ਸੋਚਾਂ ਦਾ ਚੱਕਰ ਚਲ ਪਿਆ। ਕੁੱਝ ਗੱਲਾਂ ਅਜਿਹੀਆਂ ਹਨ ਜਿਨਾਂ ਦੇ ਠੀਕ ਜਾਂ ਗਲਤ ਹੋਣ ਦਾ ਉਹ ਨਿਰਨਾ ਨਹੀਂ ਕਰ ਸਕਦਾ ਤੇ ਨਾ ਹੀ ਇਹ ਗੱਲਾਂ ਉਹ ਹੋਰ ਕਿਸੇ ਨਾਲ ਸਾਂਝੀਆਂ ਕਰ ਸਕਦਾ ਹੈ। ਉਸ ਦੀ ਉਮਰ ਪੈਂਹਠ ਸਾਲ ਤੋਂ ਉੱਤੇ ਹੋ ਚੁਕੀ ਹੈ। ਉਹ ਹੈਰਾਨ ਹੈ ਕਿ ਉਸਨੂੰ ਤੀਵੀਆਂ ਅਜੇ ਵੀ ਉਸੇ ਤਰਾਂ ਚੰਗੀਆਂ ਲਗਦੀਆਂ ਹਨ ਜਿਵੇਂ ਜੁਆਨੀ ਵੇਲੇ ਲਗਦੀਆਂ ਸਨ। ਕਈ ਵਾਰੀ ਤਾਂ ਉਸਨੂੰ ਆਪਣੇ ਆਪ ਤੇ ਖਿੱਝ ਵੀ ਆ ਜਾਂਦੀ ਹੈ ਜਦੋਂ ਉਹ ਅਣਜਾਣੇ ਹੀ ਕਿਸੇ ਬਿਗਾਨੀ ਔਰਤ ਨੂੰ ਅੱਖਾਂ ਪਾੜ ਪਾੜ ਕੇ ਵੇਖਣ ਲੱਗ ਜਾਂਦਾ। ਪੰਜਾਬ ਵਿਚ ਐਸੇ ਬੰਦੇ ਨੂੰ ਲੋਕ 'ਠਰਕੀ ਬੁੜ੍ਹਾ' ਕਹਿੰਦੇ ਸਨ। ਕੈਨੇਡਾ ਵਿਚ 'ਡਰਟੀ ਓਲਡ ਮੈਨ'। ਤ੍ਰਿਲੋਕ ਸਿੰਘ ਨੂੰ ਇਹ ਦੋਵੇਂ ਸ਼ਬਦ ਹੀ ਪਸੰਦ ਨਹੀਂ। ਉਹ ਤਾਂ ਇੱਜ਼ਤ ਨਾਲ ਹੀ ਬੁਲਾਇਆ ਜਾਣਾ ਚਾਹੁੰਦਾ ਹੈ।

'ਜੁਆਨੀ ਵਿਚ ਇਸ ਗੱਲੋਂ ਕਿੰਨੀ ਮੌਜ ਸੀ।' ਉਸਨੂੰ ਖਿਆਲ ਆਇਆ, ਅਤੇ ਵੀਡੀਓ ਵਾਂਗ ਕਿੰਨੇ ਹੀ ਸੀਨ ਅਤੇ ਕਿੰਨੀਆਂ ਹੀ ਮੁਟਿਆਰਾਂ ਉਸ ਵਲ ਗੁੱਝੇ ਇਸ਼ਾਰੇ ਕਰਦੀਆਂ, ਮੁਸਕਾਉਂਦੀਆਂ, ਮਟਕ ਮਟਕ ਤੁਰਦੀਆਂ, ਨਚਦੀਆਂ-ਟਪਦੀਆਂ ਉਸ ਦੇ ਮਨ ਦੀ ਸਕਰੀਨ ਤੋਂ ਲੰਘ ਗਈਆਂ। 'ਸਭ ਹੁਣ ਮੇਰੇ ਵਾਂਗ ਹੀ ਸਿਆਣੀ ਉਮਰ ਦੀਆਂ ਹੋਗੀਆਂ ਹੋਣਗੀਆਂ' ਤ੍ਰਿਲੋਕ ਸਿੰਘ ਨੇ ਸੋਚਿਆ। (ਤ੍ਰਿਲੋਕੇ ਨੂੰ 'ਬਜ਼ੁਰਗ' ਅਤੇ 'ਬੁੱਢਾ' ਸ਼ਬਦ ਵੀ ਚੰਗੇ ਨਹੀਂ ਲਗਦੇ)। ਜੁਆਨੀ ਸਮੇਂ ਦੀਆਂ ਕਿੰਨੀਆਂ ਹੀ ਗੱਲਾਂ ਤੇ ਉਹਨੂੰ ਝੋਰਾ ਜਿਹਾ ਹੁੰਦਾ ਅਤੇ ਕਈਆਂ ਤੇ ਹਾਸਾ ਆ ਜਾਂਦਾ। 'ਓਦੋਂ ਜੇ ਹੌਂਸਲਾ ਕਰ ਲੈਂਦਾ। ਪੀਤੋ ਕਿੰਨਾ ਜਿਗਰਾ ਕਢ ਕੇ ਆਈ ਸੀ।'

ਤੁਰਦਾ ਤੁਰਦਾ ਤ੍ਰਿਲੋਕ ਸਿੰਘ ਕੋਨੇ ਵਾਲੇ ਰੈਸਟੋਰੈਂਟ ਤੇ ਪਹੁੰਚ ਗਿਆ। ਇੱਥੇ ਪੁੱਜਣ ਨਾਲ ਉਸ ਦੀਆਂ ਯਾਦਾਂ ਦੀ ਲੜੀ ਟੁੱਟ ਗਈ। ਇਹ ਰੈਸਟੋਰੈਂਟ ਉਸਨੂੰ ਬਹੁਤ ਚੰਗਾ ਲਗਦਾ ਹੈ। ਇਸ ਦਾ ਨਾਮ ਵੀ 'ਮ-ਗਿੱਲ' ਕਾਫੀ ਹਾਊਸ ਹੈ, ਉਸਦੇ ਆਪਣੇ ਗੋਤ ਨਾਲ ਮਿਲਦਾ ਜੁਲਦਾ। ਇਥੇ ਕਾਊਂਟਰ ਤੇ ਕੰਮ ਕਰਦੀਆਂ ਔਰਤਾਂ ਵੀ ਅਕਸਰ ਹੱਸ ਕੇ ਬੁਲਾਉਂਦੀਆਂ ਹਨ। ਸ਼ੂ ਸਟੋਰ ਦੇ ਮੈਨੇਜਰ ਵਾਂਗ ਘੂਰੀ ਵੱਟ ਕੇ ਨਹੀਂ ਵੇਖਦੀਆਂ। ਕਾਫੀ ਪੀਣ ਨੂੰ ਜੀਅ ਕੀਤਾ। ਕਾਊਂਟਰ ਤੋਂ ਕਾਫੀ ਦਾ ਮੱਗ ਲੈ ਕੇ ਤ੍ਰਿਲੋਕ ਸਿੰਘ ਇਕ ਸੀਟ ਤੇ ਆ ਬੈਠਾ। ਕਾਫੀ ਦੀਆਂ ਹੌਲੀ ਹੌਲੀ ਘੁੱਟਾਂ ਭਰਦਾ ਉਹ ਲੰਘਦੇ ਲੋਕਾਂ ਨੂੰ ਦੇਖੀ ਜਾਂਦਾ ਸੀ। ਇਕ ਗੋਰਾ ਆਦਮੀ ਅਤੇ ਔਰਤ ਜੋ ਤ੍ਰਿਲੋਕੇ ਦੀ ਉਮਰ ਦੇ ਹੀ ਲਗਦੇ ਸਨ, ਉਸਦੇ ਕੋਲ ਦੀ ਹੱਥ ਵਿਚ ਹੱਥ ਪਾਈ ਜਾਂਦੇ ਲੰਘੇ। ਤ੍ਰਿਲੋਕ ਸਿੰਘ ਦਾ ਮਨ ਖਿੜ ਗਿਆ। 'ਆਹ ਤਾਂ ਹੋਈ ਨ ਗੱਲ। ਕਿਵੇਂ ਦੁਨੀਆਂ ਤੋਂ ਬੇਪਰਵਾਹ ਐਸ਼ ਨਾਲ ਤੁਰੇ ਜਾਂਦੇ ਐ। ਜ਼ਿੰਦਗੀ ਤਾਂ ਇਹਨਾਂ ਲੋਕਾਂ ਦੀ ਐ' ਤ੍ਰਿਲੋਕ ਸਿੰਘ ਨੇ ਸੋਚਿਆ।

ਇਸ ਨਿੱਕੇ ਜਿਹੇ ਹਾਦਸੇ ਨਾਲ ਹੀ ਉਸ ਨੂੰ ਇਕ ਅਜੀਬ ਅਹਿਸਾਸ ਹੋਇਆ। 'ਉਸਦਾ ਕੋਈ ਕਸੂਰ ਨੀ।' ਤ੍ਰਿਲੋਕ ਸਿੰਘ ਨੇ ਸੋਚਿਆ। 'ਇਹ ਤਾਂ ਕੁਦਰਤੀ ਗੱਲ ਐ, ਜਜ਼ਬਾ ਐ। ਇਹਦੇ ਵਿਚ ਕੀ

ਪਾਪ ਐ? ਇਹਨਾਂ ਗੋਰੇ ਗੋਰੀਆਂ ਨੂੰ ਕੋਈ ਮਾੜਾ ਨੀ ਕਹਿੰਦਾ।' ਉਸਨੂੰ ਜਾਪਿਆ ਜਿਵੇਂ ਉਸਦੇ ਮਨ ਦੁਆਲਿਓਂ ਕੋਈ ਧੁੰਦ ਜਿਹੀ ਸਾਫ ਹੋ ਗਈ ਹੋਵੇ। 'ਇਹ ਤਾਂ ਸ਼ੈਦ ਆਪਣੇ ਸਮਾਜ ਦਾ ਈ ਚੱਕਰ ਐ ਬਈ ਬੰਦੇ ਨੂੰ ਨੱਪੀ ਰੱਖੋ' ਹੁਣ ਉਸਨੂੰ ਮਹਿਸੂਸ ਹੋਇਆ ਜਿਸ ਤਰਾਂ ਜਾਤਾਂ ਪਾਤਾਂ, ਰੰਗਾਂ ਨਸਲਾਂ ਦੇ ਨਾਮ ਉਤੇ ਵਿਤਕਰਾ ਹੁੰਦਾ ਐ, ਉਸੇ ਤਰਾਂ 'ਵੱਡੀ ਉਮਰ' ਨਾਲ ਵੀ ਵਿਤਕਰਾ ਹੁੰਦਾ ਹੈ। 'ਲੋਕ ਥੋੜੇ ਮੂੰਹ ਤੇ ਈ ਬੁੜ੍ਹਿਆਂ ਨੂੰ ਟਿੱਚਰਾਂ ਕਰੀ ਜਾਂਦੇ ਐ। ਇਹ ਵੀ ਨੀ ਸੋਚਦੇ ਬਈ ਸਿਆਣੀ ਉਮਰ ਦੇ ਬੰਦੇ ਦੇ ਮਨ ਉਤੇ ਕੀ ਬੀਤਦੀ ਹੋਊ....ਖੈਰ। ਜੁਆਨੀ ਵੇਲੇ ਆਪ ਵੀ ਤਾਂ ਇਉਂ ਈ ਕਰਦੇ ਸੀ....ਪਰ ਹੈ ਇਹ ਗਲਤ'।

ਤ੍ਰਿਲੋਕ ਸਿੰਹੁ ਕਾਫੀ ਖਤਮ ਕਰ ਕੇ ਉੱਥੋਂ ਉੱਠ ਖੜੋਤਾ ਤੇ ਵਾਪਸ ਤੁਰ ਪਿਆ। ਹੁਣ ਉਸਨੂੰ ਯਕੀਨ ਸੀ ਕਿ ਉਹ ਔਰਤਾਂ ਵੱਲ ਵੇਖ ਕੇ ਕੋਈ ਪਾਪ ਨਹੀਂ ਕਰਦਾ। ਪਰ ਇਸ ਦੇ ਨਾਲ ਹੀ ਉਸਨੂੰ ਪਤਾ ਸੀ ਕਿ ਘਰ ਦੇ ਰਿਸ਼ਤੇਦਾਰ ਜਾਂ ਆਮ ਲੋਕ ਇਹੋ ਜਿਹੀਆਂ ਗੱਲਾਂ ਨੂੰ ਬੁਰੀ ਨਜ਼ਰ ਨਾਲ ਦੇਖਦੇ ਹਨ, ਅਤੇ ਉਹ ਇਹ ਹਰਗਿਜ਼ ਨਹੀਂ ਚਾਹੁੰਦਾ ਕਿ ਕੋਈ ਉਸਨੂੰ 'ਠਰਕੀ' ਕਹੇ। 'ਜੇ ਬੰਦੇ ਦੀ ਇੱਜ਼ਤ ਹੀ ਨਾ ਰਹੇ ਤਾਂ ਜ਼ਿੰਦਗੀ ਕਾਹਦੀ ਐ?' ਉਹ ਸੋਚਦਾ। ਉਸਨੂੰ ਪਤਾ ਹੈ ਕਿ ਬਦਫੈਲੀਆਂ ਕਰਨ ਵਾਲੇ ਬਦਮਾਸ਼ ਅਤੇ ਸ਼ਰਾਬੀ ਕਬਾਬੀ ਬੰਦੇ ਵੀ ਆਪਣੇ ਆਪ ਨੂੰ ਮਾੜਾ ਨਹੀਂ ਕਹਾ ਸਕਦੇ।

'ਫੇਰ ਇਸ ਗੱਲ ਦਾ ਹੱਲ ਕੀ ਹੋਇਆ?' ਉਸਨੇ ਪਹਿਲਾਂ ਕਈ ਵਾਰ ਕੋਸ਼ਿਸ਼ ਕੀਤੀ ਸੀ ਕਿ ਆਪਣੇ ਹਾਣੀਆਂ ਵਿਚ ਬਹਿ ਕੇ ਤੇ ਹੱਸ ਖੇਡ ਕੇ 'ਟੈਮ ਪਾਸ' ਕੀਤਾ ਜਾਵੇ ਪਰ ਐਸਾ ਨਿਵੇਕਲਾ ਕੋਈ ਥਾਂ ਈ ਨਹੀਂ ਸੀ ਜਿੱਥੇ ਬਹਿ ਕੇ ਕਦੇ ਕਦਾਈਂ ਉਹ ਮਨ ਭਾਉਂਦੀਆਂ ਕਰ ਸਕਣ ਅਤੇ ਜੁਆਨੀ ਵੇਲੇ ਵਾਂਗ ਤੀਵੀਆਂ ਦੀਆਂ ਗੱਲਾਂ ਕਰ ਸਕਣ। ਜੇ ਕਦੇ ਕਦਾਈਂ ਚਾਰ ਵੱਡੀ ਉਮਰ ਦੇ ਬੰਦੇ ਬਹਿ ਕੇ ਦਾਰੂ ਪੀ ਲੈਣ ਤੇ ਗੱਲਾਂ ਬਾਤਾਂ ਮਾਰ ਲੈਣ ਤਾਂ ਲੋਕ ਟਿੱਚਰਾਂ ਕਰਦੇ ਐ, ਗੱਲਾਂ ਬਣਾਉਂਦੇ ਐ ਬਈ 'ਬੁੜ੍ਹਿਆਂ ਤੇ ਪੁਠੇ ਦਿਨ ਆਏ ਐ'। ਗੁਰਦੁਆਰੇ ਜਾਣ ਬਾਰੇ ਸੋਚਿਆ ਪਰ ਰੋਜ ਰੋਜ ਗੁਰਦਵਾਰੇ ਵੀ ਜਾਕੇ ਮਨ ਨੀ ਲਗਦਾ। ਨਾਲੇ ਗੁਰੂ ਘਰ ਜਾਕੇ ਤਾਂ ਐਸੀ ਵੈਸੀ ਨਜਰ ਨਾਲ ਵੇਖਣਾ ਉਂ ਵੀ ਮਾੜਾ ਐ। ਪਲਾਜ਼ੇ ਵਿਚ ਇਹਨਾਂ ਗੱਲਾਂ ਤੋਂ ਤਾਂ ਮੋਜ ਐ ਪਰ ਇਥੇ ਹੋਰ ਕੋਈ ਕਿਸਮ ਦੇ ਜੱਬ ਐਂ। ਉਸਨੂੰ ਇਕ ਟਰਾਂਟੋ ਰਹਿੰਦੇ ਰਿਸ਼ਤੇਦਾਰ ਨੇ ਦੱਸਿਆ ਕਿ ਓਥੇ ਕਈ ਪਲਾਜ਼ਿਆਂ ਵਿਚ ਆਪਣੇ ਲੋਕ ਬੈਂਚਾਂ ਤੇ ਜਾ ਕੇ ਬੈਠਦੇ ਐ, ਸਟੋਰਾਂ ਵਾਲੇ ਲੋਕ ਸ਼ਕਾਇਤਾਂ ਲਾਉਂਦੇ ਐ ਬਈ ਹਿੰਦੂ ਬੁੜ੍ਹੇ ਬੈਠੇ ਸਟੋਰਾਂ 'ਚ ਆਉਣ ਜਾਣ ਵਾਲੀਆਂ ਤੀਵੀਆਂ ਨੂੰ ਤਾੜਦੇ ਐ ਤੇ ਉਹ ਪਰੇਸ਼ਾਨ ਹੁੰਦੀਆਂ ਹਨ। 'ਐਵੇਂ ਸਾਲੇ ਕੁੱਤੇ...' ਤਿਲੋਕ ਸਿਹੁੰ ਦੇ ਮੂਹੋਂ ਗਾਲ੍ਹ ਨਿਕਲੀ। ਪਰ ਨਾਲ ਇਹ ਸੋਚ ਵੀ ਆਈ ਕਿ ਗੋਰੇ ਪੰਜਾਬੀ ਬਜ਼ੁਰਗਾਂ ਨੂੰ ਕੀ ਸਮਝਦੇ ਹੋਣਗੇ? ਇਹ ਸੋਚ ਕੇ ਉਹ ਜਿੱਚ ਜਿਹਾ ਹੋ ਗਿਆ।

'ਪਰ ਪਲਾਜ਼ਾ ਈ ਤਾਂ ਐਸੀ ਥਾਂ ਹੈ ਜਿੱਥੇ ਦੋ ਘੜੀ ਬੰਦਾ ਅਜ਼ਾਦੀ ਜਿਹੀ ਨਾਲ ਤੁਰ ਫਿਰ ਸਕਦਾ ਐ, ਆਸੇ ਪਾਸੇ ਝਾਕ ਸਕਦਾ ਐ। ਜਾਂ ਤਾਂ ਫੇਰ ਪਲਾਜ਼ੇ ਵਰਗੀ ਕੋਈ ਹੋਰ ਥਾਂ ਹੋਵੇ। ਘਰੇ, ਰਿਸ਼ਤੇਦਾਰਾਂ 'ਚ ਤੇ ਹੋਰ ਥਾਵਾਂ ਉਤੇ ਤਾਂ ਦੂਜਿਆਂ ਦੀ ਇੱਛਾ ਅਨੁਸਾਰ ਤੇ ਦੂਜਿਆਂ ਦੇ ਹੁਕਮ ਅਨੁਸਾਰ ਬਜ਼ੁਰਗੀ ਦਾ ਜਾਮਾ ਪਹਿਨ ਕੇ ਰਾਮ ਰਾਮ ਕਰਨਾ ਪੈਂਦਾ ਹੈ। ਪਰ ਜੇ ਰੱਬ ਨੇ ਅੰਦਰ ਠੰਢ ਨਹੀਂ ਵਰਤੌਣੀ ਤਾਂ ਇਹਦੇ ਵਿਚ ਬੰਦੇ ਦਾ ਕੀ ਕਸੂਰ? ਰੱਬ ਤਾਂ ਕਹਿੰਦਾ " ਮੈਂ ਤਾਂ ਬੰਦਿਆਂ ਬੱਸ ਤੇਰੇ ਵਾਲ ਈ ਚਿੱਟੇ ਕਰਨੇ ਐ, ਅੰਦਰਲੀ ਗਰਮੀ ਸਰਦੀ ਤੂੰ ਆਪ ਸੰਭਾਲ।"

ਤ੍ਰਿਲੋਕ ਸਿੰਹੁ ਦਾ ਮਨ ਇਹਨਾਂ ਗੱਲਾਂ ਵਿਚ ਬੁਰੀ ਤਰਾਂ ਉਲਝ ਗਿਆ। ਤੁਰਦਾ ਤੁਰਦਾ ਉਹ ਵਾਪਸ ਸ਼ੂ ਸਟੋਰ ਕੋਲ ਆ ਗਿਆ। ਉਸ ਤੋਂ ਠੀਕ ਜਾਂ ਗਲਤ ਦਾ ਅਜੇ ਵੀ ਪੂਰੀ ਤਰਾਂ ਨਿਰਣਾ ਨਹੀਂ ਸੀ ਹੋ ਰਿਹਾ ਅਤੇ ਨਾਂ ਹੀ ਕਿਸੇ ਗੱਲ ਦਾ ਹੱਲ ਮਿਲਿਆ ਸੀ। ਉਸ ਨੇ ਪਹਿਲਾਂ ਵਾਲੇ ਬੈਂਚ ਤੇ ਬੈਠਣ ਦੀ ਥਾਂ ਖੜ੍ਹੇ ਖੜ੍ਹੇ ਨੇ ਮੂੰਹ ਸਟੋਰ ਵੱਲ ਘੁਮਾਇਆ, ਜਿਵੇਂ ਅੰਦਰ ਜਾਣਾ ਹੋਵੇ। ਸਟੋਰ ਵਿਚ ਇਕ ਅੱਧਖੜ ਉਮਰ ਦੀ ਔਰਤ ਬੂਟ ਮੇਚ ਕਰਵਾ ਰਹੀ ਸੀ। ਉਸਦੀ ਸਕਰਟ ਪਿੰਜਣੀ ਤੱਕ ਉੱਚੀ ਹੋਈ ਵੀ ਸੀ। ਤ੍ਰਿਲੋਕ ਸਿੰਘ ਦੀ ਨਜ਼ਰ ਸੁਡੋਲ ਗੋਰੀ ਲੱਤ ਉਤੇ ਪਈ, ਉਸਨੂੰ ਸਰੂਰ ਜਿਹਾ ਆ ਗਿਆ ਤੇ ਮਨ ਅੰਦਰ ਚੱਲ ਰਿਹਾ ਵਾਦ ਵਿਵਾਦ ਅਲੋਪ ਹੋ ਗਿਆ। ਉਹ ਸਟੋਰ ਵਿਚ ਚਲਾ ਗਿਆ ਅਤੇ ਜਾ ਕੇ ਕੰਧ ਨਾਲ ਸਜਾਈਆਂ ਜੁੱਤੀਆਂ ਵੇਖਣ ਲੱਗ ਪਿਆ। ਬੂਟ ਮੇਚ ਕਰਵੌਣ ਵਾਲੀ ਔਰਤ ਨੂੰ ਬੂਟ ਪਸੰਦ ਨਾ ਆਏ ਤੇ ਉਹ ਉੱਠ ਕੇ ਤ੍ਰਿਲੋਕ ਸਿੰਹੁ ਵਾਲੇ ਰੈਕ ਤੇ ਹੀ ਹੋਰ ਬੂਟ ਵੇਖਣ ਲੱਗ ਪਈ। ਤ੍ਰਿਲੋਕ ਸਿੰਹੁ ਇਕ ਜੁੱਤੀ ਨੂੰ ਵੇਖ ਰਿਹਾ ਸੀ। ਰੈਕ ਉਤੇ ਵਾਪਸ ਰੱਖਣ ਲੱਗੇ ਤੋਂ ਜੁੱਤੀ ਥੱਲੇ ਡਿੱਗ ਪਈ। ਉਹ ਝੁੱਕ ਕੇ ਜੁੱਤੀ ਚੁੱਕਣ ਲੱਗਾ ਤਾਂ ਅਣਜਾਣੇ ਹੀ ਹਲਕਾ ਜਿਹਾ ਔਰਤ ਨਾਲ ਖਹਿ ਗਿਆ। 'ਸੋਰੀ' ਤ੍ਰਿਲੋਕ ਸਿੰਹੁ ਨੇ ਸਿੱਧੇ ਹੁੰਦਿਆਂ ਔਰਤ ਨੂੰ ਕਿਹਾ। 'ਓ, ਇਟ'ਜ਼ ਔਲਰਾਈਟ', ਔਰਤ ਨੇ ਮੁਸਕਰਾ ਕੇ ਸਹਿਜ ਭਾਵ ਨਾਲ ਉੱਤਰ ਦਿੱਤਾ ਅਤੇ ਉਸੇ ਤਰਾਂ ਜੁੱਤੀਆਂ ਵੇਖਦੀ ਰਹੀ। ਤ੍ਰਿਲੋਕ ਸਿੰਹੁ ਨੂੰ ਜਾਪਿਆ ਔਰਤ ਦੇ ਮੂੰਹੋਂ ਨਿਕਲੇ ਸ਼ਬਦ ਫੁੱਲਾਂ ਦੇ ਬਣੇ ਸਨ ਤੇ ਉਹਨਾਂ ਚੋਂ ਮਹਿਕ ਆਉਂਦੀ ਸੀ।

'ਮੇ ਆਈ ਹੈਲਪ ਯੂ?' ਤ੍ਰਿਲੋਕ ਸਿੰਹੁ ਦੇ ਪਿੱਛੋਂ ਸਟੋਰ ਦੇ ਮੈਨੇਜਰ ਨੇ ਆਕੇ ਖਰ੍ਹਵੀ ਆਵਾਜ ਵਿਚ ਕਿਹਾ। ਉਸਨੂੰ ਤ੍ਰਿਲੋਕ ਸਿੰਹੁ ਦਾ ਰੋਜ ਰੋਜ ਬੈਂਚ ਤੇ ਬੈਠਣਾ ਪਸੰਦ ਨਹੀਂ ਸੀ। ਤ੍ਰਿਲੋਕ ਸਿੰਹੁ ਨੂੰ ਜਾਪਿਆ ਜਿਵੇਂ ਅਚਾਨਕ ਕਿਸੇ ਨੇ ਇੱਟ ਮਾਰੀ ਹੋਵੇ ਪਰ ਉਹ ਛੇਤੀ ਹੀ ਸੰਭਲ ਕੇ ਬੋਲਿਆ, 'ਗਿਵ ਮੀ ਦੈਟ ਸ਼ੂ ਟੈਰੀ,' ਉਸਨੇ ਸਾਹਮਣੇ ਪਏ ਸੈਂਡਲਾਂ ਦੇ ਜੋੜੇ ਵੱਲ ਇਸ਼ਾਰਾ ਕੀਤਾ। ਮੈਨੇਜਰ ਠਠੰਬਰ ਜਿਹਾ ਗਿਆ। ਉਸ ਨੇ ਸੋਚਿਆ ਹੀ ਨਹੀਂ ਸੀ ਕਿ ਇਹ ਓਲਡ ਮੈਨ ਉਸ ਦੇ ਸਾਹਮਣੇ ਇਕ ਗਾਹਕ ਬਣ ਕੇ ਖੜ੍ਹ ਜਾਵੇਗਾ। ਉਸ ਦੇ ਖਿਆਲ 'ਚ ਤਾਂ ਉਹ ਉਸ ਬੂਟ ਲੈਣ ਆਈ ਤੀਵੀਂ ਨੂੰ ਹੀ ਤਾੜਨ ਆਇਆ ਸੀ। ਉਸ ਨੂੰ ਇਸ ਗੱਲ ਦੀ ਵੀ ਹੈਰਾਨੀ ਹੋਈ ਕਿ ਤ੍ਰਿਲੋਕ ਸਿੰਹੁ ਨੂੰ ਉਸ ਦਾ ਨਾਮ ਵੀ ਪਤਾ ਹੈ। ਪਰ ਜਿਸ ਸੈਂਡਲਾਂ ਦੇ ਜੋੜੇ ਵੱਲ ਤ੍ਰਿਲੋਕ ਸਿੰਹੁ ਨੇ ਇਸ਼ਾਰਾ ਕੀਤਾ ਸੀ ਉਹ ਤਾਂ ਕੁੜੀਆਂ ਦੇ ਸਨ। ਟੈਰੀ ਨੇ ਸਮਝਿਆ ਜੋ ਕੁੱਝ ਓਲਡ ਮੈਨ ਨੂੰ ਸਾਹਮਣੇ ਦਿਸਿਆ ਉਸੇ ਵੱਲ ਹੀ ਇਸ਼ਾਰਾ ਕਰ ਦਿਤਾ। 'ਆਰ ਯੂ ਸ਼ੋਅਰ ਯੂ ਵਾਂਟ ਦੀਜ਼ ਸ਼ੂਜ਼?' ਟੈਰੀ ਦੀ ਆਵਾਜ ਵਿਚ ਰੋਅਬ ਕੁਝ ਘੱਟ ਗਿਆ। 'ਯੈਸ ਆਈ ਵਾਂਟ ਦੀਜ਼,' ਤ੍ਰਿਲੋਕ ਸਿੰਹੁ ਨੇ ਗਾਹਕਾਂ ਵਾਲੀ ਅਵਾਜ਼ ਵਿਚ ਤਸੱਲੀ ਨਾਲ ਕਿਹਾ। ਟੈਰੀ ਨੇ ਸੈਂਡਲਾਂ ਦਾ ਬਿੱਲ ਬਣਾਇਆ। ਉਸ ਨੂੰ ਹੁਣ ਤ੍ਰਿਲੋਕ ਸਿੰਹੁ ਨਾਲ ਅੰਦਰੋ ਅੰਦਰ ਥੋੜ੍ਹੀ ਹਮਦਰਦੀ ਜਿਹੀ ਵੀ ਹੋਣ ਲੱਗੀ। ਇਕ ਤਾਂ ਤ੍ਰਿਲੋਕ ਸਿੰਹੁ ਨੇ ਉਸ ਨੂੰ ਨਾਮ ਲੈ ਕੇ ਬੁਲਾਇਆ ਸੀ, ਜੋ ਉਸਨੂੰ ਚੰਗਾ ਲੱਗਾ, ਦੂਜਾ ਉਹ ਸਮਝਦਾ ਸੀ ਕਿ ਪੂਅਰ ਓਲਡ ਮੈਨ ਇਹ ਸੈਂਡਲ ਬਿਨਾ ਲੋੜ ਤੋਂ ਕੇਵਲ ਉਸਦੇ ਖਰ੍ਹਵੇ ਬੋਲਣ ਕਰਕੇ ਹੀ ਲੈ ਰਿਹਾ ਹੈ।

ਪਰ ਤ੍ਰਿਲੋਕ ਸਿੰਹੁ ਖੁਸ਼ ਹੈ। ਉਸ ਨੇ ਤਾਂ ਇਹ ਸੈਂਡਲ ਆਪਣੀ ਪੋਤੀ ਸੋਨੀ ਵਾਸਤੇ ਲਏ ਹਨ ਜਿਸਦਾ ਕਲ੍ਹ ਨੂੰ ਜਨਮ ਦਿਨ ਹੈ ਅਤੇ ਜਿਸ ਨਾਲ ਉਸਨੂੰ ਅੰਤਾਂ ਦਾ ਮੋਹ ਹੈ।

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

## ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ



ਦਲਜੀਤ ਸਿੰਘ ਸਿੱਧੂ

**S & S INSURANCE**
(Associated Professional
Insurance Services Inc
6656 Main St. ((upstairs)
Vancouver, B.C.
**Ph: 324-5711**

Autoplan

**Auto - Home- Commercial Insurance**

ਅਸੀਂ ਵਿਜ਼ਟਿਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।

---

*Business Cards - Wedding Cards*
*Letterheads - Envelopes - Brochures -*
*Menus - Business Forms - Flyers -*
*Etc.,*

Special Photocopies

1-10 copies 7 cents
11-30 copies 6 cents
31-75 copies 5 cents
76 & up 4.5 cents

B/W X 11
(price per original)

FULL COLOR COPIES

**BUSINESS CARDS**
**(BLACK ON WHITE)**
**$ 19.95**
**1000 Business Cards**

## SUPER PRINTERS
Stationery & Copy Centre Ltd.

5934 Fraser Street, Vancouver, B.C.
V5W 2Z7
**321-0220**

---

**Specializing in the finest**
**East Indian Cousine**

## Natraj Restaurant & Catering Services

**Contact your famous Chef**



*TARLOK SACHDEVA*
**5656 Fraser St.**
**(Between 40 & 41 Ave.)**
**Ph: 327-6141**

**Now Open for Lunch**
**12 to 2:30 pm**
**Dinner Served**
**5 to 11 pm**

---

## ਕਰਤਾਰ ਫੋਟੋ ਸਟੂਡੀਓ

## *Kartar Photo Studio*

6618 Fraser St.,
50th Ave.
Vancouver B.C.
V5X 3T5
**Ph: 327-1700**



**-We also do-**
Passport, Citizenship,
& Wedding Photos
Special rate for Video movies

ਹਰ ਤਰ੍ਹਾਂ ਦੇ ਗਾਣਿਆਂ ਦੀਆਂ ਟੇਪਾਂ ਤੇ ਵੀਡੀਉ ਮੂਵੀਆਂ ਹਰ ਹਫਤੇ ਰੀਲੀਜ਼ ਕਰਦੇ ਹਾਂ। ਹਰ ਮੁਲਕ ਦੀ ਬਣੀ ਮੂਵੀ ਕਨਵਰਟ ਕਰਦੇ ਹਾਂ।

**ਸ਼ਰਤੀਆ ਕਲੀਅਰ ਪ੍ਰਿੰਟ - $8.00/hr**

ਕਹਾਣੀ

# ਮਕਸਦ

| | |

## ਅਮਨਪਾਲ ਸਾਰਾ

'ਡੈਡੀ! ਔਹ ਭਾਈ ਪਤਾ ਨੀ ਸਾਡੇ ਘਰ ਨੂੰ ਔਣਾ ਮੰਗਦਾ।' ਲਿਵਿੰਗ ਰੂਮ ਦੀ ਤਾਕੀ ਰਾਹੀਂ ਬਾਹਰ ਦੇਖ ਰਹੇ ਬੱਚੇ ਨੇ ਪਰ੍ਹੇ ਸੋਫ਼ੇ ਉਪਰ ਬੈਠੇ ਅਖਬਾਰ ਫਰੋਲਦੇ ਆਪਣੇ ਬਾਪ ਨੂੰ ਸੰਬੋਧਨ ਕਰਕੇ ਕਿਹਾ। ਕੁੱਝ ਦੇਰ ਜੁਆਬ ਨਾ ਆਇਆ ਤਾਂ ਬੱਚੇ ਨੇ ਫਿਰ ਆਵਾਜ਼ ਮਾਰੀ, 'ਡੈਅਅਡੀ...।' 'ਹਾਂਅਅ... ਕੌਅਅਣ?' ਕੁੱਝ ਬੇਧਿਆਨੀ ਜਿਹੀ ਨਾਲ ਰਵਿੰਦਰ ਨੇ ਜੁਆਬ ਦਿੱਤਾ, ਸ਼ਾਇਦ ਕੋਈ ਖਾਸ ਖਬਰ ਲੱਭ ਰਿਹਾ ਸੀ ਅਖਬਾਰ ਵਿਚੋਂ। 'ਔਹ ਗੋਰਾ ਡੈਡੀ... ਕਣੀ ਦੇਰ ਦਾ ਆਪਣੀ ਫੈਂਸ ਦੇ ਗੇਟ ਕੋਲ ਖੜ੍ਹਾ ਆ।'

'ਅੱਛਾਅ...' ਕਹਿਕੇ ਰਵਿੰਦਰ ਉੱਠਿਆ ਅਤੇ ਸ਼ੀਸ਼ਿਆਂ ਵਾਲੀ ਤਾਕੀ ਰਾਹੀਂ ਬਾਹਰ ਦੇਖਣ ਲੱਗ ਪਿਆ। ਉਨ੍ਹਾਂ ਦੇ ਘਰ ਦੀ ਜਾਲੀਦਾਰ ਫੈਂਸ ਦੇ ਬਾਹਰ ਇਕ ਸਿਆਣੀ ਉਮਰ ਦਾ, ਦਰਮਿਆਨੇ ਕੱਦ ਦਾ ਗੋਰਾ ਆਦਮੀ ਲਾਲ ਜਿਹੀ ਟੀ ਸ਼ਰਟ, ਹਲਕੇ ਬਿਸਕੁਟੀ ਰੰਗ ਦੀ ਜ਼ਰਾ ਕੁ ਖੁਲ੍ਹੇ ਪਹੁੰਚਿਆਂ ਵਾਲੀ ਪੈਂਟ ਪਾਈ ਖੜ੍ਹਾ ਸੀ। ਉਸਦੇ ਇਕ ਮੋਢੇ ਉਪਰ ਘਸਮੈਲੇ ਚਿੱਟੇ ਜਿਹੇ ਰੰਗ ਦਾ ਬਸਤਾ ਟੰਗਿਆ ਹੋਇਆ ਸੀ ਤੇ ਦੂਸਰੇ ਹੱਥ ਵਿਚ ਇਕ ਪਲਾਈਵੁੱਡ ਦਾ ਬੋਰਡ ਚੁੱਕਿਆ ਹੋਇਆ ਸੀ ਜਿਸ ਵਿਚ ਚੂੰਢੀ ਨਾਲ ਕੁੱਝ ਕਾਗਜ਼ ਟੰਗੇ ਹੋਏ ਸਨ। ਉਹ ਕਦੀ ਕਾਗਜ਼ਾਂ ਵੱਲ ਨਜ਼ਰ ਮਾਰਦਾ ਅਤੇ ਕਦੀ ਰਵਿੰਦਰ ਦੇ ਘਰ ਦੇ ਬਾਹਰਲੇ ਦਰਵਾਜ਼ੇ ਵੱਲ। ਸ਼ਾਮ ਦੇ ਸਾਢੇ ਕੁ ਛੇ ਵੱਜੇ ਸਨ ਤੇ ਸੂਰਜ ਛਿਪ ਰਿਹਾ ਸੀ। ਲੋਕ ਤਕਰੀਬਨ ਸ਼ਾਮ ਦਾ ਖਾਣਾ ਖਾ ਚੁੱਕੇ ਸਨ ਜਾਂ ਖਾ ਰਹੇ ਸਨ।

'ਕੋਈ ਸੇਲਜ਼ ਮੈਨ ਤਾਂ ਨਹੀਂ ਹੋ ਸਕਦਾ ਐਸ ਵੇਲੇ... ਕਿਤੇ ਸਾਲਾ ਕੋਈ 'ਯਹੋਵਾ ਵਿੱਟਨੈਸ' ਵਾਲਾ ਨਾ ਹੋਵੇ।' ਰਵਿੰਦਰ ਨੇ ਜਿਵੇਂ ਆਪਣੇ ਆਪ ਨੂੰ ਕਿਹਾ।

'ਕੌਣ ਡੈਡੀ... ਉਹ ਕੀ ਹੁੰਦੇ ਆ?' ਬੱਚੇ ਨੇ ਜਿਵੇਂ 'ਯਹੋਵਾ ਵਿੱਟਨੈਸ' ਪਹਿਲੀ ਵਾਰੀ ਸੁਣਿਆ ਹੋਵੇ।

'ਕੁਸ਼ ਨੀ ਪੁੱਤ, ਉਹ ਵੀ ਹੁੰਦੇ ਆ, ਜੇ ਕਿਤੇ ਇਕ ਵਾਰੀ ਤੁਹਾਡੇ ਘਰ ਵਿਚ ਆ ਵੜਨ ਤਾਂ ਛੇਤੀਂ ਕੀਤੇ ਜਾਣ ਦਾ ਨਾਂ ਨਹੀਂ ਲੈਂਦੇ, ਆਪਾਂ ਇਹਨੂੰ ਬਾਰ੍ਹੋ ਹੀ ਮੋੜ ਦੇਣਾਂ।' ਕਹਿਕੇ ਰਵਿੰਦਰ ਨੇ ਤਾਕੀ ਦਾ ਸ਼ੀਸ਼ਾ ਇਕ ਪਾਸੇ ਨੂੰ ਸਰਕਾ ਦਿੱਤਾ। ਇਤਨੇ ਵਿਚ ਬੱਚੇ ਦਾ ਛੋਟਾ ਭਾਈ ਵੀ ਰਵਿੰਦਰ ਦੀਆਂ ਲੱਤਾਂ ਨਾਲ ਆ ਚਿੰਬੜਿਆ ਅਤੇ ਤਾਕੀ ਰਾਹੀਂ ਬਾਹਰ ਨੂੰ ਝਾਕਣ ਲੱਗ ਪਿਆ। ਤਦ ਤੱਕ ਫੈਂਸ ਦਾ ਗੇਟ ਖੋਲ੍ਹ ਕੇ ਗੋਰਾ ਵੀ ਝਿਜਕਦਾ ਜਿਹਾ ਘਰ ਦੇ ਦਰਵਾਜ਼ੇ ਵੱਲ ਨੂੰ ਵੱਧ ਗਿਆ ਪਰ ਦਰਵਾਜ਼ੇ ਕੋਲ ਪਹੁੰਚਣ ਤੋਂ ਪਹਿਲਾਂ ਉਸਨੇ ਤਾਕੀ ਵਿਚ ਖੜ੍ਹੇ ਰਵਿੰਦਰ ਅਤੇ ਬੱਚਿਆਂ ਵੱਲ ਦੇਖਿਆ ਤੇ ਕਾਲ ਬੈੱਲ ਦੱਬਣ ਦੀ ਬਜਾਏ ਝਕਦਾ ਜਿਹਾ ਤਾਕੀ ਹੇਠ ਆ ਖੜ੍ਹਾ ਹੋਇਆ। ਇਸ ਤੋਂ ਪਹਿਲਾਂ ਕਿ ਰਵਿੰਦਰ ਕੁੱਝ ਬੋਲਦਾ, ਉਸਨੇ ਆਪਣੇ ਮੋਢੇ ਨਾਲ ਟੰਗੇ ਬਸਤੇ ਵਿਚੋਂ ਹੱਥ ਪਾਕੇ ਕੁੱਝ ਕੱਢਿਆ ਤੇ ਰਵਿੰਦਰ ਨੂੰ ਦਿਖਾਉਂਦਾ ਹੋਇਆ ਬੋਲਿਆ, 'ਗੁੱਡ ਈਵਨਿੰਗ ਸਰ, ਮੇਰੇ ਕੋਲ ਬਹੁਤ ਸੋਹਣੇ ਸੋਹਣੇ ਕ੍ਰਿਸਮਿਸ ਕਾਰਡਜ਼ ਹਨ। ਇਹ ਕਾਰਡ ਛੋਟੇ ਛੋਟੇ ਬੱਚਿਆਂ ਨੇ ਆਪਣੇ ਹੱਥਾਂ ਨਾਲ ਬਣਾਏ ਹਨ।' ਇਤਨਾ ਕਹਿਕੇ ਉਹ ਕੁੱਝ ਦੇਰ ਲਈ ਰੁਕਿਆ ਤੇ ਫਿਰ ਰਵਿੰਦਰ ਦੇ ਬੱਚਿਆਂ ਵੱਲ ਦੇਖਦਾ ਹੋਇਆ ਬੋਲਿਆ,

'ਓਅ ਯੂ ਹੈਵ ਲਵਲੀ ਚਿਲਡਰਨ।' ਫਿਰ ਆਪਣੇ ਪਲਾਈਵੁੱਡ ਬੋਰਡ ਦੀ ਚੂੰਢੀ ਹੇਠੋਂ ਇਕ ਤਹਿ ਕੀਤਾ ਹੋਇਆ ਇਸ਼ਤਿਹਾਰ ਜਿਹਾ ਕੱਢ ਕੇ ਉਸਨੇ ਰਵਿੰਦਰ ਵੱਲ ਨੂੰ ਵਧਾਇਆ ਤੇ ਬੋਲਿਆ, 'ਪਰ ਸਰ, ਸਾਰਿਆਂ ਬੱਚਿਆਂ ਨੂੰ ਮਾਂ ਬਾਪ ਦਾ ਪਿਆਰ ਨਹੀਂ ਮਿਲਦਾ।' ਤੇ ਇਹ ਕਹਿੰਦੇ ਹੋਏ ਦੀ ਆਵਾਜ਼ ਕੁੱਝ ਮੱਠੀ ਪੈ ਗਈ। ਰਵਿੰਦਰ ਨੇ ਬਾਂਹ ਵਧਾ ਕੇ ਉਹ ਤਹਿ ਕੀਤਾ ਹੋਇਆ ਇਸ਼ਤਿਹਾਰ ਫੜੇ ਹੋਏ ਕ੍ਰਿਸਮਿਸ ਕਾਰਡਾਂ ਉਪਰ ਪਈ। ਪਹਿਲੇ ਹੀ ਕਾਰਡ ਉਪਰ ਲੰਬੀ ਚਿੱਟੀ ਦਾੜ੍ਹੀ ਵਾਲੇ ਸੈਂਟਾ ਕਲਾਜ਼ ਦੀ ਲਾਲ ਕੱਪੜਿਆਂ ਵਿਚ ਉਘੜ ਦੁੱਘੜੀ ਆਕ੍ਰਿਤੀ ਤੇ ਨਾਲ ਹੀ ਇਕ ਜਗਦੀ ਹੋਈ ਮੋਮਬੱਤੀ ਵੱਲ ਦੇਖ ਰਹੇ ਉਦਾਸ ਜਿਹੇ ਬੱਚੇ ਦੀ ਫ਼ੋਟੋ ਸੀ।

'ਹੂੰਹ, ਸੌਰ੍ਹੇ ਬੱਚਿਆਂ ਦਾ ਬਹਾਨਾ ਲਾ ਕੇ ਕ੍ਰਿਸਚਿਐਨਿਟੀ ਦਾ ਪ੍ਰਚਾਰ ਕਰਦੇ ਆ।' ਇਹ ਸੋਚਕੇ ਰਵਿੰਦਰ ਦੇ ਬੁੱਲ੍ਹਾਂ ਉਪਰ ਹਲਕੀ ਜਿਹੀ ਮੁਸਕਾਨ ਆ ਗਈ ਜਿਸਨੂੰ ਦੇਖਕੇ ਗੋਰਾ ਕੁੱਝ ਹੌਂਸਲੇ ਨਾਲ ਰਵਿੰਦਰ ਵੱਲ ਕਾਰਡਾਂ ਦਾ ਦੱਬਾ ਵਧਾਂਉਂਦਾ ਹੋਇਆ ਬੋਲਿਆ, 'ਤਾਂ ਸਰ, ਤੁਸੀਂ ਇਨ੍ਹਾਂ ਬੱਚਿਆਂ ਦੀ ਸਹਾਇਤਾ ਕਰਨੀ ਚਾਹੋਗੇ?'

'ਹੁਣੇ ਤਾਂ ਨਹੀਂ....ਪਰ ਮੈਂ ਇਹ ਬਰੋਸ਼ਰ ਪੜ੍ਹ ਕੇ ਸੋਚਾਂਗਾ।' ਕਹਿਕੇ ਰਵਿੰਦਰ ਤਾਕੀ ਤੋਂ ਜ਼ਰਾ ਕੁ ਪਰੇ ਹਟਣ ਲੱਗਾ ਤਾਂ ਗੋਰੇ ਦਾ ਚਿਹਰਾ ਕੁੱਝ ਮੁਰਝਾ ਗਿਆ ਤੇ ਉਹ ਅਣਮੰਨੇ ਜਿਹੇ ਮਨ ਨਾਲ ਕ੍ਰਿਸਮਿਸ ਕਾਰਡਾਂ ਦਾ ਦੱਬਾ ਮੁੜ ਵਾਸਤੇ ਵਿਚ ਪਾਉਣ ਲੱਗ ਪਿਆ।

'ਤੁਹਾਡਾ ਮੇਲਿੰਗ ਐਡਰੈਸ ਤਾਂ ਇਸ ਬਰੋਸ਼ਰ ਉੱਪਰ ਹੋਵੇਗਾ ਹੀ?' ਹੱਥ ਵਿਚ ਫੜੇ ਤਹਿ ਕੀਤੇ ਇਸ਼ਤਿਹਾਰ ਵੱਲ ਇਸ਼ਾਰਾ ਕਰਕੇ ਰਵਿੰਦਰ ਨੇ ਗੋਰੇ ਨੂੰ ਮੁੜਨ ਤੋਂ ਪਹਿਲਾਂ ਪੁੱਛਿਆ।

'ਜੀ, ਹਾਂ, ਸਰ, ਤੇ ਤੁਸੀਂ ਚੈੱਕ ਜਾਂ ਮਨੀਆਰਡਰ 'ਚਾਈਲਡ ਫ਼ਾਈਂਡ' ਦੇ ਨਾਮ ਬਣਾ ਕੇ ਭੇਜ ਸਕਦੇ ਹੋ।' ਮੁਸਕਰਾਉਣ ਦਾ ਯਤਨ ਕਰਦਾ ਹੋਇਆ ਗੋਰਾ ਬੋਲਿਆ ਤੇ ਕੁੱਝ ਦੇਰ ਉਡੀਕ ਕੇ ਹੌਲੀ ਹੌਲੀ ਤੁਰਦਾ ਜਾਲੀਦਾਰ ਫੈਂਸ ਦਾ ਗੇਟ ਲੰਘ ਗਿਆ। ਬਾਹਰ ਆ ਕੇ ਉਸਨੇ ਇਕ ਦੋ ਵਾਰੀ ਇਧਰ ਉਧਰ ਵੇਖਿਆ ਤੇ ਫ਼ਿਰ ਜ਼ਰਾ ਨੀਵੀਂ ਪਾ ਕੇ ਮੱਠੀ ਜਿਹੀ ਤੋਰੇ ਰਵਿੰਦਰ ਦੇ ਗਵਾਂਢੀ ਦੇ ਘਰ ਵੱਲ ਵਧ ਗਿਆ।

ਰਵਿੰਦਰ ਨੇ ਬਰੋਸ਼ਰ ਪੜ੍ਹੇ ਬਿਨਾਂ ਬੇਧਿਆਨੀ ਜਿਹੀ ਨਾਲ ਡਾਇਨਿੰਗ ਮੇਜ਼ ਉਪਰ ਪਏ ਸੇਲਾਂ ਦੇ ਇਸ਼ਤਿਹਾਰਾਂ ਦੇ ਢੇਰ ਵੱਲ ਸਿੱਟ ਦਿੱਤਾ ਅਤੇ ਕੰਧ ਤੇ ਲੱਗੀ ਘੜੀ ਵੱਲ ਦੇਖਦਾ ਦਵਾਦਵ ਟੀ. ਵੀ. ਦਾ ਬਟਨ ਔਨ ਕਰਕੇ ਬੈਠ ਗਿਆ। ਭਾਰਤੀ ਪ੍ਰੋਗਰਾਮ ਦੇ ਸ਼ੁਰੂ ਹੋਣ ਦਾ ਟਾਈਮ ਹੋ ਚੁੱਕਾ ਸੀ।

'ਕੌਣ ਸੀ?' ਕਿਚਨ ਵਿਚੋਂ ਭਾਂਡੇ ਟੀਂਡੇ ਸਾਂਭਦੀ ਰਵਿੰਦਰ ਦੀ ਪਤਨੀ ਨੇ ਪੁੱਛਿਆ।

'ਉਹ ਕੋਈ ਨੀ ਐਮੀਂ ਸੀ ਕ੍ਰਿਸਮਿਸ ਦੇ ਕਾਰਡ ਜਿਹੇ ਵੇਚਦਾ ਫਿਰਦਾ, ਮੈਂ ਛੇਤੀਂ ਖ਼ਿਸ਼ਕੇਰ ਦਿੱਤਾ।' ਰਵਿੰਦਰ ਨੇ ਟੀ. ਵੀ. ਦਾ ਚੈਨਲ ਲੱਭਦੇ ਨੇ ਕਿਹਾ। ਫਿਰ ਇਕ ਦਮ ਜਿਵੇਂ ਕੁੱਝ ਯਾਦ ਆ ਗਿਆ ਹੋਵੇ, ਟੀ. ਵੀ. ਵਿਚੋਂ ਧਿਆਨ ਹਟਾ ਕੇ ਮਨ ਵਿਚ 'ਚਾਈਲਡ ਫਾਈਂਡ' ਦੁਹਰਾਇਆ ਅਤੇ ਜਿਵੇਂ ਆਪਣੇ ਆਪ ਨੂੰ ਹੀ ਕਹਿਣ ਲੱਗਾ 'ਔਗੇ ਕਦੀ

ਸੁਣਿਆਂ ਤਾਂ ਹੈ ਨੀ ਚਾਈਲਡ ਫਾਈਂਡ'। ਉਸਨੇ ਇੱਧਰ ਉੱਧਰ ਧਿਆਨ ਮਾਰਿਆ ਪਰ ਉਸਨੂੰ ਉਹ ਬਰੋਸ਼ਰ ਕਿਤੇ ਨਜ਼ਰ ਨਾ ਆਇਆ। 'ਚਲ ਫੇਰ ਸਹੀ' ਸੋਚ ਕੇ ਉਹ ਟੀ. ਵੀ. ਵਿਚ ਮਗਨ ਹੋ ਗਿਆ।

ਇਤਨੀ ਦੇਰ ਨੂੰ ਪਤਨੀ ਦੀ ਨਜ਼ਰ ਉਸ ਇਸ਼ਤਿਹਾਰ ਉੱਪਰ ਪਈ। ਉਸਦੀ ਤਹਿ ਦੇ ਬਾਹਰਲੇ ਪਾਸੇ ਕੁੱਝ ਕੁ ਮੋਟੇ ਅੱਖਰਾਂ ਨਾਲ ਲਿਖੇ ਸ਼ਬਦਾਂ 'ਚਾਈਲਡ ਫਾਈਂਡ' ਨੇ ਉਸਦਾ ਧਿਆਨ ਖਿੱਚਿਆ। ਹੇਠਲੀ ਲਾਈਨ ਵਿਚ ਲਿਖਿਆ ਸੀ 'ਚਿਲਡਰਨ ਹੈਲਪਿੰਗ ਚਿਲਡਰਨ' ਉਹ ਧਿਆਨ ਨਾਲ ਇਸ਼ਤਿਹਾਰ ਪੜ੍ਹਨ ਬੈਠ ਗਈ।

ਜਦੋਂ ਵੀ ਉਹ ਕਿਤੇ ਕਿਸੇ ਦਾ ਬੱਚਾ ਗੁਆਚਣ ਦੀ ਖਬਰ ਟੀ. ਵੀ. ਉਪਰ ਦੇਖਦੀ ਤਾਂ ਉਸਦਾ ਦਿਲ ਦਹਿਲ ਜਾਂਦਾ। ਟੀ. ਵੀ. ਸਾਹਮਣੇ ਬੈਠੀ ਆਪਣੇ ਆਲੇ ਦਵਾਲੇ ਪਏ ਦੋਹਾਂ ਬੱਚਿਆਂ ਨੂੰ ਘੁੱਟ ਕੇ ਆਪਣੇ ਨਾਲ ਲਾ ਲੈਂਦੀ। 'ਪਤਾ ਨਹੀਂ ਕਿਵੇਂ ਮਾਂ ਬਾਪ ਆਪਣੇ ਬੱਚਿਆਂ ਨੂੰ ਲਾਪ੍ਰਵਾਹੀ ਨਾਲ ਗਵਾ ਲੈਂਦੇ ਹਨ' ਉਹ ਸੋਚਦੀ। ਨਾਲ ਹੀ ਮਨ ਵਿਚ ਬੱਚੇ ਚੋਰੀ ਕਰਨ ਵਾਲਿਆਂ ਨੂੰ ਗਾਲ੍ਹਾਂ ਕੱਢਦੀ। ਅਗਲੇ ਦਿਨ ਜਦੋਂ ਆਪਣੇ ਬੱਚੇ ਨੂੰ ਸਕੂਲ ਛੱਡਣ ਜਾਂਦੀ ਤਾਂ ਹਰ ਲੰਬੇ ਵਾਲਾਂ ਵਾਲੇ ਛੋਕਰੇ ਜਾਂ ਸਕੂਲ ਦੀ ਗਰਾਊਂਡ ਦੇ ਕੋਲ ਖੜ੍ਹੀ ਕਿਸੇ ਵੈਨ ਨੂੰ ਡਰ ਤੇ ਸ਼ੱਕ ਦੀ ਨਜ਼ਰ ਨਾਲ ਦੇਖਦੀ।

'ਮੈਨੂੰ ਤਾਂ ਆਹ ਵਧੀਆ ਚੀਜ਼ ਲੱਗਦੀ ਆ।' ਬਰੋਸ਼ਰ ਪੜ੍ਹਨ ਤੋਂ ਬਾਦ ਪਤਨੀ ਬੋਲੀ। ਇਸ਼ਤਿਹਾਰ 'ਚਾਈਲਡ ਫਾਈਂਡ ਨਾਮ ਦੀ ਮੁਨਾਫ਼ਾ ਰਹਿਤ ਤੇ ਅਤੇ ਦਾਨ ਦੇ ਸਿਰ ਚੱਲਣ ਵਾਲੀ (ਚੇਰੀਟੇਬਲ) ਸੰਸਥਾ ਵੱਲੋਂ ਸੀ ਜਿਸਦੀਆਂ ਸ਼ਾਖਾਵਾਂ ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਖੁਲ੍ਹ ਚੁੱਕੀਆਂ ਸਨ। ਸੰਸਥਾ ਦਾ ਉਦੇਸ਼ ਮਾਂ ਬਾਪ ਨੂੰ ਵੱਖ ਵੱਖ ਤਰੀਕਿਆਂ ਨਾਲ ਇਹ ਜਾਣਕਾਰੀ ਦੇਣਾ ਸੀ ਕਿ ਬੱਚਿਆਂ ਨੂੰ ਗੁਆਚਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਛੋਟੇ ਉਮਰ ਦੇ ਘਰੋਂ ਨੱਠੇ ਬੱਚਿਆਂ ਨੂੰ ਘਰ ਵਾਪਿਸ ਪਰਤਣ ਵਿਚ ਮਦਦ ਕਰਨਾ ਵੀ ਸੀ। ਇਸ ਤਰ੍ਹਾਂ ਦੇ ਬੱਚਿਆਂ ਹੱਥੀਂ ਬਣਾਏ ਹੋਏ ਕ੍ਰਿਸਮਿਸ ਕਾਰਡ ਤੇ ਹੋਰ ਚੀਜ਼ਾਂ ਘਰੋਂ ਘਰ ਵੇਚ ਕੇ ਵਲੰਟੀਅਰ ਲੋਕ ਇਸ ਸੰਸਥਾ ਦੀ ਮਾਇਕ ਲੋੜ ਪੂਰਾ ਕਰਨ ਦਾ ਯਤਨ ਕਰਦੇ ਸਨ।

'ਕੀ ਵਧੀਆ ਲਗਦੀ ਆ?' ਰਵਿੰਦਰ ਨੇ ਟੀ. ਵੀ. ਵਿਚ ਧਿਆਨ ਲਗਾਈ ਪੁੱਛਿਆ।

'ਇਹ ਬੱਚਿਆਂ ਨੂੰ ਗੁਆਚਣ ਤੋਂ ਬਚਾਉਣ ਲਈ ਤਰੀਕੇ ਦੱਸਦੇ ਹਨ ਮਾਂ ਬਾਪ ਨੂੰ, ਪਈ ਆਹ ਆਹ ਲਾਪ੍ਰਵਾਹੀ ਨਹੀਂ ਕਰਨੀ ਚਾਹੀਦੀ ਤੇ ਬੱਚੇ ਨੂੰ ਆਹ ਆਹ ਕੁੱਝ ਸਿਖਾਉਣਾ ਚਾਹੀਦਾ।'

'ਇਸ ਸਿਸਟਮ ਵਿਚ ਸਾਰੇ ਮਾਂ ਬਾਪ ਪੈਸਾ ਕਮਾਉਣ ਦੀ 'ਰੈਟ-ਰੇਸ' ਵਿਚ ਫਸਿਓ ਆ। ਬੱਚਿਆਂ ਦੀ ਪ੍ਰਵਾਹ ਕਰਨ ਦਾ ਕਿਹਦੇ ਕੋਲ ਵਿਹਲ ਆ? ਨਾਲੇ ਇਹ ਜ਼ਿੰਮੇਵਾਰੀ ਤਾਂ ਸਰਕਾਰ ਦੀ ਆ, ਅਸੀਂ ਟੈਕਸ ਕਾਹਦੇ ਲਈ ਦਿੰਨੇ ਆਂ?' ਰਵਿੰਦਰ ਬੋਲਿਆ।

'ਹਰੇਕ ਗੱਲ 'ਚ ਸਿਸਟਮ ਈ ਲੈ ਵੜਿਆ ਕਰੋ। ਬਥੇਰੇ ਮਾਂ ਬਾਪ ਆ ਜਿਹੜੇ ਬੱਚਿਆਂ ਦੀ ਪ੍ਰਵਾਹ ਕਰਦੇ ਆ। ਆਪਣੇ ਤੌਰ ਤੇ ਜਿੰਨਾ ਹੋ ਸਕੇ ਬਚਾਅ ਕਰਨਾ ਚਾਹੀਦਾ। ਮੈਨੂੰ ਤਾਂ ਆਹ ਪੜ੍ਹਕੇ ਕਈ ਨਵੀਂਆਂ ਗੱਲਾਂ ਪਤਾ ਲੱਗੀਆਂ।' ਪਤਨੀ ਜ਼ਰਾ ਕੁ ਜੋਸ਼ ਨਾਲ ਬੋਲੀ।

'ਦਿਖਾ ਤਾਂ ਕੀ ਆ?' ਰਵਿੰਦਰ ਨੇ ਟੀ. ਵੀ. ਵਿਚ ਧਿਆਨ ਗੱਡੀ ਬਰੋਸ਼ਰ ਫੜਨ ਲਈ ਹੱਥ ਵਧਾਇਆ।

'ਮੈਂ ਤਾਂ ਵਿਚਾਰੇ ਨੂੰ ਕੁਝ ਹੋਰ ਈ ਸਮਝਦਾ ਰਿਹਾ, ਉਹ ਵੀ ਢਿੱਲਾ ਜਿਹਾ ਹੀ ਤੁਰਦਾ ਸੀ ਜਿਵੇਂ ਪਹਿਲਾਂ ਈ ਮੇਰੀ ਸ਼ਕਲ ਦੇਖਕੇ ਸੋਚਦਾ ਹੋਵੇ ਕਿ ਇਹਨੇ ਕਿੱਥੇ ਖਰੀਦਣੇ ਹਨ।' ਇਸ਼ਤਿਹਾਰ ਧਿਆਨ ਨਾਲ ਪੜ੍ਹਨ ਤੋਂ ਬਾਦ ਗੋਦੀ ਵਿਚ ਬੈਠੇ ਬੱਚਿਆਂ ਦਾ ਸਿਰ ਪਲੋਸਦਾ ਰਵਿੰਦਰ ਬੋਲਿਆ।

'ਕੀ ਪਤਾ ਵਿਚਾਰਾ ਨਵਾਂ ਹੀ ਹੋਵੇ ਇਸ ਕੰਮ ਵਿਚ। ਕਈ ਵਾਰੇ ਨਵੇਂ ਬੰਦੇ ਕੋਲੋਂ ਅਗਲੇ ਨੂੰ ਚੰਗੀ ਤਰ੍ਹਾਂ ਨਹੀਂ 'ਅਕਸਪਲੇਨ' ਕਰ ਹੁੰਦਾ।' ਪਤਨੀ ਨੇ ਕਿਹਾ।

ਉਸਦੀ ਗੱਲ ਸੁਣਕੇ ਰਵਿੰਦਰ ਕੁੱਝ ਦੇਰ ਲਈ ਸੋਚੀਂ ਪੈ ਗਿਆ। ਉਸਨੂੰ ਯਾਦ ਆਇਆ ਕਿ ਜਦੋਂ ਉਸਨੇ ਪਹਿਲੀ ਵਾਰੀ ਆਪਣੀ ਪੁਲੀਟੀਕਲ ਪਾਰਟੀ ਦੀ ਮਦਦ ਕਰਨ ਲਈ ਕਿਸੇ ਕੋਲੋਂ ਫੰਡ ਮੰਗਿਆ ਸੀ ਤਾਂ ਕਿਵੇਂ ਉਸਦੀ ਜ਼ੁਬਾਨ ਥਥਲਾਉਣ ਲੱਗੀ ਸੀ ਅਤੇ ਅਗਲੇ ਬੰਦੇ ਦੇ ਘਰ ਵੜਨ ਤੋਂ ਪਹਿਲਾਂ ਉਸਨੂੰ ਸਰਦੀਆਂ ਦੇ ਮੌਸਮ ਵਿਚ ਵੀ ਪਸੀਨਾ ਆ ਗਿਆ ਸੀ ਤੇ ਉਸਦੇ ਕਦਮ ਮਣ ਮਣ ਪੱਕੇ ਭਾਰੇ ਹੋ ਗਏ ਸਨ।

ਅਚਾਨਕ ਉਸ ਨੇ ਆਪਣੇ ਮੂੰਹ ਵੱਲ ਬਿਟ ਬਿਟ ਤੱਕਦੇ ਬੱਚਿਆਂ ਨੂੰ ਗੋਦ ਵਿਚੋਂ ਕੱਢ ਕੇ ਪਰ੍ਹੇ ਬਿਠਾਇਆ ਤੇ ਬਿਨਾਂ ਕੁੱਝ ਬੋਲੇ ਆਪਣੇ ਕਮਰੇ ਵਿਚ ਗਿਆ ਤੇ ਦੋ ਕੁ ਮਿੰਟੀਂ ਜੈਕਟ ਪਾਉਂਦਾ ਬਾਹਰ ਨੂੰ ਆ ਗਿਆ।

'ਹਾਲੇ ਬੁੜ੍ਹਾ ਬਾਹਲੀ ਦੂਰ ਨੀ ਗਿਆ ਹੋਣਾਂ।' ਪਤਨੀ ਦੀਆਂ ਸਵਾਲੀਆਂ ਨਜ਼ਰਾਂ ਦਾ ਜੁਆਬ ਦੇ ਕੇ ਰਵਿੰਦਰ ਜੈਕਟ ਦੀ ਜੇਬ ਵਿਚ ਬਟੂਆ ਟਟੋਲਦਾ ਬਾਹਰ ਨੂੰ ਨਿਕਲ ਗਿਆ।

ਸੜਕ ਉਪਰ ਆ ਕੇ ਉਹ ਉਸੇ ਪਾਸੇ ਤੁਰ ਪਿਆ ਜਿੱਧਰ ਨੂੰ ਉਹ ਗੋਰਾ ਗਿਆ ਸੀ ਤੇ ਆਪਣੇ ਘਰ ਤੋਂ ਪੰਜਵੇਂ ਘਰ ਦੀ ਕਾਲ ਬੈੱਲ ਦੱਬਦਾ ਉਸਦੇ ਨਜ਼ਰੀ ਪੈ ਗਿਆ। ਰਵਿੰਦਰ ਨੇ ਬਟੂਏ ਵਿਚੋਂ ਇਕ ਨੋਟ ਕੱਢ ਕੇ ਹੱਥ ਵਿਚ ਘੁੱਟ ਲਿਆ ਅਤੇ ਦੋਨੋਂ ਹੱਥ ਪੈਂਟ ਦੀਆਂ ਜੇਬਾਂ ਵਿਚ ਪਾਈ ਉਸ ਘਰ ਦੇ ਸਾਹਮਣੇ ਸੜਕ ਉਪਰ ਉਸਦੇ ਆਉਣ ਦਾ ਇੰਤਜ਼ਾਰ ਕਰਨ ਲੱਗ ਪਿਆ। ਗੋਰੇ ਨੇ ਕਾਲ ਬੈੱਲ ਦੋ ਤਿੰਨ ਵਾਰੀ ਦੱਬੀ ਤੇ ਅੱਗੋਂ ਕੋਈ ਜੁਆਬ ਨਾ ਆਉਣ ਤੇ ਢਿੱਲੇ ਜਿਹੇ ਕਦਮਾਂ ਨਾਲ ਪੌੜੀਆਂ ਉਤਰ ਆਇਆ।

'ਹੈਲੋ?' ਰਵਿੰਦਰ ਨੇ ਉਸਨੂੰ ਥੱਲੇ ਆਉਂਦੇ ਨੂੰ ਕਿਹਾ।

'ਗੁੱਡ ਈਵਨਿੰਗ ਸਰ।' ਗੋਰੇ ਨੇ ਰਵਿੰਦਰ ਨੂੰ ਪਛਾਣੇ ਬਗੈਰ ਕੁੱਝ ਘਬਰਾਏ ਜਿਹੇ ਲਹਿਜੇ ਵਿਚ ਕਿਹਾ।

'ਗੁੱਡ ਈਵਨਿੰਗ' ਰਵਿੰਦਰ ਨੇ ਮੁਸਕੁਰਾ ਕੇ ਕਿਹਾ, 'ਤੁਸੀਂ ਹੁਣੇ ਦਸ ਪੰਦਰਾਂ ਮਿੰਟ ਪਹਿਲਾਂ ਹੀ ਸਾਡੇ ਘਰ ਆਏ ਸੀ।'

'ਉਹ। ਯੈੱਸ ਯੈੱਸ।' ਗੋਰਾ ਮੁਸਕਰਾਉਣ ਅਤੇ ਰਵਿੰਦਰ ਦਾ ਚਿਹਰਾ ਪੜ੍ਹਨ ਦਾ ਯਤਨ ਕਰਦਾ ਬੋਲਿਆ।

'ਬਹੁਤੇ ਲੋਕ ਐਸ ਵੇਲੇ ਖਾਣੇ ਤੋਂ ਬਾਦ ਘੁੰਮਣ ਫਿਰਨ ਨਿਕਲ ਜਾਂਦੇ ਹਨ, ਘਰ ਨਹੀਂ ਮਿਲਦੇ।' ਰਵਿੰਦਰ ਉਸਦੀ ਮਾਨਸਿਕ ਸਥਿਤੀ ਸਮਝਣ ਦਾ ਯਤਨ ਕਰਦਾ ਹੋਇਆ ਬੋਲਿਆ।

'ਹਾਂ, ਮੈਨੂੰ ਸ਼ਾਇਦ ਘੰਟਾ ਕੁ ਪਹਿਲਾਂ ਸ਼ੁਰੂ ਕਰਨਾ ਚਾਹੀਦਾ ਸੀ, ਖੈਰ। ਅੱਜ ਮੇਰਾ ਪਹਿਲਾ ਹੀ ਦਿਨ ਹੈ।'

'ਉਹ ਅੱਛਾ' ਰਵਿੰਦਰ ਕੁੱਝ ਉਤਸਕ ਹੋ ਕੇ ਬੋਲਿਆ, 'ਤੁਹਾਡੇ ਜਾਣ ਤੋਂ ਬਾਦ ਮੈਂ ਤੁਹਾਡਾ ਉਹ ਬਰੋਸ਼ਰ ਪੜ੍ਹਿਆ ਹੈ, ਬੜਾ ਚੰਗਾ ਕੰਮ ਕਰ ਰਹੇ ਹੋ ਤੁਸੀਂ।'

'ਉਹ ਸ਼ੁਕਰੀਆ,' ਗੋਰੇ ਨੇ ਕੁੱਝ ਉਤਸ਼ਾਹ ਨਾਲ ਕਿਹਾ 'ਵਿਹਲੇ ਬੈਠਣ ਨਾਲੋਂ ਤਾਂ ਸ਼ਾਇਦ ਚੰਗਾ ਹੀ ਹੈ।'

'ਹਾਂ...ਜ਼ਰੂਰ ਜ਼ਰੂਰ।' ਰਵਿੰਦਰ ਨੇ ਸਿਰ ਹਿਲਾਉਂਦੇ ਹੋਏ ਕਿਹਾ 'ਪਹਿਲਾਂ ਤੁਸੀਂ ਕੋਈ ਹੋਰ ਕੰਮ ਕਰਦੇ ਹੋਵੋਂਗੇ।' ਉਸਦੀ ਗੱਲ ਦਾ ਜੁਆਬ ਦੇਣ ਤੋਂ ਪਹਿਲਾਂ ਉਹ ਕੁੱਝ ਸੋਚੀਂ ਪੈ ਗਿਆ ਤੇ ਮਿੰਟ ਕੁ ਬਾਅਦ ਉਦਾਸ ਜਿਹੇ ਸੁਰ ਵਿਚ ਕਹਿਣ ਲੱਗਾ, 'ਕੰਮ ਛੱਡੇ ਨੂੰ ਤਾਂ ਮੈਨੂੰ 18 ਸਾਲ ਹੋ ਚੱਲੇ ਹਨ ਜਦੋਂ ਕੁ ਮੇਰੀ ਪਤਨੀ ਗੁਜ਼ਰ ਗਈ ਸੀ।'

'ਓਹ! ਆਈ ਐਮ ਸੋਰੀ' ਰਵਿੰਦਰ ਦੇ ਮੂੰਹੋਂ ਅਚਾਨਕ ਨਿਕਲਿਆ, ਪਰ ਉਹ ਉਸ ਵੱਲ ਧਿਆਨ ਕੀਤੇ ਬਿਨਾਂ ਕਹਿੰਦਾ ਰਿਹਾ,' ਮਰਨ ਤੋਂ ਪਹਿਲਾਂ ਤਿੰਨ ਸਾਲ ਬੜੀ ਔਖੀ ਨੇ ਕੱਟੇ, ਮੈਂ ਬੜੀ ਕੋਸ਼ਿਸ਼ ਕੀਤੀ ਉਸਨੂੰ ਮਰਨ ਤੋਂ ਬਚਾਉਣ ਦੀ। ਮੇਰਾ ਹੋਰ ਕੋਈ ਵੀ ਨਹੀਂ ਸੀ ਉਸ ਤੋਂ ਬਿਨਾਂ।' ਕਹਿਕੇ ਉਹ ਕੁੱਝ ਦੇਰ ਲਈ ਰੁੱਕਿਆ। ਉਸਦੀਆਂ ਮੋਟੀਆਂ, ਢਿਲਕੀਆਂ ਜਿਹੀਆਂ ਗੱਲ੍ਹਾਂ ਉਪਰ ਅੱਖਾਂ ਦੇ ਹੇਠਲੇ ਪਾਸੇ ਲਾਲ ਰੰਗ ਦੀਆਂ ਬਰੀਕ ਨਾੜਾਂ ਚਮਕਣ ਲੱਗ ਪਈਆਂ। ਫਿਰ ਕਹਿਣ ਲੱਗਾ, 'ਅਸੀਂ ਦੋਵੇਂ ਚਾਲੀਆਂ ਦੇ ਦਵਾਲੇ ਸਾਂ ਜਦੋਂ ਅਸੀਂ ਵਿਆਹ ਕਰਵਾਇਆ ਸੀ, ਭਾਵੇਂ ਅਸੀਂ ਇਕ ਦੂਜੇ ਨੂੰ ਅੱਠ ਨੌਂ ਸਾਲ ਪਹਿਲਾਂ ਦੇ ਜਾਣਦੇ ਸੀ.....ਐਲਾਨੋਰ ਉਦੋਂ ਕਪੜਿਆਂ ਦੇ ਸਟੋਰ ਵਿਚ ਕੰਮ ਕਰਦੀ ਹੁੰਦੀ ਸੀ, ਮੈਂ ਵੀ ਉਦੋਂ ਬਾਰਨੈੱਟ ਸਾਅ ਮਿੱਲ ਵਿਚ ਚੰਗੀ ਨੌਕਰੀ ਉੱਪਰ ਲੱਗਾ ਹੋਇਆ ਸੀ।'

'ਫਿਰ ਵੀ ਵਿਆਹ ਕਰਵਾਉਣ ਤੋਂ ਝਿਜਕਦੇ ਰਹੇ?' ਰਵਿੰਦਰ ਕੁੱਝ ਦਿਲਚਸਪੀ ਨਾਲ ਬੋਲਿਆ।

'ਦਰਅਸਲ ਮੈਂ ਵੀਹਾਂ ਕੁ ਸਾਲਾਂ ਦਾ ਹੀ ਉੱਥੇ ਕੰਮ ਕਰਨ ਲੱਗ ਪਿਆ ਸੀ। ਵੱਡੀ ਜੰਗ ਤੋਂ ਬਾਅਦ ਲੇਬਰ ਦੀ ਕਾਫੀ ਸ਼ੌਰਟੇਜ ਆ ਗਈ ਸੀ....ਉਦੋਂ ਹੀ ਆਹ ਮਿੱਲ ਵਰਕਰਾਂ ਦੀ ਯੂਨੀਅਨ ਆਈ.ਡਬਲਯੂ.ਏ. ਬਣਾਉਣ ਦੀ ਲਹਿਰ ਚੱਲੀ ਸੀ। ਮੈਂ ਵੀ ਉਸ ਵਿਚ ਕੁੱਝ ਪੈਰ ਰੱਖਦਾ ਸੀ।' ਫਿਰ ਰਵਿੰਦਰ ਦੀ ਚਿਹਰੇ ਵੱਲ ਧਿਆਨ ਨਾਲ ਦੇਖਦਾ ਹੋਇਆ ਬੋਲਿਆ, 'ਇਕ ਈਸਟ ਇੰਡੀਅਨ ਜੰਗਮੈਨ ਵੀ ਲਹਿਰ ਦੇ ਆਗੂਆਂ ਵਿਚ ਹੁੰਦਾ ਸੀ। ਉਹ ਸ਼ਾਇਦ ਏਧਰ ਆਈਲੈਂਡ ਤੇ ਕਿਤੇ ਰਹਿੰਦਾ ਸੀ। ਮੇਰਾ ਇਕ ਦੋਸਤ ਡੇਵ ਵੀ ਯੂਨੀਅਨ ਬਣਾਉਣ ਲਈ ਬੜਾ ਸਰਗਰਮ ਸੀ ਤੇ ਉਹ ਉਸਦਾ ਸਾਥੀ ਹੁੰਦਾ ਸੀ। ਬੜੀ ਸਖਤ ਜੱਦੋਜਹਿਦ ਚੱਲੀ ਪਰ ਅਖੀਰ ਯੂਨੀਅਨ ਕਾਇਮ ਹੋ ਕੇ ਰਹੀ। ਬਾਅਦ ਵਿਚ ਉਹ ਤਾਂ ਸ਼ਾਇਦ ਇੰਡੀਆ ਨੂੰ ਮੁੜ ਗਿਆ ਸੀ।' 'ਤੁਸੀਂ ਤਾਂ ਬਾਦ ਵਿਚ ਵੀ ਯੂਨੀਅਨ ਵਿਚ ਇਨਵਾਲਵ ਰਹੇ ਹੋਣੇ ਆਂ?' ਰਵਿੰਦਰ ਨੇੜੇ ਹੀ ਬਿਜਲੀ ਦੇ ਖੰਭੇ ਨਾਲ ਪਿੱਠ ਲਾ ਕੇ ਖੜ੍ਹ ਗਿਆ। ਉਸ ਵਿਚ ਇਸ ਬਜ਼ੁਰਗ ਬਾਰੇ ਹੋਰ ਜਾਨਣ ਦੀ ਇੱਛਾ ਪੈਦਾ ਹੋ ਰਹੀ ਸੀ ਜੋ ਕਿ ਘਰ ਆਕੇ ਟੀ.ਵੀ. ਉਪਰ ਹਿੰਦੀ ਦੀ ਚਲ ਰਹੀ ਢੀਸ਼ੁੰਮ ਢੀਸ਼ੁਮ ਮਾਰਕਾ ਫਿਲਮ ਨਾਲੋਂ ਕਾਫੀ ਵਧੀਆ ਪ੍ਰਤੀਤ ਹੋ ਰਹੀ ਸੀ।

'ਹਾਂ ਜਿਤਨਾ ਕੁ ਚਿਰ ਕਰ ਸਕਿਆ ਬਥੇਰਾ ਕੀਤਾ। ਸ਼ਾਇਦ ਇਸੇ ਕਰਕੇ ਸਾਡਾ ਵਿਆਹ ਲੇਟ ਹੁੰਦਾ ਰਿਹਾ, ਕਿਉਂਕਿ ਐਲਾਨੋਰ ਵਿਆਹ ਉਦੋਂ ਕਰਵਾਉਣਾ ਚਾਹੁੰਦੀ ਸੀ ਜਦੋਂ ਮੈਂ ਘਰ ਵੱਲ ਧਿਆਨ ਦੇਣ ਲਈ ਵਕਤ ਕੱਢ ਸਕਦਾ ਹੁੰਦਾ......'ਬੜੀ ਚੰਗੀ ਸੀ ਉਹ' ਕਹਿੰਦੇ ਹੋਈ ਦੀ ਆਵਾਜ਼ ਜ਼ਰਾ ਮੱਠੀ ਪੈ ਗਈ।

'ਤਾਂ ਫਿਰ ਮਿੱਲ ਦੀ ਨੌਕਰੀ ਛੱਡ ਕੇ ਬਿਜ਼ਨਿਸ ਕੀਤਾ ਹੋਣਾ ਕੋਈ?'

'ਨਾਂ ਨਾਂ ਬਿਜ਼ਨਿਸ ਦੀ ਕੀ ਲੋੜ ਸੀ', ਕਹਿੰਦਾ ਹੋਇਆ ਬਜ਼ੁਰਗ ਵੀ ਉੱਥੇ ਘਾਹ ਉਪਰ ਬਹਿ ਗਿਆ, 'ਅਸੀਂ ਦੋਨੋਂ ਆਪਣੇ ਜੋਗਾ ਬਥੇਰਾ ਕਮਾ ਲੈਂਦੇ ਸੀ। ਫਿਰ ਅਸੀਂ ਆਪਣੇ ਲਈ ਇਕ ਛੋਟਾ ਜਿਹਾ ਘਰ ਵੀ ਖਰੀਦ ਲਿਆ.......ਤੇ ਕੁੱਝ ਦੇਰ ਬਾਦ ਐਲਾਨੋਰ ਨੇ ਇਕ ਸੁੰਦਰ ਤੇ ਸਿਹਤਮੰਦ ਪੁੱਤਰ ਨੂੰ ਜਨਮ ਦਿੱਤਾ, ਅਸੀਂ ਉਸਦਾ ਨਾਮ ਐਂਡਰਿਊ ਰੱਖਿਆ....ਉਸਦੀ ਚੰਗੀ ਪਰਵਰਿਸ਼ ਕਰਨ ਖਾਤਿਰ ਐਲਾਨੋਰ ਨੇ ਉਤਨੀ ਦੇਰ ਕੰਮ ਵੀ ਛੱਡੀ ਰੱਖਿਆ ਜਿਤਨੀ ਦੇਰ ਉਹ ਸਕੂਲ ਨਹੀਂ ਜਾਣ ਲੱਗ ਪਿਆ।' ਕਹਿਕੇ ਬਜ਼ੁਰਗ ਚੁੱਪ ਜਿਹਾ ਹੋ ਗਿਆ।

'ਹੁਣ ਤਾਂ ਉਹ ਕਾਫ਼ੀ ਜੁਆਨ ਹੋ ਗਿਆ ਹੋਵੇਗਾ?' ਉਤਸੁਕਤਾ-ਵਸ਼ ਰਵਿੰਦਰ ਬੋਲਿਆ।

'ਪਤਾ ਨਹੀਂ ਹੋਵੇਗਾ ਵੀ ਕਿ ਨਹੀਂ?' ਡੂੰਘੀ ਉਦਾਸ ਆਵਾਜ਼ ਵਿਚ ਬਜ਼ੁਰਗ ਬੋਲਿਆ।

'ਮਤਲਬ?'

'ਐਂਡਰਿਊ ਸੱਤ ਕੁ ਸਾਲ ਦਾ ਸੀ ਜਦੋਂ ਉਹ ਅੱਧੀ ਛੁੱਟੀ ਵੇਲੇ ਸਕੂਲ ਦੀ ਗਰਾਊਂਡ ਵਿਚੋਂ ਖੇਡਦਾ ਗਾਇਬ ਹੋ ਗਿਆ....ਮੁੜ ਕੇ ਨਹੀਂ ਲੱਭਾ, ਨਾਂ ਹੀ ਉਸਦੀ ਲਾਸ਼ ਮਿਲੀ ਹੈ ਅੱਜ ਤੱਕ....ਬਹੁਤ ਤਲਾਸ਼ ਕੀਤਾ ਅਸੀਂ ਉਸਨੂੰ.....' ਸਿੰਮ ਰਹੀਆਂ ਅੱਖਾਂ ਨੂੰ ਤਿੰਨ ਚਾਰ ਵਾਰ ਝਪਕ ਕੇ ਰੋਕਣ ਦਾ ਯਤਨ ਕਰਦਾ ਹੋਇਆ ਉਹ ਬੋਲਿਆ, '..ਐਲਾਨੋਰ ਨੂੰ ਬਹੁਤ ਸਦਮਾ ਲੱਗਾ ਐਂਡਰਿਊ ਦਾ....ਉਸਦੀ ਮਾਨਸਿਕ ਸਥਿਤੀ ਵਿਗੜਨ ਕਰਕੇ ਜਾਂ ਸ਼ਾਇਦ ਸਿਆਣੀ ਉਮਰ ਕਰਕੇ ਉਹ ਦੁਬਾਰਾ ਮਾਂ ਨਾ ਬਣ ਸਕੀ....ਮੈਂ ਉਸਦੀ ਮਾਨਸਿਕ ਹਾਲਤ ਠੀਕ ਕਰਨ ਲਈ ਬੜੇ ਯਤਨ ਕੀਤੇ... ਆਪਣਾ ਘਰ ਵੇਚ ਕੇ ਉਸਨੂੰ ਮੈਂ ਯੂਰਪ ਦੀ ਲੰਬੀ ਸੈਰ ਕਰਨ ਵੀ ਲੈ ਗਿਆ। ...ਪਰ ਅਖੀਰ ਤਕਰੀਬਨ ਤਿੰਨ ਸਾਲ ਬਾਦ ਉਸਨੇ ਮੰਜਾ ਮੱਲ ਲਿਆ...ਤੇ ਸਾਲ ਕੁ ਹਸਪਤਾਲ ਵਿਚ ਰਹਿਣ ਦੇ ਬਾਅਦ ਮੈਨੂੰ ਹਮੇਸ਼ਾ ਲਈ ਇਕੱਲਾ ਛੱਡ

'ਬਹੁਤ ਬੁਰਾ ਹੋਇਆ ਇਹ ਤਾਂ...' ਰਵਿੰਦਰ ਦੇ ਮੂੰਹੋਂ ਨਿਕਲਿਆ। 'ਇਸ ਸੱਭ ਕੁੱਝ ਵਾਪਰਨ ਦੇ ਬਾਅਦ ਜਿਉਣਾ ਤਾਂ ਮੈਂ ਵੀ ਨਹੀਂ ਸੀ ਚਾਹੁੰਦਾ...' ਆਪਣੇ ਆਪ ਨੂੰ ਜ਼ਰਾ ਸੰਭਾਲਦਾ ਹੋਇਆ ਬਜ਼ੁਰਗ ਬੋਲਿਆ, 'ਪਰ ਬੱਸ....ਕਿਸੇ ਤਰ੍ਹਾਂ ਜਿਉਂਦਾ ਹੀ ਰਿਹਾ, ਬਿਨਾ ਮਕਸਦ.....ਕੰਮ ਵੀ ਛੱਡ ਦਿੱਤਾ.....ਕੁੱਝ ਐਲਾਨੋਰ ਦੇ ਬੀਮੇ ਦੇ ਪੈਸੇ ਸਨ ਤੇ ਕੁੱਝ ਥੋੜ੍ਹੀ ਬਹੁਤ ਪੈਨਸ਼ਨ ਆਉਂਦੀ ਰਹੀ ਤੇ ਮੈਂ ਐਮੇਂ ਬੇਮਤਲਬ ਹੀ ਦਿਨ ਲੰਘਾਉਣ ਲੱਗ ਪਿਆ.....ਐਲਾਨੋਰ ਦੀ ਬੀਮਾਰੀ ਕਰਕੇ ਸਾਡੇ ਜੋ ਥੋੜ੍ਹੇ ਬਹੁਤ ਦੋਸਤ ਸਨ ਉਹ ਵੀ ਸਾਡੇ ਕੋਲੋਂ ਹੌਲੀ ਹੌਲੀ ਦੂਰ ਹੋ ਗਏ ਸਨ।....ਕਈ ਵਾਰੀ ਮਨ ਦੀ ਸ਼ਾਂਤੀ ਲਈ ਮੈਂ ਚਰਚ ਵੀ ਗਿਆ... ਪਰ ਉੱਥੋਂ ਵੀ ਕੁੱਝ ਖਾਸ ਪੱਲੇ ਨਾ ਪਿਆ... ਤੇ ਹੌਲੀ ਹੌਲੀ ਮੈਂ ਸਿਰਫ ਬਾਰ ਵਿਚ ਬੈਠਣ ਜੋਗਾ ਹੀ ਰਿਹ ਗਿਆ।' ਕੁੱਝ ਪਲ ਬਾਦ ਆਪਣੇ ਆਪ ਨੂੰ ਯਾਦਾਂ ਦੇ ਸਮੁੰਦਰ ਵਿਚੋਂ ਬਾਹਰ ਕੱਢਦਾ ਹੋਇਆ ਕੋਲ ਹੀ ਘਾਹ ਉਪਰ ਬੈਠ ਚੁੱਕੇ ਰਵਿੰਦਰ ਵੱਲ ਵੱਲ ਮੂੰਹ ਕਰਕੇ ਬੋਲਿਆ, 'ਸੋਰੀ ਯੰਗ ਮੈਨ, ਮੈਂ ਤਾਂ ਐਵੇਂ ਤੈਨੂੰ ਵੀ ਰੋਕ ਕੇ ਬਹਿ ਗਿਐਂ, ਤੂੰ ਵੀ ਸ਼ਾਇਦ ਘਰੋਂ ਸੈਰ ਲਈ ਨਿਕਲਿਆ ਹੋਵੇਂਗਾ?'

'ਨਹੀਂ ਨਹੀਂ, ਐਸੀ ਕੋਈ ਗੱਲ ਨਹੀਂ... ਦਰਅਸਲ ਮੈਂ ਤਾਂ ਤੁਹਾਨੂੰ ਹੀ ਦੇਖ ਰਿਹਾ ਸੀ, ਤੁਸੀਂ ਬੜਾ ਨੇਕ ਕੰਮ ਕਰ ਰਹੇ ਹੋ, ਮੈਂ ਤਾਂ ਸਗੋਂ...' ਉਸਦੀ ਗੱਲ ਵਿਚੇ ਕੱਟਦਾ ਗੋਰਾ ਬਜ਼ੁਰਗ ਬੋਲਿਆ, 'ਸ਼ਾਇਦ ਹੁਣ ਵੀ ਬਾਰ ਵਿਚ ਹੀ ਬੈਠਿਆ ਹੁੰਦਾ ਜੇ ਅਚਾਨਕ ਕੁੱਝ ਦਿਨ ਪਹਿਲਾਂ ਮੁੱਦਤ ਬਾਦ ਡੇਵ ਨਾ ਮਿਲ ਪੈਂਦਾ।'

'ਉਹ ਕਿਵੇਂ ?' ਰਵਿੰਦਰ ਦਾ ਨੋਟ ਵਾਲਾ ਹੱਥ ਪੈਂਟ ਦੀ ਜੇਬ ਵਿਚੋਂ ਨਿਕਲਦਾ ਨਿਕਲਦਾ ਜ਼ਰਾ ਰੁੱਕ ਗਿਆ। 'ਸਾਡੀ ਯੂਨੀਅਨ ਵੱਲੋਂ ਹਰ ਸਾਲ ਰਿਟਾਇਰ ਹੋਣ ਵਾਲਿਆਂ ਨੂੰ ਇਕ ਪਾਰਟੀ ਦਿੱਤੀ ਜਾਂਦੀ ਹੈ। ਇਸ ਸਾਲ ਕਿਸੇ ਤਰ੍ਹਾਂ ਮੈਨੂੰ ਵੀ ਸ਼ਾਮਿਲ ਹੋਣ ਲਈ ਸੱਦਾ ਪੱਤਰ ਆ ਗਿਆ। ਤੇ ਉਸ ਪਾਰਟੀ ਵਿਚ ਬਹੁਤ ਸਾਲਾਂ ਬਾਅਦ ਮੈਨੂੰ ਡੇਵ ਮਿਲਿਆ....ਰਿਟਾਇਰ ਹੋਣ ਤੋਂ ਬਾਅਦ ਵੀ ਉਸੇ ਤਰ੍ਹਾਂ ਜ਼ਿੰਦਾ ਦਿਲੀ ਦੀਆਂ ਗੱਲਾਂ ਕਰਦਾ ਹੈ। ਮੇਰੀ ਵਿਥਿਆ ਸੁਣਕੇ ਕਹਿਣ ਲੱਗਾ..." ਜੈਕ! ਮੈਨੂੰ ਤੇਰੇ ਦੁਖ ਦਾ ਅਹਿਸਾਸ ਹੈ। ਪਰ ਪਿਆਰੇ! ਇਹ ਜ਼ਿੰਦਗੀ ਸਿਰਫ ਬਾਰ ਵਿਚ ਬੈਠ ਕੇ ਗੁਜ਼ਾਰ ਦੇਣ ਵਾਲੀ ਚੀਜ਼ ਨਹੀਂ। ਜ਼ਰਾ ਸੋਚ ਕਿ ਇਨਸਾਨ ਕਿਉਂ ਜਿਉਂਦਾ ਹੈ ਜਦਕਿ ਉਸਨੂੰ ਪੱਕੀ ਤਰ੍ਹਾਂ ਪਤਾ ਹੈ ਕਿ ਇਕ ਨਾ ਇਕ ਦਿਨ ਉਸਨੇ ਜ਼ਰੂਰ ਮਰਨਾ ਹੈ? ਕੀ ਮਕਸਦ ਹੈ ਸਾਡੇ ਜਿਉਂਦੇ ਰਹਿਣ ਦਾ? ਇਸ ਸਵਾਲ ਦਾ ਜੁਆਬ ਲੱਭਣ ਦੀ ਕੋਸ਼ਿਸ਼ ਕਰਨਾ ਇਕ ਨਿਰੰਤਰ ਲੜਾਈ ਹੈ ਤੇ ਇਹ ਲੜਾਈ ਲੜਨ ਤੋਂ ਹੱਟ ਜਾਣ ਵਾਲਾ ਇਨਸਾਨ ਤਾਂ ਸਿਰਫ ਜਾਨਵਰਾਂ ਵਾਂਗ ਖਾਂਦਾ ਪੀਂਦਾ ਤੇ ਦਿਨ ਪੂਰੇ ਕਰਦਾ ਹੈ। ਦੇਖ! ਜ਼ਿੰਦਗੀ ਵਿਚ ਬਹੁਤ ਪਰ੍ਹੇ ਤੋਂ ਪਰ੍ਹੇ ਹਾਦਸੇ ਹੁੰਦੇ ਹਨ। ਯੂ ਨੋਅ, ਗਰੀਬ ਮੁਲਕਾਂ ਵਿਚ ਮਾਪੇ ਬੱਚੇ ਵੇਚਣ ਤੱਕ ਮਜਬੂਰ ਹੋ ਜਾਂਦੇ ਹਨ।" ਫਿਰ ਉਸਨੇ ਦੱਸਿਆ ਕਿ ਉਸਦਾ ਉਹ ਈਸਟ ਇੰਡੀਅਨ ਯੂਨੀਅਨ ਆਰਗੇਨਾਈਜ਼ਰ ਦੋਸਤ ਕੁੱਝ ਸਾਲ ਪਹਿਲਾਂ ਇੰਡੀਆ ਵਿਚ ਲੋਕਾਂ ਦੇ ਹਿੱਤਾਂ ਦੀ ਖਾਤਿਰ ਲੜਦਾ ਆਪਣੀ ਜਾਨ ਵਾਰ ਗਿਆ।' 'ਹਾਂ, ਮੈਨੂੰ ਪਤਾ ਹੈ ਉਸਦੇ ਬਾਰੇ।' ਰਵਿੰਦਰ ਕਾਹਲੀ ਨਾਲ ਬੋਲਿਆ। 'ਯੂ ਨੋਅ, ਡੇਵ ਦੱਸਦਾ ਸੀ ਕਿ ਉਨ੍ਹਾਂ ਦੀ ਸੋਚ ਕੁੱਝ ਅਜਿਹੀ ਸੀ ਕਿ ਇਹ ਜੀਵਨ ਵਗਦੇ ਪਾਣੀ ਵਾਂਗ ਹੈ ਇਹ ਕਦੀ ਵੀ ਰੁਕਦਾ ਨਹੀਂ... ਪਰ ਇਨਸਾਨ ਦੇ ਜਿਉਣ ਦਾ ਅਸਲੀ ਮਕਸਦ ਦੂਸਰਿਆਂ ਦੀ ਜ਼ਿੰਦਗੀ ਨੂੰ ਜਿਉਣਯੋਗ ਬਣਾਉਣ ਲਈ ਸੰਘਰਸ਼ ਕਰਦੇ ਰਹਿਣਾ ਹੈ, ਤੇ ਸਾਨੂੰ ਇਸ ਮਕਸਦ ਦੀ ਪੂਰਤੀ ਵੱਲ ਲਗਾਤਾਰ ਕਦਮ ਵਧਾਉਂਦੇ ਰਹਿਣ ਨਾਲ ਹੀ ਤਸੱਲੀ ਮਿਲਦੀ ਹੈ।..." ਬੱਸ ਇਹੀ ਗੱਲ ਮੈਨੂੰ ਹਿੱਟ ਕਰ ਗਈ। ਡੇਵ ਨੇ ਮੈਨੂੰ ਇਹ ਵੀ ਸਮਝਾਇਆ ਕਿ ਥੋੜ੍ਹਾ ਬਹੁਤ ਕਰਨਾ ਬਿਲਕੁਲ ਹੀ ਕੁੱਝ ਨਾ ਕਰਨ ਨਾਲੋਂ ਕਿਤੇ ਚੰਗਾ ਹੈ... ਮੈਨੂੰ ਅਖਬਾਰ ਤੋਂ ਇਸ ਸੰਸਥਾ ਬਾਰੇ ਪਤਾ ਲੱਗਾ ਤਾਂ ਮੈਂ ਇਨ੍ਹਾਂ ਨੂੰ ਸੰਪਰਕ ਕੀਤਾ ਤੇ ਵਲੰਟੀਅਰ ਬਣਨ ਦੀ ਇੱਛਾ ਜ਼ਾਹਿਰ ਕੀਤੀ। ਇਕ ਵਲੰਟੀਅਰ ਟ੍ਰੇਨਿੰਗ ਸੈਮਿਨਾਰ ਦੇ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਜਿਤਨੇ ਕੁ ਲੋਕਾਂ ਤੋਂ ਪੈਸੇ ਉਗਰਾਹੁਣ ਜਾਉ ਉਨ੍ਹਾਂ ਵਿੱਚੋਂ ਅੱਧੇ ਕੁ ਜ਼ਰੂਰ ਕੁੱਝ ਨਾ ਕੁੱਝ ਦੇ ਦਿੰਦੇ ਹਨ... ਪਰ ਮੈਨੂੰ ਤਾਂ ਅਜੇ ਤੱਕ ਕੋਈ ਸਫਲਤਾ ਨਹੀਂ ਮਿਲੀ... ਹੁਣ ਤਾਂ ਹਨ੍ਹੇਰਾ ਵੀ ਕਾਫ਼ੀ ਹੋ ਚੱਲਿਆ ਹੈ...' ਘੜੀ ਵੱਲ ਦੇਖਕੇ ਮੁਸਕਰਾਉਣ ਦਾ ਯਤਨ ਕਰਕੇ ਉਠਦਾ ਹੋਇਆ ਜੈਕ ਬੋਲਿਆ।

'ਦਰਅਸਲ ਮੈਂ ਤਾਂ ਤੁਹਾਡੀ ਸੰਸਥਾ ਨੂੰ ਮਾਇਕ ਸਹਾਇਤਾ ਦੇਣ ਲਈ ਹੀ ਤੁਹਾਨੂੰ ਲੱਭ ਰਿਹਾ ਸੀ, ਤੁਹਾਡੇ ਜਾਣ ਮਗਰੋਂ ਮੈਂ ਜਲਦੀ ਹੀ ਉਹ ਬਰੋਸ਼ਰ ਪੜ੍ਹ ਲਿਆ ਸੀ।' ਘਾਹ ਤੋਂ ਉਠਕੇ ਹੱਥ ਵਿਚ ਫੜਿਆ ਨੋਟ ਜੈਕ ਵੱਲ ਵਧਾਉਂਦਾ ਰਵਿੰਦਰ ਜ਼ਰਾ ਕਾਹਲੀ ਨਾਲ ਬੋਲਿਆ।

'ਓਅ, ਥੈਂਕ ਯੂ, ਥੈਂਕ ਯੂ' ਕਹਿਕੇ ਜੈਕ ਨੇ ਖੁਸ਼ੀ ਖੁਸ਼ੀ ਉਸਦੇ ਹੱਥੋਂ ਨੋਟ ਫੜ ਲਿਆ ਤੇ ਆਪਣੀ ਜੇਬ ਵਿਚੋਂ ਇਕ ਨਿੱਕੀ ਜਿਹੀ ਟਾਰਚ ਕੱਢੀ ਤੇ ਉਸਦੀ ਲੋਅ ਪਲਾਈ ਵੁੱਡ ਦੇ ਬੋਰਡ ਉਪਰ ਪਾਉਂਦੇ ਨੇ ਰਸੀਦ ਕੱਟੀ ਤੇ ਰਵਿੰਦਰ ਨੂੰ ਫੜਾਉਂਦੇ ਹੋਏ ਨੇ ਫ਼ਿਰ 'ਥੈਂ ਯੂ' ਕਿਹਾ।

'ਹੁਣ ਤਾਂ ਤੁਸੀਂ ਘਰ ਨੂੰ ਜਾਉਂਗੇ?' ਹਨ੍ਹੇਰੇ ਵੱਲ ਧਿਆਨ ਮਾਰਦਾ ਰਵਿੰਦਰ ਬੋਲਿਆ।

'ਨਹੀਂ ਨਹੀਂ...ਅਜੇ ਤਾਂ ਇਸ ਬਲਾਕ ਦੇ ਸਾਰੇ ਘਰਾਂ ਦੇ ਦਰਵਾਜ਼ੇ ਖੜਕਾ ਕੇ ਹੀ ਜਾਵਾਂਗਾ... ਚੰਗਾ, ਥੈਂਕ ਯੂ ਅਗੇਨ ਐਂਡ ਗੁੱਡ ਨਾਈਟ' ਇਕ ਤਾਜ਼ੀ ਮੁਸਕਰਾਹਟ ਦੇ ਨਾਲ ਕਹਿੰਦਾ ਹੋਇਆ ਜੈਕ ਅਗਲੇ ਘਰ ਦੀਆਂ ਪੌੜੀਆਂ ਚੜ੍ਹਨ ਲੱਗ ਪਿਆ ਤੇ ਰਵਿੰਦਰ ਨੇ ਦੇਖਿਆ ਕਿ ਉਸਦੇ ਕਦਮਾਂ ਵਿਚ ਐਂਤਾਂ ਦੀ ਚੁਸਤੀ ਆ ਗਈ ਸੀ। □

**(ਦਰਸ਼ਨ ਸਿੰਘ ਕੈਨੇਡੀਅਨ ਦੇ ਨਾਂ)**

ਮਿੰਨੀ ਕਹਾਣੀ

# ਵਿਤਕਰਾ

||

## ਹਰਕੰਵਲਜੀਤ

ਤੇ ਉਹ ਅੱਜ ਸਰਕਾਰ ਵਲੋਂ ਥਾਪੀ ਨਸਲ-ਸੰਬਧੀ ਕਮੇਟੀ (Race Relation Comittee) ਦੀ ਇਕੱਤਰਤਾ ਵਿਚ ਕਮਿਊਨਿਟੀ ਵਲੋਂ ਹਿੱਸਾ ਲੈਣ ਆਇਆ ਸੀ।

ਆਪਣੀ ਵਾਰੀ 'ਤੇ ਉਸਨੇ ਉਠ ਕੇ ਕਮੇਟੀ ਦੇ ਪ੍ਰਧਾਨ ਵੱਲ ਮੁਸਕਰਾ ਕੇ ਦੇਖਦਿਆਂ ਆਪਣੀ ਸਪੀਚ ਸ਼ੁਰੂ ਕੀਤੀ: "ਨਸਲਪ੍ਰਸਤੀ ਇਕ ਜ਼ੁਰਮ ਹੈ। ਅੱਜ ਦੀ ਸਭਿਅਕ ਅਤੇ ਵਿਕਸਤ ਦੁਨੀਆਂ ਦੇ ਸਭ ਤੋਂ ਵੱਧ ਸਭਿਅਕ ਅਤੇ ਵਿਕਸਤ ਮੁਲਕਾਂ ਵਿਚ ਵੀ ਨਸਲ-ਪ੍ਰਸਤੀ ਦਾ ਇਹ ਕੋਹੜ ਮੌਜੂਦ ਹੈ - ਇਹ ਅਨਿਆਇ ਅਤੇ ਬਦਕਿਸਮਤੀ ਹੈ ਘੱਟ ਗਿਣਤੀ ਲੋਕਾਂ ਦੀ। ਸਰਕਾਰ ਨੂੰ ਇਹਦੇ ਖਿਲਾਫ ਵਧੇਰੇ ਜੋਰਦਾਰ ਉਪਰਾਲੇ ਕਰਨੇ ਚਾਹੀਦੇ ਹਨ ਕਿਉਂਕਿ ਇਹ ਜਮੂਹਰੀਅਤ ਦੇ ਨਾਮ ਉਤੇ ਇਕ ਵੱਡਾ ਧੱਬਾ ਹੈ। ਜੌਬਾਂ ਵਿਚ ਵਿਤਕਰੇ ਬਾਜੀ ਹੁੰਦੀ ਹੈ ਜਦ ਕਿ ਯੋਗਤਾ ਦੇ ਅਧਾਰ ਤੇ ਜੌਬ ਮਿਲਣੀ ਚਾਹੀਦੀ ਹੈ। ਨਸਲ, ਰੰਗ, ਧਰਮ, ਜਨਮ-ਦੇਸ਼, ਬੋਲੀ, ਬੋਲਣ ਦੇ ਲਹਿਜੇ (ਐਕਸੈਂਟ) ਤੇ ਪਹਿਰਾਵੇ(ਪਗੜੀ ਆਦਿ) ਦੇ ਅਧਾਰ ਤੇ ਵਿਤਕਰੇ ਬਾਜੀ ਨਹੀਂ ਹੋਣੀ ਚਾਹੀਦੀ। ਸਰਕਾਰ ਨੂੰ ਇਸ ਵਾਸਤੇ ਵਧੇਰੇ ਲੋਕ-ਸੰਪਰਕ ਅਤੇ ਵਧੇਰੇ ਫੰਡਜ਼ ਰਖਣੇ ਚਾਹੀਦੇ ਹਨ...। "

ਉਸਦੀ ਪ੍ਰਭਾਵਸ਼ਾਲੀ ਤਕਰੀਰ ਨੇ ਪ੍ਰਭਾਵਸ਼ਾਲੀ ਹਸਤੀਆਂ ਨੂੰ ਕਾਫ਼ੀ ਪ੍ਰਭਾਵਤ ਕੀਤਾ।

ਜਦੋਂ ਦੀ ਉਸਨੇ ਹਕੂਮਤੀ ਪਾਰਟੀ ਦੀ ਲੀਡਰ-ਚੋਣ ਵੇਲੇ ਮੁਖ-ਮੰਤਰੀ (ਪ੍ਰੀਮੀਅਰ) ਦੀ ਮੱਦਦ ਕੀਤੀ ਸੀ, ਉਸਨੂੰ ਅਜਿਹੇ ਸੱਦੇ ਹਫਤੇ, ਦੋ-ਹਫਤੇ,ਮਹੀਨੇ ਦੋ ਮਹੀਨੀ ਕਿਸੇ ਨਾ ਕਿਸੇ ਸਰਕਾਰੀ ਸੰਸਥਾ ਵਲੋਂ ਆ ਜਾਂਦੇ।

ਤੇ ਉਸੇ ਸ਼ਾਮ ਨੂੰ ਉਹ ਸਿੰਘ-ਕਮੇਟੀ ਦੇ ਸਕੱਤਰ ਭਾਈ ਸਾਹਿਬ ਭਾਈ ਔਤਬੀਰ ਸਿੰਘ ਨਾਲ ਬੈਠਾ, ਅੱਜ ਦੀ ਦੋ-ਤਿੰਨ ਘੰਟੇ ਦੀ ਸਰਕਾਰੂ ਮੀਟਿੰਗ 'ਚੋਂ

←

ਬਣੀ 500 ਡਾਲਰ ਦੀ ਦਿਹਾੜੀ ਚੋਂ ਲਿਆਂਦੀ ਜਾਨੀਵਾਕਰ ਦੇ ਘੁੱਟਾਂ ਨਾਲ, ਪੰਜਾਬ ਦੇ ਇਕ ਸਰਹੱਦੀ ਜਿਲੇ ਵਿਚੋਂ ਡਰ ਅਤੇ ਦਹਿਸ਼ਤ ਦੇ ਮਾਰੇ ਹਿੰਦੂਆਂ ਵਲੋਂ ਪਿੰਡਾਂ ਦੇ ਪਿੰਡ ਪੂਰੀ ਤਰਾਂ ਖਾਲੀ ਕਰ, ਹਿਜਰਤ ਕਰ ਜਾਣ ਤੇ ਤਸੱਲੀ ਪ੍ਰਗਟ ਕਰ ਰਿਹਾ ਸੀ ਕਿ ਆਖਰ ਖਾਲਿਸਤਾਨ ਦੀ ਅਸਲੀ ਨੀਂਹ ਤਾਂ ਇਸੇ ਹੀ ਤਰਾਂ ਭਰੀ ਜਾਣੀ ਹੈ।

□■□■□■□■□■□■□

# ਸਦਾਚਾਰ-ਇਕ ਜਾਣ ਪਛਾਣ

## । । ।

### ਬਲਦੇਵ ਦੂਹੜੇ

ਗੱਡੀ ਜਦੋਂ ਸਟੇਸ਼ਨ ਤੋਂ ਤੁਰੀ ਤਾਂ ਵਾਰਤਾਲਾਪ ਫਿਰ ਸ਼ੁਰੂ ਹੋ ਗਿਆ। ਬਾਹਰ ਅੱਧੀ ਰਾਤ ਦਾ ਹਨ੍ਹੇਰ ਸੀ। ਇੰਜਣ ਇਕ ਤਾਕਤਵਰ ਦਰਿੰਦੇ ਵਾਂਗ ਗੱਡੀ ਨੂੰ ਧੂਈ ਲੈ ਜਾ ਰਿਹਾ ਸੀ। ਧੂੰਏਂ ਵਿਚ ਉੱਡਦੇ ਚੰਗਿਆੜੇ, ਹਨ੍ਹੇਰੇ ਵਿਚ ਰੋਸ਼ਨੀ ਦੀ ਲੀਕ ਵਾਂਗ ਦਿਸਦੇ ਸਨ।

**ਮੋਹਨੀ:** ਦਰਵੇਸ਼ ਜੀ, ਦੁਨੀਆਂ ਹਮੇਸ਼ਾਂ ਚੰਗੇ ਮਾੜੇ ਦੀ ਗਲ ਕਰਦੀ ਹੈ, ਇਥੋਂ ਤਕ ਕਿ ਚੋਰ ਅਤੇ ਕਾਤਲ ਵੀ ਇਹੋ ਜਹੇ ਨਿਰਣੇ ਕਰਦੇ ਸੁਣੀਦੇ ਹਨ। ਖਾਸ ਕਰ ਭਾਰਤੀ ਔਰਤਾਂ ਨੂੰ ਤਾਂ ਹਮੇਸ਼ਾਂ ਇਹ ਖਿਆਲ ਰਹਿੰਦਾ ਹੈ ਕਿ 'ਲੋਕ ਕੀ ਕਹਿਣਗੇ'। ਇਹ ਚੰਗਾ ਮਾੜਾ ਕੀ ਹੈ ਅਤੇ ਕੌਣ ਹੈ? ਇਸ ਸਭ ਕੁੱਝ ਦਾ ਕੀ ਅਧਾਰ ਹੈ?

**ਦਰਵੇਸ਼:** ਹਾਂ, ਇਹ ਠੀਕ ਹੈ ਕਿ ਅੱਛੇ ਬੁਰੇ ਦਾ ਨਿਰਣਾ ਹਰ ਥਾਂ, ਹਰ ਵਕਤ ਚਲਦਾ ਰਹਿੰਦਾ ਹੈ। ਇਨਸਾਨੀ ਗਿਆਨ ਜਿੱਥੇ ਚੀਜ਼ਾਂ ਅਤੇ ਜੀਵਾਂ ਆਦਿ ਦੀ ਸ਼ਨਾਖਤ ਕਰਦਾ ਹੈ ਉਥੇ ਇਹਨਾਂ ਸੱਭ ਚੀਜ਼ਾਂ ਦੀ ਮਹੱਤਤਾ ਨੂੰ ਵੀ ਜਾਂਚਦਾ ਹੈ। ਇਸ ਮਹੱਤਤਾ ਨੂੰ ਕਦਰ ਕਿਹਾ ਜਾਂਦਾ ਹੈ। ਇਸ ਗਿਆਨ, ਇਸ ਕਸਵੱਟੀ ਦੇ ਤਿੰਨ ਮੁਖ ਹਿੱਸੇ ਹਨ: ਵਰਤੋਂ ਵਾਲੀਆਂ ਚੀਜ਼ਾਂ (ਜਿਨਸਾਂ) ਦੀ ਕਦਰ ਵਰਤੋਂਵਾਦ ਅਨੁਸਾਰ ਹੁੰਦੀ ਹੈ, ਖੂਬਸੂਰਤੀ ਦੀ ਸੁਹਜਵਾਦ ਅਨੁਸਾਰ ਅਤੇ ਮਨੁੱਖੀ ਕਰਮ ਅਤੇ ਚਰਿਤਰ ਦੀ ਸਦਾਚਾਰ ਅਨੁਸਾਰ।

**ਮੋਹਨੀ:** ਹਾਂ ਇਹ ਸਦਾਚਾਰ ਕੀ ਚੀਜ਼ ਹੈ?

**ਦਰਵੇਸ਼:** ਇਨਸਾਨ ਕਰਤਾ-ਪੁਰਖ ਹੈ। ਅਰਥਾਤ ਇਨਸਾਨ ਕਰਮ ਕਰਕੇ ਯਥਾਰਥ ਨੂੰ ਪਰਭਾਵਤ ਕਰਨ ਜਾਂ ਬਦਲਣ ਦੀ ਸਮਰੱਥਾ ਰਖਦਾ ਹੈ। ਇਕ ਦੇ ਕਰਮ ਦਾ ਕਰਨਾਤਮਕ ਅਸਰ (causal effect), ਦੂਜੇ ਲੋਕਾਂ ਦਾ ਨਫਾ ਜਾਂ ਨੁਕਸਾਨ ਹੋ ਸਕਦਾ ਹੈ। ਇਹ ਨਫਾ ਜਾਂ ਨੁਕਸਾਨ ਜਿਸਮਾਨੀ, ਜਾਂ ਮਾਨਸਕ ਹੋਵੇ, ਇਸ ਦਾ ਫਰਕ ਨਹੀਂ, ਨੁਕਸਾਨ ਨੁਕਸਾਨ ਹੈ ਅਤੇ ਇਹ ਦੂਜਿਆਂ ਦਾ ਨਾਂਹਵਚਨ ਜਾਂ ਨਿਖੇਧ ਹੈ। ਜੇ ਬਹੁਤ ਬਰੀਕੀ ਵਿਚ ਨਾ ਜਾਈਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਜੋ ਕਰਮ ਦੂਜਿਆਂ ਦਾ ਨਿਖੇਧ ਕਰੇ ਉਹ ਬੁਰਾ ਹੈ। ਜੋ ਦੂਜਿਆਂ ਦਾ ਹਾਂਵਾਚਨ ਜਾਂ ਫਾਇਦਾ ਕਰੇ ਉਹ ਚੰਗਾ ਹੈ। ਇਸ ਚੰਗੇ ਮਾੜੇ ਦਾ ਨਿਰਣਾ ਕਰਨ ਵਾਲੇ ਗਿਆਨ ਨੂੰ ਸਦਾਚਾਰ ਕਿਹਾ ਜਾਂਦਾ ਹੈ।

ਇਸ ਦਾ ਮਨੋਰਥ ਮਨੁੱਖੀ ਰਿਸ਼ਤਿਆਂ ਦਾ ਸੰਤਲੁਨ ਅਤੇ ਸਮਾਜਕ ਪ੍ਰਕ੍ਰਿਆਵਾਂ ਦੀ ਇਕਸੁਰਤਾ ਕਾਇਮ ਰਖਣਾ ਹੈ।

**ਉਤਸੁਕ:** ਓ ਜਨਾਬ, ਸਦਾਚਾਰ ਬਾਰੇ ਤਾਂ ਸਿਆਣਿਆਂ ਨੇ ਬੜਾ ਕੁੱਝ ਕਿਹਾ ਹੈ। ਪਰ ਕੌਣ ਸੁਣਦਾ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਸੀ, 'ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ।' ਪਰ ਲੋਕ ਪੈਰ ਪੈਰ ਤੇ ਡੀਂਗਾਂ ਮਾਰਦੇ

> **"ਸਦਾਚਾਰ ਇਨਸਾਨ ਦੇ ਉਹਨਾਂ ਕਰਮਾਂ ਉਤੇ ਲਾਗੂ ਹੁੰਦਾ ਹੈ ਜੋ ਮਨ-ਮਰਜ਼ੀ ਜਾਂ ਸੁਤੰਤਰ ਇੱਛਾ ਅਧੀਨ ਕੀਤੇ ਹੋਣ।"**

ਅਤੇ ਝਗੜੇ ਕਰਦੇ ਹਨ। ਲਗਦਾ ਹੈ ਕਿ ਹਰ ਇਨਸਾਨ ਆਪਣੇ ਹੀ ਸੁਵਾਦ ਵਿਚ ਦੌੜਾ ਫਿਰਦਾ ਹੈ। ਕੀ ਫਾਇਦਾ ਹੈ ਇਸ ਸਦਾਚਾਰ ਦਾ?

**ਦਰਵੇਸ਼:** ਜਦੋਂ ਤਾਕਤਵਰ ਦਾ ਕਰਮ ਤਾਕਤਹੀਨ ਦਾ ਨੁਕਸਾਨ ਕਰਦਾ ਹੈ, ਜਦੋਂ ਇਕ ਦੇ ਸਵਾਰਥੀ ਹਿੱਤ ਦੂਜੇ ਦੇ ਹਿੱਤਾਂ ਦਾ ਨਿਖੇਧ ਕਰਦੇ ਹਨ ਅਤੇ ਜਦੋਂ ਇਹੋ ਜਹੇ ਕਰਮਾਂ, ਜਾਂ ਅਸਲ ਵਿਚ ਦੁਰਕਰਮਾਂ, ਦਾ ਰੌਲਾ ਜ਼ਿੰਦਗੀ ਨੂੰ ਨਰਕ ਬਣਾ ਦਿੰਦਾ ਹੈ ਤਾਂ ਸਦਾਚਾਰ ਇਕਸੁਰਤਾ ਦਾ ਸੁਨੇਹਾ ਲੈ ਕੇ ਪੈਦਾ ਹੁੰਦਾ ਹੈ। ਸਦਾਚਾਰ ਦਾ ਪੈਦਾ ਹੋਣਾ ਅਟੱਲ ਹੈ। ਇਨਸਾਨਾ ਦਾ ਕੋਈ ਗਰੁੱਪ, ਇਕਸੁਰਤਾ ਦੇ ਬੁਨਿਆਦੀ ਨਿਯਮਾਂ ਤੋਂ ਬਿਨਾ ਨਹੀਂ ਚਲ ਸਕਦਾ।

**ਪ੍ਰੋਫੈਸਰ:** ਸ਼ਾਇਦ ਪੰਜਾਬ ਦੇ ਅਕਾਲੀ ਲੀਡਰਾਂ ਤੋਂ ਬਿਨਾਂ। ਸਾਰੇ ਹੱਸਣ ਲੱਗ ਪੈਂਦੇ ਹਨ। ਸਾਹਮਣੇ ਬੈਠਾ ਸਿੱਖ ਨੌਜਵਾਨ ਆਪਣੀ ਲੰਬੀ ਕਿਰਪਾਨ ਨੂੰ ਸਾਂਭਦਾ ਹੋਇਆ ਮੁੱਛ ਨੂੰ ਵੱਟ ਦੇਣ ਲੱਗ ਪੈਂਦਾ ਹੈ। ਉਸ ਦੀ ਨਵ-ਵਿਆਹੀ ਵਹੁਟੀ ਤਾਕੀ ਵਿਚੋਂ ਟਿਕਟਿਕੀ ਲਾ ਕੇ ਬਾਹਰ ਦੇਖ ਰਹੀ ਹੈ।

**ਦਰਵੇਸ਼:** ਨਹੀਂ ਉਹ ਵੀ ਨਹੀਂ। ਕਈ ਵਾਰ ਪ੍ਰਸਪਰ ਵਤੀਰੇ ਦੇ ਨਿਯਮਾਂ ਦੇ ਪੈਦਾ ਹੋਣ ਅਤੇ ਅਦਾਰਾਬੰਦ ਹੋਣ ਨੂੰ ਵਕਤ ਲਗਦਾ ਹੈ। ਤਰਕਸ਼ੀਲ ਗਿਆਨ ਨਾਲ ਇਹ ਪ੍ਰਕ੍ਰਿਆ ਸੌਖੀ ਹੋ ਜਾਂਦੀ ਹੈ। ਨਹੀਂ ਤਾਂ ਸਵੈ-ਚਾਲਕ ਵਰਤਾਰੇ ਦੇ ਅੰਦਰੂਨੀ ਵਿਕਾਸ ਵਜੋਂ ਇਹ ਕਈ ਕਿਸਮ ਦੇ ਭੂਲ ਭੁਲੱਈਆਂ 'ਚੋਂ ਲੰਘਕੇ ਵਿਕਸਤ ਹੁੰਦੇ ਹਨ।

**ਮੋਹਨੀ:** ਤਾਂ ਫਿਰ ਸਦਾਚਾਰ ਕਰਮ ਦੀ ਸੇਧ ਹੀ ਹੈ।

**ਦਰਵੇਸ਼:** ਸੱਭ ਸਮਾਜਕ ਅਮਲ ਇਨਸਾਨ ਦੇ ਕਰਮ ਰਾਹੀਂ ਹੀ ਚਲਦੇ ਹਨ। ਇਸ ਲਈ ਕਰਮ ਨਾਲ ਸਬੰਧਤ ਨਿਯਮ ਹੀ ਸਦਾਚਾਰ ਦਾ ਅਧਾਰ ਹਨ। ਇਸ ਦੇ ਦੋ ਹਿੱਸੇ ਹਨ; ਇਕ ਉਹ ਜੋ ਨੁਕਸਾਨਦੇਹ ਕਰਮ ਨੂੰ ਪਾਬੰਦ ਕਰਦੇ ਹਨ। ਦੂਜੇ ਉਹ ਜੋ ਇਨਸਾਨ ਨੂੰ ਆਪਣਾ ਕਰਤਵ ਪਾਲਣ ਕਰਨ ਵਾਲੇ ਕਰਮ ਕਰਨ ਦੀ ਉਤੇਜਨਾ ਕਰਦੇ ਹਨ। ਪਹਿਲੇ ਕਰਮ ਦੀ ਹੋਂਦ ਉਤੇ ਪਾਬੰਦੀ ਹੈ ਦੂਜੇ ਦੀ ਅਣਹੋਂਦ ਉੱਤੇ। ਇਸ ਸੱਭ ਕੁੱਝ ਬਾਰੇ ਚਿੰਤਕਾਂ ਵਿਚ ਬੜਾ ਵਾਦ-ਵਿਵਾਦ ਹੈ।

**ਉਤਸੁਕ:** ਕਹਿੰਦੇ ਹਨ ਕਿ ਕਰਮ ਤਾਂ ਧੁਰੋਂ ਲਿਖੇ ਆਉਂਦੇ ਹਨ ਫਿਰ ਇਹਨਾਂ ਨੂੰ ਸੇਧ ਦੀ ਕੀ ਲੋੜ ਹੈ?

**ਦਰਵੇਸ਼:** ਕਰਮ ਤੋਂ ਭਾਵ ਕੰਮ ਹੈ। ਪਰ ਕਿਉਂਕਿ ਕੰਮ ਸ਼ਬਦ ਕਿਰਤ ਲਈ ਰਾਖਵਾਂ ਕਰ ਲਿਆ ਗਿਆ ਹੈ ਇਸ ਲਈ ਕਰਮ ਸ਼ਬਦ ਵਰਤ ਰਿਹਾ ਹਾਂ। ਕਰਮ ਵਿਚ ਇਨਸਾਨ ਦੇ ਸਭ ਕੰਮ ਅਤੇ ਅਮਲ ਆ ਜਾਂਦੇ ਹਨ, ਇਥੋਂ ਤਕ ਕਿ ਹਸਣਾ, ਰੋਣਾ ਆਦਿ ਵੀ। ਸਦਾਚਾਰ ਇਨਸਾਨ ਦੇ ਉਹਨਾਂ ਕਰਮਾਂ ਉਤੇ ਲਾਗੂ ਹੁੰਦਾ ਹੈ ਜੋ ਮਨ-ਮਰਜ਼ੀ ਜਾਂ ਸੁਤੰਤਰ ਇੱਛਾ ਅਧੀਨ ਕੀਤੇ ਹੋਣ। ਜਿਨਾਂ ਕਰਮਾਂ ਉਤੇ ਇਨਸਾਨ ਦਾ ਕੋਈ ਵੱਸ ਨਹੀਂ ਜਿਵੇਂ ਕਿ ਸਾਹ ਲੈਣਾ, ਜੰਮਣਾ ਅਤੇ ਮਰਨਾ ਆਦਿ, ਉਹਨਾਂ ਉਤੇ ਸਦਾਚਾਰ ਲਾਗੂ ਨਹੀਂ ਹੁੰਦਾ।

**ਮੋਹਨੀ**: ਸੁਤੰਤਰ ਇੱਛਾ ਬਾਰੇ ਤਾਂ ਕਈ ਫਲਸਫਿਆਂ ਵਿਚ ਸ਼ੱਕ ਪਰਗਟ ਕੀਤੀ ਗਈ ਹੈ। ਖਾਸ ਕਰ ਕਈ ਧਾਰਮਕ ਲੋਕ ਵੀ ਕਹਿੰਦੇ ਹਨ ਕਿ ਸਭ ਕੁਝ ਰੱਬ ਦੇ ਹਥ-ਵਸ ਹੈ, ਇਨਸਾਨ ਕੁੱਝ ਨਹੀਂ ਕਰ ਸਕਦਾ।

**ਦਰਵੇਸ਼**: ਹਾਂ ਇਨਸਾਨ ਦੀ ਇੱਛਾ ਦੇ ਉਤਪੰਨ ਹੋਣ ਤੋਂ ਲੈ ਕੇ ਕਰਮ ਦੀ ਪੂਰਤੀ ਤਕ ਕਈ ਥਾਂ ਉਤੇ ਇੱਛਾ ਦੀ ਸੁਤੰਤਰਤਾ ਬਾਰੇ ਸ਼ੱਕ ਪਰਗਟ ਕੀਤੀ ਗਈ ਹੈ। ਖਾਸ ਕਰ ਕਈ ਧਾਰਮਕ ਲੋਕ ਇਨਸਾਨ ਦੇ ਕਰਤਾ ਹੋਣ ਤੇ ਸ਼ੱਕ ਕਰਦੇ ਹਨ। ਪਰ ਜੇ ਚੋਰ ਚੋਰੀ ਕਰਨ ਦੀ ਸੁਤੰਤਰਤਾ ਨਹੀਂ ਰੱਖਦਾ, ਸਗੋਂ ਸਿਰਫ ਰਬ ਦੇ ਹੁਕਮ ਨਾਲ ਚਲ ਰਿਹਾ ਹੈ, ਤਾਂ ਗੁਨਾਹਗਾਰ ਚੋਰ ਨਹੀਂ, ਰੱਬ ਹੈ। ਅਤੇ ਜੇ ਇਨਸਾਨ ਨੂੰ ਕਰਮ ਕਰਨ ਦੀ ਸੁਤੰਤਰਤਾ ਨਹੀਂ, ਤਾਂ ਧਰਮ ਦੇ ਉਪਦੇਸ਼ਾਂ ਦੀ ਵੀ ਕੀ ਲੋੜ ਹੈ? ਇਉਂ ਇਹ ਸਿਧਾਂਤ ਇਨਸਾਨ ਨੂੰ ਮਜ਼ਬੂਰ, ਧਰਮ ਨੂੰ ਬੇਲੋੜਾ ਅਤੇ ਰੱਬ ਨੂੰ ਮੁਜਰਮ ਬਣਾਉਂਦਾ ਹੈ। ਇਹ ਗਲਤ ਹੈ। ਵੱਖ ਵੱਖ ਕਰਮਾਂ ਦੀ ਚੋਣ ਸਾਡੀ ਆਪਣੀ ਜ਼ਿੰਮੇਵਾਰੀ ਹੈ ਅਤੇ ਅਸੀਂ ਅਜਿਹੇ ਫੈਸਲੇ ਹਰ ਰੋਜ਼ ਕਰਦੇ ਹਾਂ।

ਜੇ ਭੁਚਾਲ ਕਿਸੇ ਦਾ ਨੁਕਸਾਨ ਕਰੇ ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਭੁਚਾਲ ਨੂੰ ਘਰ ਨਹੀਂ ਢਾਹੁਣੇ ਚਾਹੀਦੇ। ਪਰ ਜੇ ਕੋਈ ਇਨਸਾਨ ਗੁਆਂਢੀ ਦੇ ਸ਼ੀਸ਼ੇ ਤੋੜ ਦੇਵੇ ਤਾਂ ਉਸਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਜਾਣਾ ਚਾਹੀਦਾ ਹੈ।

ਇਨਸਾਨ ਕਰਮ ਕਰਦਾ ਹੀ ਇਸ ਲਈ ਹੈ ਕਿ ਕਰਮ ਕੁਦਰਤੀ ਨਿਸਚਨਵਾਦ ਨੂੰ ਭੰਗ ਕਰਕੇ ਯਥਾਰਥ ਨੂੰ ਇਕ ਨਵੀਂ ਤਰਤੀਬ ਦਿੰਦਾ ਹੈ। ਕਰਮ ਦੀ ਸਮਰੱਥਾ ਹੀ ਇਸਦੀ ਹੋਂਦ ਦਾ ਆਧਾਰ ਹੈ। ਇੱਛਾ ਦੀ ਸੁਤੰਤਰਤਾ ਇਸ ਵਿਚ ਹੈ ਕਿ ਇਹ ਕਰਤਾ ਦੇ ਮਨੋਰਥ ਅਨੁਸਾਰ ਯਥਾਰਥ ਵਿਚ ਤਬਦੀਲੀ ਲਿਆਉਂਦੀ ਹੈ। ਇਹ ਤਬਦੀਲੀ ਇਨਕਲਾਬ ਤੋਂ ਲੈ ਕੇ ਸਾਧਾਰਨ ਚਾਹ ਦਾ ਕੱਪ ਬਨਾਉਣ ਤਕ, ਕੁੱਝ ਵੀ ਹੋ ਸਕਦੀ ਹੈ। ਇਹ ਸੁਤੰਤਰਤਾ ਤਰਕਸ਼ੀਲ ਗਿਆਨ ਵਿਚੋਂ ਪੈਦਾ ਹੁੰਦੀ ਹੈ। ਭਾਵੇਂ ਇੱਛਾ ਦੀ ਤਾਕਤ ਦਾ ਸੋਮਾ ਖਾਹਸ਼ਾਂ, ਲੋੜਾਂ ਆਦਿ ਹਨ, ਪਰ ਬਾਹਰੀ ਦੁਨੀਆਂ ਵਿਚ ਇਸ ਦਾ ਵਾਸਤਵੀਕਰਨ ਉਸ ਵਕਤ ਹੀ ਹੋ ਸਕਦਾ ਹੈ ਜਦੋਂ ਕਰਤਾ ਆਪਣੇ ਯਥਾਰਥ ਵਿਚ ਚਲਦੀ ਕਾਰਨਾਤਕਤਾ (causality) ਨੂੰ ਸਮਝਦਾ ਹੈ। ਗਰਮ ਪਾਣੀ ਵਿਚ ਚਾਹ ਦੀ ਪੱਤੀ ਨੂੰ ਪਾਉਣ ਦੇ ਅਸਰ ਦੀ ਜਾਣਕਾਰੀ ਤਰਕਸ਼ੀਲ ਗਿਆਨ ਵਿਚੋਂ ਮਿਲਦੀ ਹੈ। ਤਰਕ ਕਾਰਨਾਤਮਕਤਾ ਦਾ ਗਿਆਨ ਹੀ ਹੈ। ਤਰਕ ਦੀ, ਖਾਸ ਕਰ 'ਸ਼ੁੱਧ ਤਰਕ' ਦੀ ਸਮਰੱਥਾ ਹੀ ਇਨਸਾਨ ਨੂੰ ਦੂਜੇ ਜਾਨਵਰਾਂ ਨਾਲੋਂ ਵਖਰਾ ਕਰਦੀ ਹੈ।

**ਉਤਸੁਕ**: ਤਰਕ ਤਾਂ ਸੁਣਿਆ ਸੀ, ਪਰ ਇਹ ਸ਼ੁੱਧ ਤਰਕ ਕੀ ਹੋਇਆ? ਕੀ ਅਜ ਕਲ ਤਰਕ ਵਿਚ ਵੀ ਮਿਲਾਵਟ ਹੋਣ ਲਗ ਪਈ ਹੈ ਜੋ ਸ਼ੁੱਧ ਤਰਕ ਦੀ ਗਲ ਕਰ ਰਹੇ ਹੋ?

**ਦਰਵੇਸ਼**: ਨਹੀਂ ਐਸੀ ਕੋਈ ਗਲ ਨਹੀਂ। ਸ਼ੁੱਧ ਤਰਕ ਦਾ ਸੰਕਲਪ ਜਰਮਨ ਫਿਲਾਸਫਰ ਕਾਂਟ ਨੇ ਦਿਤਾ ਸੀ। ਉਸ ਮੁਤਾਬਕ ਇਨਸਾਨੀ ਤਰਕ ਅਨੁਭਵ ਦੀ ਦੁਨੀਆਂ ਤਕ ਹੀ ਸੀਮਤ ਨਹੀਂ, ਇਸ ਤੋਂ ਅੱਗੇ ਵੀ ਜਾਂਦਾ ਹੈ। ਅਨੁਭਵ ਦੀ ਦੁਨੀਆਂ ਤੋਂ ਪਰੇ ਦੇ ਯਥਾਰਥ ਨੂੰ ਸਮਝਣ ਲਈ, ਸ਼ੁੱਧ ਤਰਕ ਦੀ ਲੋੜ ਪੈਂਦੀ ਹੈ। ਗਣਿਤ ਵਿਗਿਆਨ ਇਸ ਦੀ ਇਕ ਮਿਸਾਲ ਹੈ। ਗੀਤਾ ਅਨੁਸਾਰ ਗਿਆਨ ਤੋਂ ਬਿਨਾ ਕਰਮ ਅੰਨਾ ਹੈ।

> "ਹਰ ਰਿਸ਼ਤਾ ਇਨਸਾਨ ਲਈ ਇਕ ਖਾਸ ਕਿਸਮ ਦਾ ਕਰਤਵ ਪੈਦਾ ਕਰਦਾ ਹੈ।"

**ਪ੍ਰੋਫੈਸਰ**: ਪਰ ਕਾਂਟ ਨੇ ਤਾਂ ਅਗੰਮ ਸੰਕਲਪਾਂ ਦੀ ਵੀ ਗਲ ਕੀਤੀ ਸੀ, ਜਿਸ ਅਨੁਸਾਰ ਸਾਡੇ ਤਰਕਸ਼ੀਲ ਗਿਆਨ ਦਾ ਕੁੱਝ ਹਿੱਸਾ, ਸਾਡੇ ਮਨ ਵਿਚ, ਅਨੁਭਵ ਤੋਂ ਪਹਿਲਾਂ ਹੀ ਮੌਜੂਦ ਹੁੰਦਾ ਹੈ। ਖਾਸ ਕਰ ਸਦਾਚਾਰ ਦੇ ਸੰਕਲਪ, ਉਸ ਅਨੁਸਾਰ, ਕੁੱਝ ਇਹੋ ਜਹੇ ਹੀ ਹੁੰਦੇ ਹਨ।

**ਦਰਵੇਸ਼**: ਹਾਂ, ਪਰ ਮੈਂ ਉਸ ਨਾਲ ਪੂਰਾ ਸਹਿਮਤ ਨਹੀਂ ਹਾਂ। ਮੇਰੇ ਖਿਆਲ ਵਿਚ ਸਦਾਚਾਰਕ ਗਿਆਨ ਦਾ ਸੋਮਾ ਇਨਸਾਨ ਦਾ ਨਾਂਹਵਾਚਨ (ਨੁਕਸਾਨ ਆਦਿ) ਜਾਂ ਨਿਖੇਧ ਹੈ, ਅਤੇ ਇਹ ਅਨੁਭਵ ਦੀ ਦੁਨੀਆਂ ਦੇ ਅੰਦਰ ਹੈ। ਸ਼ੁੱਧ ਤਰਕ ਵੀ ਅਨੁਭਵ ਦੀ ਦੁਨੀਆਂ ਤੋਂ ਬਾਹਰ ਕਾਰਨਾਤਮਕਤਾ ਦੀ ਪੌੜੀ ਚੜ੍ਹ ਕੇ ਹੀ ਜਾਂਦਾ ਹੈ ਅਤੇ ਪਰਮਾਣ ਲਈ ਮੁੜ ਅਨੁਭਵ ਦੀ ਦੁਨੀਆਂ ਨੂੰ ਹੀ ਪਰਤਦਾ ਹੈ। ਪਰਮਾਣ (ਸੱਚ ਦਾ ਸਬੂਤ) ਸਿੱਧਾ ਜੇ ਨਾ ਮਿਲੇ ਤਾਂ ਅਸਿੱਧਾ ਸਹੀ ਪਰ ਅਨੁਭਵ ਵਿਚੋਂ ਹੀ ਪ੍ਰਤੱਖ ਪਰਮਾਣ ਮਿਲਦਾ ਹੈ।

**ਉਤਸੁਕ**: ਕਰਮ ਕਿੰਨੇ ਤਰਾਂ ਦਾ ਹੋ ਸਕਦਾ ਹੈ?

**ਦਰਵੇਸ਼**: ਕਰਮ ਨੂੰ ਤਿੰਨ ਮੁੱਖ ਹਿਸਿਆਂ ਵਿਚ ਵੰਡਿਆ ਜਾ ਸਕਦਾ ਹੈ:

1.ਪਹਿਲੀ ਕਿਸਮ ਦੇ ਕਰਮ ਉਹ ਹਨ, ਜਿਹਨਾਂ ਵਿਚ ਕਰਤਾ ਨੂੰ ਕੋਈ ਸਥੂਲ ਫਾਇਦਾ ਨਹੀਂ ਹੁੰਦਾ ਜਾਂ ਬਹੁਤ ਘੱਟ ਹੁੰਦਾ ਹੈ। ਪਰ ਦੂਜੇ ਲੋਕਾਂ ਨੂੰ ਫਾਇਦਾ ਜ਼ਰੂਰ ਹੁੰਦਾ ਹੈ।

2.ਦੂਜੀ ਕਿਸਮ ਦਾ ਕਰਮ ਹੈ ਜਿਸ ਵਿਚ ਕਰਤਾ ਨੂੰ ਅਤੇ ਦੂਜੇ ਲੋਕਾਂ ਨੂੰ ਪ੍ਰਸਪਰ ਫਾਇਦਾ ਹੁੰਦਾ ਹੈ।

3.ਤੀਜੀ ਵੰਨਗੀ ਉਹ ਹੈ ਜਿੱਥੇ ਕਰਤਾ ਸਿਰਫ ਆਪਣਾ ਹੀ ਫਾਇਦਾ ਦੇਖਦਾ ਹੈ। ਇਸ ਵਿਚ ਦੂਜੇ ਲੋਕਾਂ ਨੂੰ ਨੁਕਸਾਨ ਹੁੰਦਾ ਹੈ।

ਪਹਿਲੀ ਕਿਸਮ ਦੇ ਕਰਮ ਵਿਚ ਨਿਸ਼ਕਾਮ ਮਦਦ ਅਤੇ ਸ਼ਹੀਦੀ ਆਦਿ ਦੇ ਕਰਮ ਆਉਂਦੇ ਹਨ। ਇਹੋ ਜਹੇ ਕਰਮ ਵਰਤੋਂਵਾਦੀ ਤੋਲ ਮਾਪ ਤੋਂ ਉਤਾਂਹ ਹੁੰਦੇ ਹਨ। ਇਨਸਾਨ ਵਿਚ ਚੰਗਿਆਈ ਦੀ ਬੜੀ ਸਮਰੱਥਾ ਹੈ, ਪਰ ਉਸਦੀਆਂ ਲੋੜਾਂ ਅਤੇ ਵਿਅਕਤੀਗਤ ਪ੍ਰਫੁਲਤਾ, ਕਈ ਵਾਰ ਅਜਿਹੇ ਕਰਮਾਂ ਨਾਲ ਦਵੰਦ ਰਖਦੀ ਹੈ। ਇਸੇ ਕਰਕੇ ਜਿਉਂ ਜਿਉਂ ਜੀਵਨ ਦਾ ਵਪਾਰੀਕਰਨ ਵਧਦਾ ਹੈ, ਇਨਸਾਨ ਖ਼ੁਦਗਰਜ਼ ਹੁੰਦਾ ਜਾਂਦਾ ਹੈ। ਪਰ ਫਿਰ ਵੀ ਇਸ ਕਿਸਮ ਦੇ ਕਰਮ ਦੀਆਂ ਕਾਫੀ ਮਿਸਾਲਾਂ ਮਿਲਦੀਆਂ ਹਨ। ਭਗਤ ਸਿੰਘ ਵਰਗੇ ਇਨਸਾਨ ਲਈ, ਜੋ ਪੁਨਰ-ਜਨਮ ਵਿਚ ਵੀ ਯਕੀਨ ਨਹੀਂ ਰਖਦਾ ਸੀ, ਸ਼ਹੀਦੀ ਨਿਸ਼ਕਾਮਤਾ ਦੀ ਹੱਦ ਹੈ। ਹਿੰਦੁਸਤਾਨ ਵਿਚ ਇਹੋ ਜਹੇ ਕਰਮ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ। ਇਥੇ ਇਹ ਨਹੀਂ ਭੁਲਣਾ ਚਾਹੀਦਾ ਕਿ ਸ਼ਹੀਦੀ ਦੀ ਕਦਰ ਮੌਤ ਦੇ ਚੰਗਾ ਹੋਣ ਕਰਕੇ ਨਹੀਂ, ਮਾੜਾ ਹੋਣ ਕਰਕੇ ਹੈ, ਅਤੇ ਜਿੰਦਗੀ ਦੀ ਕਦਰ 'ਚੋਂ ਉਪਜਦੀ ਹੈ।

ਦੂਜੀ ਕਿਸਮ ਦੇ ਕਰਮ ਹਨ ਜੋ ਸੰਜੋਗਵਾਦੀ (synthetic) ਰਿਸ਼ਤਿਆਂ ਦਾ ਆਧਾਰ ਬਣਦੇ ਹਨ। ਉਤਪਾਦਨ, ਵਟਾਂਦਰਾ ਆਦਿ ਪ੍ਰਕ੍ਰਿਆਵਾਂ ਵਿਚ, ਦੋ ਵਿਰੋਧੀ ਧਿਰਾਂ ਪ੍ਰਸਪਰ ਫਾਇਦੇ ਲਈ ਕਰਮ ਕਰਦੀਆਂ ਹਨ। ਦੋਹਵਾਂ ਨੂੰ ਫਾਇਦਾ ਹੁੰਦਾ ਹੈ। ਇਹੋ ਜਹੇ ਕਰਮਾਂ ਨਾਲ ਦੁਨੀਆਂ ਦਾ ਕਾਰ ਵਿਹਾਰ ਚਲਦਾ ਹੈ।

ਤੀਜੀ ਕਿਸਮ ਦੇ ਕਰਮ ਹਨ, ਜਿੱਥੇ ਲਕਸ਼ਮਣ ਰੇਖਾ ਦੇ ਦੂਜੇ ਪਾਸੇ ਬੈਠੀ ਸੀਤਾ ਨੂੰ ਉਠਾਇਆ ਜਾਂਦਾ ਹੈ। ਇਸ ਵਿਚ ਕਰਤਾ ਆਪਣਾ ਫਾਇਦਾ ਦੇਖਦਾ ਹੈ, ਪਰ ਦੂਜੇ ਦੇ ਨੁਕਸਾਨ ਦਾ ਖਿਆਲ ਨਹੀਂ ਰੱਖਦਾ। ਇਹੋ ਜਹੇ ਕਰਮ ਦੇ ਪਿਛੇ ਇਨਸਾਨ ਦੇ ਵਿਅਕਤੀਗਤ ਹਿੱਤ ਤਾਂ ਹੁੰਦੇ ਹੀ ਹਨ, ਪਰ ਬਹੁਤ ਵਾਰ ਪੰਜ 'ਯਮਾਂ'; ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਚੋਂ ਕੋਈ ਇਕ ਹੁੰਦਾ ਹੈ। ਇਹ ਬਿਰਤੀਆਂ ਜ਼ਿੰਦਗੀ ਲਈ ਜ਼ਰੂਰੀ ਹਨ, ਪਰ ਇਹਨਾਂ ਵਿਚੋਂ ਕਿਸੇ ਇਕ ਦਾ ਬਹੁਤ ਭਾਰੂ ਹੋ ਜਾਣਾ, ਸਮੱਸਿਆਵਾਂ ਪੈਦਾ ਕਰਦਾ ਹੈ।

**ਪ੍ਰੋਫੈਸਰ:** ਪੰਜਾਬੀ ਵਿਚ ਖੁਲੀ ਕਵਿਤਾ ਲਿਖਣਾ ਕਿਹੋ ਜਿਹਾ ਕਰਮ ਹੈ?

**ਮੋਹਨੀ:** ਇਹ ਸ਼ਹੀਦੀ ਨਾਲੋਂ ਘੱਟ ਨਹੀਂ। ਤੁਸੀਂ ਸੰਜੋਗਾਤਮਕ ਰਿਸ਼ਤਿਆਂ ਦੀ ਗਲ ਕੀਤੀ ਹੈ, ਇਹ ਕੀ ਹੁੰਦੇ ਹਨ?

**ਦਰਵੇਸ਼:** ਸਮਾਜਕ ਰਿਸ਼ਤੇ ਦੋ ਤਰਾਂ ਦੇ ਹੁੰਦੇ ਹਨ; ਇਕ ਸੰਜੋਗਾਤਮਕ ਅਤੇ ਦੂਜੇ ਸਮਾਨੰਤਰ। ਸੰਜੋਗਾਤਮਕ ਰਿਸ਼ਤੇ ਉਹ ਹਨ ਜਿਹਨਾਂ ਰਾਹੀਂ ਦੋ ਵੱਖ ਵੱਖ ਅਤੇ ਵਿਰੋਧੀ ਗੁਣਾ ਵਾਲੇ ਇਨਸਾਨ ਇਕ ਦੂਜੇ ਨਾਲ ਆਪਣੇ ਗੁਣ ਸਾਂਝੇ ਕਰਕੇ ਇਕ ਸੰਜੋਗ ਪੈਦਾ ਕਰਦੇ ਹਨ। ਜਿਵੇਂ ਮਿਲ-ਮਾਲਕ ਅਤੇ ਮਜ਼ਦੂਰ, ਖਰੀਦਣ ਵਾਲਾ ਅਤੇ ਵੇਚਣ ਵਾਲਾ ਆਦਿ। ਤੀਵੀਂ ਅਤੇ ਆਦਮੀ ਦਾ ਸੁਮੇਲ ਵੀ ਇਵੇਂ ਹੀ ਸ਼ੁਰੂ ਹੋਇਆ ਸੀ। ਇਸ ਵਿਚ ਕਿਰਤ ਦੀ ਵੰਡ ਹੁੰਦੀ ਹੈ ਅਤੇ ਦੋਹਵਾਂ ਦਾ ਫਾਇਦਾ ਹੁੰਦਾ ਹੈ। ਇਸ ਵਿਚ ਕਦਰ ਦਾ ਤੋਲਵਾਂ ਅਦਾਨ-ਪਰਦਾਨ ਹੁੰਦਾ ਹੈ।

ਸਮਾਨੰਤਰ ਰਿਸ਼ਤੇ ਉਹ ਹਨ, ਜਿਥੇ ਕਿਰਤ ਦੀ ਵੰਡ ਅਤੇ ਕਦਰ ਦਾ ਅਦਾਨ ਪਰਦਾਨ, ਰਿਸ਼ਤੇ ਦਾ ਅਧਾਰ ਨਹੀਂ ਹੁੰਦਾ। ਸਿਰਫ ਹਿੱਤਾਂ ਦੀ ਇਕ-ਭਾਂਤ (similarily) ਹੁੰਦੀ ਹੈ। ਇਹੋ ਜਹੇ ਲੋਕ ਇਕ ਵਰਗ ਦੇ ਮੈਂਬਰ ਹੁੰਦੇ ਹਨ। ਇਨਸਾਨ ਹੋਣ ਦੇ ਨਾਤੇ ਹਰ ਇਨਸਾਨ ਇਕ ਦੂਜੇ ਨਾਲ ਇਹ ਰਿਸ਼ਤਾ ਰਖਦਾ ਹੈ। ਮਜ਼ਦੂਰ ਦਾ ਮਜ਼ਦੂਰ ਨਾਲ, ਇਕ ਮੁਲਕ ਦਾ ਦੂਜੇ ਨਾਲ, ਇਕ ਮੁਲਕ ਵਿਚ ਵਸਦੇ ਵਖ ਵਖ ਗਰੁਪਾਂ ਅਤੇ ਵਰਗਾਂ ਦਾ ਇਕ ਦੂਜੇ ਨਾਲ, ਸਮਾਨੰਤਰ ਰਿਸ਼ਤਾ ਹੁੰਦਾ ਹੈ।

ਇਸ ਰਿਸ਼ਤੇ ਵਿਚ ਦੋਸਤੀ ਜਾਂ ਦੁਸ਼ਮਣੀ ਹੋ ਸਕਦੀ ਹੈ। ਇਸ ਵਿਚ ਹਿੱਤਾਂ ਦੀ ਸਾਂਝ ਵੀ ਹੈ ਅਤੇ ਮੁਕਾਬਲਾ ਵੀ। ਮੁਕਾਬਲਾ ਕਮੀ ਦੇ ਮਾਹੌਲ ਵਿਚ ਸ਼ੁਰੂ ਹੁੰਦਾ ਹੈ ਅਤੇ ਆਪਣੇ ਹੀ ਨਿਯਮ ਰਖਦਾ ਹੈ। ਪਰਵਾਰਕ ਰਿਸ਼ਤੇ ਇਹਨਾਂ ਦੋਹਵਾਂ ਦਾ ਮਿਸ਼ਰਣ ਹੁੰਦੇ ਹਨ ਅਤੇ ਇਕ ਖਾਸ ਥਾਂ ਰਖਦੇ ਹਨ। ਹਰ ਰਿਸ਼ਤਾ ਇਨਸਾਨ ਲਈ ਇਕ ਖਾਸ ਕਿਸਮ ਦਾ ਕਰਤਵ ਪੈਦਾ ਕਰਦਾ ਹੈ।

**ਮੋਹਨੀ:** ਸਾਰੀ ਦੁਨੀਆਂ ਆਨੰਦ ਦੀ ਭਾਲ ਵਿਚ ਫਿਰਦੀ ਹੈ, ਉਹ ਕੌਣ ਸੀ ਜਿਸਨੇ ਕਿਹਾ ਸੀ ਕਿ ਜੋ ਕੁਝ ਵੀ ਆਨੰਦ ਦਿੰਦਾ ਹੈ ਉਹੀ ਚੰਗਾ ਹੈ?

**ਦਰਵੇਸ਼:** ਹਾਂ ਇਓਂ ਵੀ ਕਿਹਾ ਗਿਆ ਹੈ। ਅਸਲ ਵਿਚ ਆਨੰਦਵਾਦੀ (hedonist) ਫਲਸਫਾ ਸਦਾਚਾਰ ਦਾ ਅਧਾਰ ਆਨੰਦ ਹੀ ਦਸਦਾ ਹੈ। ਇਹ ਸਿਧਾਂਤ ਯੁਨਾਨ ਦੇ ਚਿੰਤਕ ਅਰਿਸਟੀਪਸ ਦੇ ਫਲਸਫੇ ਤੋਂ ਚਲਦਾ ਆ ਰਿਹਾ ਹੈ। ਇਸ ਦਾ ਬੁਨਿਆਦੀ ਰੂਪ ਇਹ ਸੀ ਕਿ ਹਰ ਇਨਸਾਨ ਉਹੀ ਕਰਮ ਕਰਦਾ ਹੈ, ਜਿਸ ਵਿਚ ਆਨੰਦ ਮਿਲੇ, ਇਸ ਲਈ ਆਨੰਦ

---

**"ਇਕ ਪਥਰ ਦੀ ਮੂਰਤੀ, ਜਾਂ ਇਕ ਚੰਗੇ ਇਨਸਾਨ (ਜੀਸਸ, ਕ੍ਰਿਸ਼ਨ, ਨਾਨਕ) ਨੂੰ, ਪਰਾ-ਯਥਾਰਤਕ ਕਦਰ ਦੇ ਕੇ ਅਸੀਂ ਆਪਣੇ ਆਪ ਨੂੰ, ਸ਼ੁੱਧ-ਤਰਕ ਦੀ ਦੁਨੀਆਂ ਦੇ ਉਸ ਹਿਸੇ ਵਿਚ ਲੈ ਜਾਂਦੇ ਹਾਂ, ਜਿਥੇ ਯਥਾਰਥ ਦੀ ਸਿਰਜਣਾ ਸਾਡੀ ਕਲਪਣਾ ਉਤੇ ਨਿਰਭਰ ਹੈ।"**

---

ਹੀ ਚੰਗਿਆਈ ਹੈ। ਪਰ ਸਵਾਲ ਹੈ ਕਿ ਕੀ ਬਲਾਤਕਾਰ ਦਾ ਆਨੰਦ, ਬਲਾਤਕਾਰੀ ਨੂੰ ਸਦਾਚਾਰਕ ਬਣਾ ਸਕਦਾ ਹੈ? ਜਵਾਬ ਸਾਫ ਜ਼ਾਹਰ ਹੈ ਕਿ ਨਹੀਂ। ਇਹੋ ਜਹੇ ਸਵਾਲਾਂ ਦੇ ਜਵਾਬ ਨਾ ਦੇ ਸਕਣ ਕਾਰਨ, ਇਸ ਫਲਸਫੇ ਵਿਚ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਆਧੁਨਿਕ ਸਮੇਂ ਵਿਚ ਜਰਮੀ ਬੈਂਥਮ ਨੇ ਇਸ ਸਿਧਾਂਤ ਨੂੰ ਬਦਲ ਕੇ ਇਉਂ ਬਣਾ ਦਿਤਾ ਕਿ ਵਿਅਕਤੀਗਤ ਆਨੰਦ ਦੀ ਥਾਂ ਫਾਇਦਾ, ਹਿੱਤ ਅਤੇ ਖੁਸ਼ੀ ਆਦਿ ਵੀ ਕਰਮ ਦੀ ਕਸਵੱਟੀ ਹਨ। ਭਾਵੇਂ ਉਹ ਅਜੇ ਵੀ ਵਿਅਕਤੀਗਤ ਖੁਸ਼ੀ ਦੀ ਗਲ ਕਰਦਾ ਹੈ ਪਰ ਫਿਰ ਵੀ ਉਹ ਇਸਨੂੰ ਵਿਅਕਤੀਆਂ ਦੀ ਖੁਸ਼ੀ ਵਲ ਲੈ ਜਾਂਦਾ ਹੈ। ਇਸ ਵਿਚ ਬੜੇ ਨੁਕਸ ਹਨ। ਪਹਿਲੀ ਗਲ ਤਾਂ ਇਹ ਹੈ ਕਿ ਉਹ ਖੁਸ਼ੀ ਵਰਗੀ ਆਮ ਗਲ ਨੂੰ ਵਰਤੋਂਵਾਦ ਦੇ ਤੋਲ ਮਾਪ ਵਿਚ ਇਉਂ ਲੈ ਆਉਂਦਾ ਹੈ ਜਿਵੇਂ ਕੋਈ ਵਿਕਾਊ ਜਿਨਸ ਹੋਵੇ। ਦੂਜਾ ਉਹ ਵਿਅਕਤੀਗਤ ਅਤੇ ਸਮੂਹਕ ਫਾਇਦੇ ਵਿਚ ਦਵੰਦ ਨੂੰ ਨਹੀਂ ਜਾਂਚ ਸਕਿਆ। ਉਂਜ ਵੀ ਉਹ ਜੋ ਸਾਬਤ ਕਰਨ ਦੀ ਜ਼ਿੰਮੇਵਾਰੀ ਲੈ ਕੇ ਤੁਰਦਾ ਹੈ, ਉਸ ਨੂੰ ਸਬੂਤ ਸਮਝਕੇ ਹੱਟ ਜਾਂਦਾ ਹੈ। ਬਾਅਦ ਵਿਚ ਜ. ਸ. ਮਿਲ ਨੇ ਆਨੰਦਵਾਦ ਨੂੰ ਵਰਤੋਂਵਾਦ ਵਿਚ ਬਦਲਣ ਦੀ ਹੋਰ ਕੋਸ਼ਿਸ਼ ਕੀਤੀ। ਅਖੀਰ ਤੇ ਇਹ ਸਿਧਾਂਤ ਵੱਧ ਤੋਂ ਵੱਧ ਲੋਕਾਂ ਦੇ ਵੱਧ ਤੋਂ ਵੱਧ ਫਾਇਦੇ ਤਕ ਪਹੁੰਚ ਗਿਆ। ਪਰ ਇਸ ਵਿਚ ਵੀ ਸਮੱਸਿਆ ਹੈ ਜਿਵੇਂ ਗੁਲਾਮੀ ਦੀ ਪ੍ਰਥਾ ਵਿਚ ਥੋੜੇ ਲੋਕਾਂ ਦੀ ਗੁਲਾਮੀ, ਬਹੁ-ਗਿਣਤੀ ਦਾ ਫਾਇਦਾ ਕਰਕੇ ਵੀ, ਬੁਰੀ ਹੈ। ਇਉਂ ਇਹ ਫਲਸਫਾ, ਸਦਾਚਾਰ ਦਾ, ਕੋਈ ਦਰੁਸਤ ਸਿਧਾਂਤ ਨਹੀਂ ਦੇ ਸਕਿਆ।

**ਮੋਹਨੀ:** ਤਾਂ ਕੀ ਸਾਰੇ ਲੋਕਾਂ ਦੇ ਆਨੰਦ ਦੀ ਗੱਲ ਕੀਤੀ ਜਾਣੀ ਚਾਹੀਦੀ ਹੈ?

**ਦਰਵੇਸ਼:** ਸਾਰੇ ਲੋਕਾਂ ਦਾ ਆਨੰਦ ਬੜਾ ਟੇਢਾ ਜਿਹਾ ਤਰੀਕਾ ਹੈ, ਇਸ ਗਲ ਬਾਰੇ ਸੋਚਣ ਦਾ। ਜਦੋ ਵੀ ਕੋਈ ਚੀਜ਼ ਸਾਰੇ ਲੋਕਾਂ ਨਾਲ ਰਿਸ਼ਤਾ ਰਖਦੀ ਹੈ, ਉਹ ਵਿਸ਼ਵਮਈ ਇਨਸਾਨ, ਨਾਲ ਰਿਸ਼ਤਾ ਰੱਖਦੀ ਹੈ। ਵਿਸ਼ਵਮਈ ਇਨਸਾਨ ਵਿਅਕਤੀਗਤ ਇਨਸਾਨ ਦਾ ਅਮੂਰਤ ਸੰਕਲਪ ਹੈ। ਇਸ ਦਾ ਭਾਵ ਹੈ ਕਿ ਇਨਸਾਨ ਦੇ ਆਨੰਦ ਲਈ ਸਦਾਚਾਰ ਬਣਿਆ ਹੈ। ਜੇ ਸਦਾਚਾਰ ਆਨੰਦ ਲਈ ਬਣਿਆ ਹੁੰਦਾ ਤਾਂ ਸਾਰੇ ਲੋਕ ਦੇਵਤਿਆਂ ਸਮਾਨ ਹੋਣੇ ਸਨ। ਇਸ ਦਾ ਚੰਗੇਰਾ ਰੂਪ ਸ਼ਾਇਦ ਅਰਸਤੂ ਦੇ ਖੁਸ਼ਹਾਲੀ (endaemonia) ਦੇ ਸਿਧਾਂਤ ਵਿਚ ਮਿਲਦਾ ਹੈ। ਕਈ ਲੋਕ ਇਸ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਨ ਸਮੇਂ ਖੁਸ਼ੀ ਹੀ ਲਿਖਦੇ ਹਨ, ਪਰ ਖੁਸ਼ਹਾਲੀ ਸ਼ਬਦ ਢੁਕਵਾਂ ਹੈ।

**ਮੋਹਨੀ:** ਚਲੋ ਖੁਸ਼ਹਾਲੀ ਸਹੀ?

**ਦਰਵੇਸ਼:** ਨਹੀਂ ਮੈਂ ਇਸ ਨਾਲ ਵੀ ਸਹਿਮਤ ਨਹੀਂ ਹਾਂ। ਮੈਂ ਸਦਾਚਾਰ ਦਾ ਮਨੋਰਥ ਸਿਰਫ ਵਿਰੋਧੀ ਹਿੱਤਾਂ ਦੀ 'ਹਾਰਮਨੀ' ਹੀ ਸਮਝਦਾ ਹਾਂ। ਖੁਸ਼ਹਾਲੀ ਉਤਪਾਦਨ ਆਦਿ ਦਾ ਨਤੀਜਾ ਜਾਂ ਮਨੋਰਥ ਹੈ। ਖੁਸ਼ੀ ਸਭਿਆਚਾਰ, ਉਤਪਾਦਨ, ਸਦਾਚਾਰ ਅਤੇ

ਵਾਤਾਵਰਨ ਆਦਿ ਸਭ ਚੀਜ਼ਾਂ ਦੇ ਮੇਲ ਚੋਂ ਪੈਦਾ ਹੁੰਦੀ ਹੈ। ਖੁਸ਼ੀ ਵਿਚ, ਸਭਿਆਚਾਰ ਦੇ, ਸੁਹਜਵਾਦੀ ਅਤੇ ਰੂਹਾਨੀ ਹਿੱਸੇ ਵੀ ਜ਼ਰੂਰੀ ਹਨ। ਗੀਤਾ ਵਿਚ ਕਰਮ, ਗਿਆਨ ਅਤੇ ਭਗਤੀ ਦਾ ਸੁਮੇਲ ਜ਼ਰੂਰੀ ਕਿਹਾ ਗਿਆ ਹੈ। ਜਦੋਂ ਭਗਤੀ ਦੀ ਗਲ ਤੁਰਦੀ ਹੈ, ਤਾਂ ਵਿਸ਼ਵਾਸ ਵਾਲੇ ਲੋਕ ਇਸ ਦੀ ਅਹਿਮੀਅਤ ਨੂੰ, ਇਸ ਲਈ ਨਹੀਂ ਸਮਝਦੇ ਕਿਉਂਕਿ ਉਹਨਾਂ ਕੋਲ ਇਸ ਦਾ ਜਵਾਬ ਘੜਿਆ ਘੜਾਇਆ ਹੈ। ਖੱਬੇ ਪੱਖੀ ਅਤੇ ਪਦਾਰਥਵਾਦੀ ਲੋਕ, ਇਸ ਲਈ ਨਹੀਂ, ਕਿਉਂਕਿ ਉਹ ਇਸ ਨੂੰ ਅੰਧ ਵਿਸ਼ਵਾਸ ਸਮਝਦੇ ਹਨ। ਭਾਵ ਕਿ ਇਕ ਮਿੱਥ ਦੇ ਅੱਗੇ ਮੱਥੇ ਟੇਕਣ ਨੂੰ ਕੌਣ ਗੰਭੀਰ ਸਮਝ ਸਕਦਾ ਹੈ। ਪਰ ਅਸਲ ਗਲ ਹੈ ਜਜ਼ਬਾਤ ਦੇ ਇਲਾਹੀਕਰਨ ਦੀ ਅਤੇ ਜ਼ਿੰਦਗੀ ਨੂੰ ਪਦਾਰਥਕ ਵਰਤੋਂਵਾਦ ਤੋਂ ਵਡੇਰੀ ਮਹੱਤਤਾ ਦੇਣ ਦੀ। ਇਕ ਪਥਰ ਦੀ ਮੂਰਤੀ, ਜਾਂ ਇਕ ਚੰਗੀ ਇਨਸਾਨ (ਜੀਸਸ, ਕ੍ਰਿਸ਼ਨ, ਨਾਨਕ) ਨੂੰ, ਪਰਾ-ਯਥਾਰਤਕ ਕਦਰ ਦੇ ਕੇ ਅਸੀਂ ਆਪਣੇ ਆਪ ਨੂੰ, ਸ਼ੁੱਧ-ਤਰਕ ਦੀ ਦੁਨੀਆਂ ਦੇ ਉਸ ਹਿਸੇ ਵਿਚ ਲੈ ਜਾਂਦੇ ਹਾਂ, ਜਿਥੇ ਯਥਾਰਥ ਦੀ ਸਿਰਜਣਾ ਸਾਡੀ ਕਲਪਣਾ ਉਤੇ ਨਿਰਭਰ ਹੈ। ਇਕ ਵਹਿਮ ਅਤੇ ਇਕ ਮਿੱਥ ਵਿਚ ਫਰਕ ਇਹ ਹੈ ਕਿ ਇਕ ਵਿਅਕਤੀਗਤ ਹੈ ਦੂਜਾ ਸਮੂਹਕ। ਸਮੂਹਕ ਪਰਾ-ਯਥਾਰਥ, ਇਸ ਅਜੀਬੋ ਗਰੀਬ ਜਾਨਵਰ ਲਈ ਜਿਸ ਨੂੰ ਇਨਸਾਨ ਕਿਹਾ ਜਾਂਦਾ ਹੈ, ਯਥਾਰਥ ਦਾ ਹੀ ਦਰਜਾ ਰਖਦਾ ਹੈ। ਜੇ ਸਾਨੂੰ ਭੁੱਖ ਨਾ ਲਗਦੀ ਹੁੰਦੀ ਤਾਂ ਅਸੀਂ ਸ਼ਾਇਦ ਪਰਾ-ਯਥਾਰਥ ਵਿਚ ਹੀ ਜੀਉਂਦੇ ਅਤੇ ਮਿਥਹਾਸ ਵਿਚ ਹੀ ਵਿਚਰਦੇ। ਸਾਡੇ ਖੁਸ਼ ਹੋਣ ਲਈ ਸਦਾਚਾਰ ਇਕੱਲਾ ਕਾਫੀ ਨਹੀਂ।

**ਉਤਸੁਕ:** ਬਹੁਤ ਵਾਰ ਕਰਮ ਕਰਨ ਲੱਗਿਆਂ ਇਹ ਗਲ ਸਾਫ ਜ਼ਾਹਰ ਨਹੀਂ ਹੁੰਦੀ ਕਿ ਇਹ ਕਿਸੇ ਦਾ ਨੁਕਸਾਨ ਕਰੇਗਾ ਜਾਂ ਨਹੀਂ। ਅਤੇ ਕਈ ਵਾਰ ਨੁਕਸਾਨ ਦੇ ਬਦਲੇ 'ਚ ਕੀਤਾ ਕਰਮ ਤਾਂ ਜਾਣ ਬੁੱਝ ਕੇ ਦੂਜੇ ਦੇ ਨੁਕਸਾਨ ਦਾ ਮਨੋਰਥ ਰਖਦਾ ਹੈ। ਇਹੋ ਜਹੇ ਹਾਲਾਤ ਵਿਚ ਆਮ ਨਿਯਮ ਕੀ ਹੈ?

**ਦਰਵੇਸ਼:** ਅਰਸਤੂ ਨੇ ਕਰਮ ਦੇ ਦਰੁਸਤ ਹੋਣ ਲਈ ਇਕ ਆਮ ਨਿਯਮ ਦਿਤਾ ਹੈ। ਇਸਨੂੰ 'ਗੋਲਡਨ ਮੀਨ' ਜਾਂ ਮੱਧ-ਮਾਰਗ ਕਹਿੰਦੇ ਹਨ। ਹਿੰਦੁਸਤਾਨ ਵਿਚ ਇਸ ਨੂੰ ਸਹਿਜਵਾਦ ਵੀ ਕਿਹਾ ਜਾਂਦਾ ਹੈ। ਇਸ ਨਿਯਮ ਅਨੁਸਾਰ ਕਿਸੇ ਵੀ ਕਰਮ ਦੀ ਅੱਤ ਮਾੜੀ ਹੈ। ਜਿਵੇਂ ਕਿ ਲੋੜ ਤੋਂ ਬਹੁਤ ਵੱਧ ਖਾਣਾ ਵੀ ਮਾੜਾ ਹੈ, ਅਤੇ ਬਹੁਤ ਘੱਟ ਖਾਣਾ ਵੀ। ਇਸਦਾ ਮੱਧ-ਮਾਰਗ ਹੈ, ਜਾਇਜ਼ ਖਾਣਾ। ਇਹ ਗਲ ਤਕਰੀਬਨ ਹਰ ਕਿਸਮ ਦੇ ਕਰਮ ਉਤੇ ਲਾਗੂ ਹੁੰਦੀ ਹੈ। ਇਸ ਰਾਹ ਤੇ ਤੁਰਿਆਂ ਸਹਿਜਵਾਦੀ ਚਰਿਤਰ ਹੋਂਦ ਵਿਚ ਆਉਂਦਾ ਹੈ।

**ਮੋਹਨੀ:** ਕੀ ਬਹੁਤਾ ਮੱਧ ਵਿਚਕਾਰ ਕਰਮ ਕਰਨਾ ਵੀ ਮਾੜਾ ਹੈ?

**ਦਰਵੇਸ਼:** ਇਹ ਸਵਾਲ ਬਹੁਤ ਔਖਾ ਹੈ। ਅਰਸਤੂ ਅਨੁਸਾਰ ਮੱਧ ਦੀ ਅੱਤ ਨਾਂ ਦੀ ਕੋਈ ਚੀਜ਼ ਨਹੀਂ। ਪਰ ਮੇਰਾ ਖਿਆਲ ਹੈ ਕਿ ਕਈ ਵਾਰ ਇਹੋ ਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਮੱਧ ਵਿਚੋਂ ਨਿਕਲਿਆਂ ਹੀ ਮਸਲਾ ਹੱਲ ਹੁੰਦਾ ਹੈ। ਜਿਵੇਂ ਕਿ ਨਿਊਟਨ ਵਰਗੇ ਲੋਕ ਗਿਆਨ ਦੀ ਖੋਜ ਵਿਚ ਹਰ ਹੱਦ ਟਪ ਜਾਂਦੇ ਹਨ। ਸ਼ਾਇਦ ਗੁਰੂ ਗੋਬਿੰਦ ਸਿੰਘ ਦਾ ਉਹ ਸ਼ਬਦ, 'ਚੂੰ ਕਾਰ ਅਜ਼ ਹਮਾਂ ਹੀਲਤੇ...' ਵੀ ਇਹੀ ਗੱਲ ਹੈ।

> **"ਹਰ ਇਨਸਾਨ ਸਿਰਫ ਇਨਸਾਨ ਹੋਣ ਦੇ ਨਾਤੇ ਕੁੱਝ ਹੱਕ ਰਖਦਾ ਹੈ ਜਿਹਨਾਂ ਦਾ ਖੋਹੇ ਜਾਣਾ, ਇਨਸਾਨ ਦੇ ਆਪਣੇ ਅਹਿਸਾਸ ਅਨੁਸਾਰ, ਉਸਦਾ ਨਾਂਹਵਾਚਨ ਹੈ।"**

**ਪ੍ਰੋਫੈਸਰ:** ਸਦਾਚਾਰ ਦੀ ਕਦਰ ਦਾ ਕੀ ਸੋਮਾ ਹੈ?

**ਦਰਵੇਸ਼:** ਕਿਸੇ ਵੀ ਸਮਾਜਕ ਅਦਾਰੇ ਜਾਂ ਸੰਸਥਾ ਜਾਂ ਸਮੁੱਚੇ ਸਮਾਜ ਦੇ ਇਕਸੁਰਤਾ ਨਾਲ ਚਲਣ ਲਈ ਇਸ ਦੇ ਹਿੱਸਿਆਂ ਉਤੇ ਲੱਗੀਆਂ ਪਾਬੰਦੀਆਂ ਜਾਂ ਸੇਧਾਂ ਜ਼ਰੂਰੀ ਹਨ। ਸਦਾਚਾਰ ਦੀ ਕਦਰ, ਜੋ ਇਹ ਬਚਾਉਂਦਾ ਹੈ ਉਸ 'ਚੋਂ ਨਿਕਲਦੀ ਹੈ। ਜੇ 'ਪੂਰਾ' ਇਨਸਾਨ ਲਈ ਕਦਰ ਰੱਖਦਾ ਹੈ, ਤਾਂ ਇਸ ਦੀ ਇਕਸੁਰਤਾ ਵੀ ਕਦਰ ਰੱਖਦੀ ਹੈ। ਜੇ ਇਕਸੁਰਤਾ ਕਦਰ ਰੱਖਦੀ ਹੈ, ਤਾਂ 'ਪੂਰੇ' ਦੇ ਹਿੱਸਿਆਂ ਨੂੰ ਇਕਸੁਰ ਕਰਨ ਲਈ ਲੱਗੀਆਂ ਪਾਬੰਦੀਆਂ ਵੀ ਕਦਰ ਰੱਖਦੀਆਂ ਹਨ। ਜਿਵੇਂ ਕਿ ਜੇ ਪਰਵਾਰ, ਪਰਵਾਰਕ ਮੈਂਬਰਾਂ ਲਈ ਜ਼ਰੂਰੀ ਹੈ ਤਾਂ ਪਰਵਾਰਕ ਮੈਂਬਰਾਂ ਲਈ ਇਕਸੁਰਤਾ ਦਾ ਨਿਯਮ ਆਪਣੇ ਸਵਾਰਥੀ ਹਿੱਤਾਂ ਨਾਲੋਂ ਉਤਾਂਹ ਹੋਣੇ ਚਾਹੀਦੇ ਹਨ। ਇਸ ਇਕਸੁਰਤਾ ਲਈ ਸਿਰਫ ਕਰਮ ਦੀ ਨਾਂਹਵਾਚਕ ਪਾਬੰਦੀ ਹੀ ਕਾਫੀ ਨਹੀਂ, ਸਗੋਂ ਹਾਂ-ਵਾਚਕ ਪਾਬੰਦੀ ਵੀ ਜ਼ਰੂਰ ਹੈ, ਭਾਵ ਕਿ ਰਿਸ਼ਤਿਆਂ ਵਿਚੋਂ ਪੈਦਾ ਹੋਏ ਫਰਜ਼ਾਂ ਦੀ ਪੂਰਤੀ। ਇਹਨਾਂ ਫਰਜ਼ਾਂ ਨੂੰ ਕਰਤਵ ਵੀ ਕਿਹਾ ਜਾ ਸਕਦਾ ਹੈ।

**ਪ੍ਰੋਫੈਸਰ:** ਤੁਸੀਂ ਫੰਕਸ਼ਨਾਲਿਜ਼ਮ ਤੋਂ ਲਾਈਨ ਬਦਲ ਕੇ ਕਰਤਵਵਾਦ (deontology) ਵਿਚ ਜਾ ਵੜੇ ਹੋ। ਕੀ ਤੁਸੀਂ ਮੁੜ ਕਾਂਟ ਅਤੇ ਗੀਤਾ ਵਲ ਜਾ ਰਹੇ ਹੋ? ਕਰਤਵ ਬਾਰੇ ਕੀ ਖਿਆਲ ਰਖਦੇ ਹੋ?

**ਮੋਹਨੀ:** ਇਹ ਪ੍ਰੋਫੈਸਰ ਸਾਹਿਬ ਤਾਂ ਤਕਨੀਕੀ ਚੱਕਰ ਵਿਚ ਫਸ ਗਏ ਹਨ। ਤੁਸੀਂ ਦੱਸੋ ਕਿ ਕੀ ਸੁਪਨਿਆਂ ਦੀ ਪੂਰਤੀ ਦਾ ਖਿਆਲ ਛੱਡ ਕੇ ਸਾਨੂੰ ਸਾਰਾ ਦਿਨ ਸਦਾਚਾਰ ਬਾਰੇ ਸੋਚੀ ਜਾਣਾ ਚਾਹੀਦਾ ਹੈ?

**ਦਰਵੇਸ਼:** ਖਾਹਸ਼ਾਂ ਅਤੇ ਸੁਪਨਿਆਂ ਦੀ ਪੂਰਤੀ ਮਾੜੀ ਗਲ ਨਹੀਂ, ਸਗੋਂ ਚੰਗੀ ਗੱਲ ਹੈ। ਲੋੜਾਂ, ਖਾਹਸ਼ਾਂ ਅਤੇ ਸੁਪਨਿਆਂ ਦੀ ਪੂਰਤੀ, ਸਾਡੀ ਫਿਤਰਤ ਦਾ ਅਸਲ ਮਨੋਰਥ ਹੈ। ਇਸ ਨੂੰ ਖਤਮ ਕਰਨਾ ਅਸੰਭਵ ਹੈ। ਸ਼ਾਪਨਹਾਰ ਕਹਿੰਦਾ ਹੈ, 'ਇੱਛਾ ਜ਼ਬਰਦਸਤ ਅੰਨ੍ਹਾ ਆਦਮੀ ਹੈ ਜੋ ਅੱਖਾਂ ਵਾਲੇ ਕਮਜ਼ੋਰ ਲੰਗੜੇ ਨੂੰ ਮੋਢਿਆਂ ਉਤੇ ਚੁੱਕੀ ਫਿਰਦਾ ਹੈ'। ਇਹ ਅੱਖਾਂ ਵਾਲਾ ਕਮਜ਼ੋਰ ਲੰਗੜਾ ਹੈ ਸਾਡਾ ਤਰਕ। ਤਰਕ, ਖਾਹਸ਼ਾਂ ਨਾਲ ਲੈਸ਼ ਇੱਛਾ ਦੇ ਅੱਗੇ ਬਹੁਤ ਜ਼ੋਰ ਨਹੀਂ ਰੱਖਦਾ। ਪਰ ਇੱਛਾ ਨੂੰ ਸ੍ਵੈ-ਘਾਤਕ ਹੋਣ ਤੋਂ ਵੀ ਬਚਾਉਂਦਾ ਹੈ। ਲੋੜ ਦੀ ਪੂਰਤੀ, ਜ਼ਿੰਦਗੀ ਲਈ ਜ਼ਰੂਰੀ ਹੋਣ ਕਰਕੇ ਹੀ, ਸੱਭ 'ਚੀਜ਼ਾਂ (ਜਿਨਸਾਂ) ਦੀ ਕਦਰ ਦਾ ਸੋਮਾ ਇਹ ਪੂਰਤੀ ਹੀ ਹੈ। ਜਿਵੇਂ ਕਿ ਪੈਨਸਲੀਨ ਬਿਮਾਰੀ ਹਟਾ ਸਕਣ ਦੀ ਸਮਰੱਥਾ ਕਾਰਨ ਹੀ ਕਦਰ ਦੀ ਧਾਰਨੀ ਹੈ। ਪਰ ਜਦੋਂ ਅਸੀਂ ਦਿਲ ਵਿਚ ਖਾਹਸ਼ਾਂ ਅਤੇ ਅੱਖਾਂ ਵਿਚ ਸੁਪਨੇ ਲੈ ਕੇ ਤੁਰਦੇ ਹਾਂ, ਤਾਂ ਸਾਨੂੰ ਹੋਰ ਲੋਕ ਵੀ, ਇਸੇ ਭਾਲ ਵਿਚ ਫਿਰਦੇ ਮਿਲਦੇ ਹਨ। ਇਹ ਸਮਾਨੰਤਰ ਮੁਕਾਬਲਾ, ਮੌਕਿਆਂ ਅਤੇ ਹੱਕਾਂ ਦਾ ਸੰਘਰਸ਼ ਬਣਨ ਦਾ ਖਤਰਾ ਰੱਖਦਾ ਹੈ। ਇਥੇ ਇਕ ਦੂਜੇ ਦੇ ਪੈਰ ਮਿਧਣ ਤੋਂ ਬਚਣ ਲਈ ਪਹਿਲਾਂ-ਨਿਸਚਿਤ ਸਦਾਚਾਰ ਕੰਮ ਆਉਂਦਾ ਹੈ।

ਇਥੇ ਜੇ ਹਿਸੇ ਪੂਰੇ ਦੀ ਇਕਸੁਰਤਾ ਭੰਗ ਕਰਦੇ ਹਨ ਤਾਂ ਬੁਰੇ ਹਨ, ਪਰ ਜੇ ਪੂਰਾ ਹਿੱਸਿਆਂ ਨੂੰ ਵਧ ਤੋਂ ਵਧ ਸੰਭਵ ਪੂਰਤੀ ਦੇ ਮੌਕੇ ਨਹੀਂ ਦਿੰਦਾ ਤਾਂ ਇਸ ਵਿਚ ਨੁਕਸ ਹੈ।

ਪ੍ਰੋਫੈਸਰ: ਮੈਂ ਆਪਣੇ ਪਹਿਲੇ ਸਵਾਲ ਦਾ ਜਵਾਬ ਫਿਰ ਮੰਗਾਂਗਾ, ਪਰ ਪਹਿਲਾਂ ਤੁਹਾਡੇ ਇਸ ਜਵਾਬ ਵਿਚ ਬਗਾਵਤ ਦੇ ਸੰਕੇਤ ਬਾਰੇ ਪੁੱਛਣਾ ਚਾਹਾਂਗਾ। ਜੇ ਪੂਰਾ ਨੁਕਸਦਾਰ ਹੈ ਤਾਂ ਪੂਰੇ ਨੂੰ ਬਦਲਣ ਦੀ ਕੋਸ਼ਿਸ਼ ਜਾਇਜ਼ ਹੈ? ਖਾਸ ਕਰ ਜਦ ਇਹ ਕੋਸ਼ਿਸ਼ ਇਨਕਲਾਬ ਦੀ ਜਾਂ ਅੰਦਰੂਨੀ ਜੰਗ ਦੀ ਸੰਭਾਵਨਾ ਰਖਦੀ ਹੋਵੇ?

ਦਰਵੇਸ਼: ਵਿਅਕਤੀਗਤ ਇਨਸਾਨ ਦੇ ਹੱਕ ਜਮਾਂਦਰੂ ਹਨ। ਹਰ ਇਨਸਾਨ ਸਿਰਫ ਇਨਸਾਨ ਹੋਣ ਦੇ ਨਾਤੇ ਕੁੱਝ ਹੱਕ ਰਖਦਾ ਹੈ ਜਿਹਨਾਂ ਦਾ ਖੋਹੇ ਜਾਣਾ, ਇਨਸਾਨ ਦੇ ਆਪਣੇ ਅਹਿਸਾਸ ਅਨੁਸਾਰ, ਉਸਦਾ ਨਾਂਹਵਾਚਨ ਹੈ। ਇਹ ਹੱਕ ਜਾਤ-ਪਾਤ, ਨਸਲ, ਧਰਮ, ਖੂਬਸੂਰਤੀ, ਅਕਲ ਅਤੇ ਤਾਕਤ ਤੋਂ ਉਤਾਂਹ ਅਤੇ ਪਹਿਲਾਂ ਹਨ। ਜਿਵੇਂ ਕਿ ਜੀਣ ਦਾ ਹੱਕ, ਬੋਲਣ ਦਾ ਹੱਕ, ਰੁਜ਼ਗਾਰ ਕਮਾਉਣ ਦਾ ਹੱਕ ਆਦਿ। ਇਹ ਹੱਕ ਵਿਸ਼ਵਮਈ ਇਨਸਾਨ ਦੇ ਹਨ ਅਤੇ ਸਦੀਵੀ ਹਨ।

ਇਹਨਾਂ ਹੱਕਾਂ ਨੂੰ ਇਨਸਾਨ ਤੋਂ ਤਾਕਤ ਹੀ ਖੋਹ ਸਕਦੀ ਹੈ। ਭਾਵ ਕਿ ਮਾੜੇ ਇਨਸਾਨ ਦੇ ਹੱਕਾਂ ਨੂੰ ਤਕੜਾ ਇਨਸਾਨ ਖੋਹ ਸਕਦਾ ਹੈ, ਇਹ ਇਕ ਭੌਤਕ ਨਿਯਮ ਹੈ। ਜਿਵੇਂ ਦੋ ਵਿਰੋਧੀ ਭੌਤਕ ਤਾਕਤਾਂ ਜਦੋਂ ਇਕ ਵਸਤੂ ਉਤੇ ਕੰਮ ਕਰਦੀਆਂ ਹਨ, ਤਾਂ ਨਤੀਜਾ (resultant) ਵਡੇਰੀ ਤਾਕਤ ਦੀ ਅਸਰਦਾਇਕਤਾ ਵਲ ਹੁੰਦਾ ਹੈ। ਤਾਕਤ ਦੀ ਜਿੱਤ ਮਨੁੱਖੀ ਹੱਕਾਂ ਦਾ ਭੌਤਕ ਨਿਖੇਧ ਤਾਂ ਕਰ ਸਕਦੀ ਹੈ, ਪਰ ਤਾਰਕਿਕ ਨਿਖੇਧ ਨਹੀਂ ਕਰ ਸਕਦੀ। ਯਾਨੀ ਕਿ ਵਿਅਕਤੀ ਦੇ ਹੱਕ ਤਾਂ ਖੋਹੇ ਜਾ ਸਕਦੇ ਹਨ, ਕਿਸੇ ਹਲਾਤ ਵਿਚ, ਪਰ ਵਿਸ਼ਵਮਈ ਇਨਸਾਨ ਦੇ ਹੱਕ ਨਹੀਂ ਖੋਹੇ ਜਾ ਸਕਦੇ। ਜਦੋਂ ਇਹ ਹੱਕ ਕਿਸੇ ਖਾਸ ਵਿਅਕਤੀ ਜਾਂ ਵਿਅਕਤੀਆਂ ਤੋਂ ਖੋਹੇ ਜਾਂਦੇ ਹਨ ਤਾਂ ਯਥਾਰਥ ਅਤੇ ਤਰਕ ਵਿਚ ਇਕ ਦਵੰਦ ਆਉਂਦਾ ਹੈ। ਸਦਾਚਾਰ ਇਸ ਦਵੰਦ ਨੂੰ ਪਰੀ-ਕਲਪਤ ਕਰਕੇ ਨਿਯਮਾਂ ਦੇ ਰੂਪ ਵਿਚ ਪੈਦਾ ਹੁੰਦਾ ਹੈ। ਸਦਾਚਾਰ ਵਿਅਕਤੀਗਤ ਤਾਕਤ ਦੇ ਬਦਲ ਵਿਚ ਲੋਕ ਰਾਏ ਦੀ ਤਾਕਤ ਨੂੰ ਸਥਾਪਤ ਕਰਦਾ ਹੈ। ਕਾਨੂੰਨ ਜੋ ਸਦਾਚਾਰ ਦਾ ਹਿੱਸਾ ਹੀ ਹੈ ਇਸ ਤਾਕਤ ਦੇ ਬਦਲ ਵਿਚ ਰਾਜਸੀ ਤਾਕਤ ਨੂੰ ਸਥਾਪਤ ਕਰਦਾ ਹੈ। ਇਹ ਨਿਯਮ ਰਾਜ ਦੀ ਤਾਕਤ ਦੇ ਕਾਇਮ ਰਹਿਣ ਦਾ *Sumum bonam* ਹੈ।

ਪਰ ਕਿਉਂਕਿ ਸ੍ਵੈ-ਚਾਲਕ ਵਰਤਾਰਿਆਂ ਦਾ ਸ੍ਵੈ-ਵਿਕਾਸ਼ ਇਕ ਦਮ ਆਪਣੇ ਵਿਕਸਤ ਰੂਪ ਵਿਚ ਪਰਗਟ ਨਹੀਂ ਹੁੰਦਾ ਸਗੋਂ ਕਈ ਵਕਤੀ ਪੜਾਵਾਂ ਚੋਂ ਲੰਘਦਾ ਹੈ। ਇਸ ਲਈ ਇਹ ਕਈ ਕਿਸਮ ਦੀਆਂ ਵਿਰੋਧੀ ਅੰਤਾਂ ਵਿਚੋਂ ਹੋ ਕੇ, ਮੱਧ-ਮਾਰਗ ਉੱਤੇ ਆਉਂਦਾ ਹੈ। ਇਹ ਸਿਲਸਿਲਾ ਭੁੱਲਾਂ ਅਤੇ ਸਮਝਾਂ ਦਾ ਦਵੰਦਵਾਦੀ ਵਿਕਾਸ ਹੈ। ਇਸ ਲਈ ਰਾਜ ਕਈ ਵਾਰ ਇਨਸਾਨ ਨੂੰ ਉਸਦੇ ਹੱਕ ਦੇਣ ਦੀ ਥਾਂ ਖੋਹਣ ਲਗ ਪੈਂਦਾ ਹੈ। ਹੇਗਲ ਨੇ ਯਥਾਰਥ ਅਤੇ ਤਰਕਸ਼ੀਲਤਾ ਦੇ ਇਸ ਦਵੰਦ ਨੂੰ ਸਮਝਿਆ ਅਤੇ ਬਿਆਨਿਆ ਸੀ ਪਰ ਕਿਉਂਕਿ ਹੇਗਲ ਦਾ ਯਥਾਰਥ ਸਿਰਫ ਅਮੂਰਤ ਹੀ ਹੈ ਉਸਨੂੰ ਵਾਸਤਵਿਕ ਸਥੂਲ ਦੁਨੀਆਂ ਵਿਚ ਇਸ ਭਾਣੇ ਦੇ ਮੁੜ ਮੁੜ ਕੇ ਵਰਤਣ ਦਾ ਗਿਆਨ ਨਹੀਂ ਸੀ। ਉਹ ਯਥਾਰਥ ਵਿਚ ਮੁੜ ਮੁੜ ਵਾਪਰਦੇ ਤਰਕਹੀਨਤਾ ਦੇ ਸੋਮੇ ਨੂੰ ਨਹੀਂ ਸਮਝ ਸਕਿਆ ਸੀ।

> **"ਸਦਾਚਾਰ ਵਿਅਕਤੀਗਤ ਤਾਕਤ ਦੇ ਬਦਲ ਵਿਚ ਲੋਕ ਰਾਏ ਦੀ ਤਾਕਤ ਨੂੰ ਸਥਾਪਤ ਕਰਦਾ ਹੈ।"**

ਖੈਰ ਜਦੋਂ ਰਾਜ, ਇਨਸਾਨ ਤੋਂ ਇਹ ਹੱਕ ਖੋਹਣ ਲਗ ਪੈਂਦਾ ਹੈ ਤਾਂ ਰਾਜ ਨੂੰ ਬਦਲਣਾ ਜ਼ਰੂਰੀ ਹੋ ਜਾਂਦਾ ਹੈ। ਇਹ ਗੱਲ ਸਭ ਅਦਾਰਿਆਂ ਉਤੇ ਲਾਗੂ ਹੁੰਦੀ ਹੈ। ਇਕ ਚੰਗਾ ਅਦਾਰਾ ਜਾਂ ਚੰਗਾ ਰਾਜ ਤਬਦੀਲੀ ਦੀ ਅੰਦਰੂਨੀ ਬਣਤਰ ਰੱਖਦਾ ਹੈ ਜਿਵੇਂ ਕਿ ਲਕੋ-ਤੰਤਰ ਵਿਚ ਚੋਣਾਂ ਕੁੱਝ ਹੱਦ ਤਕ ਇਹ ਖਾਸਾ ਰਖਦੀਆਂ ਹਨ। ਪਰ ਜੇ ਤਬਦੀਲੀ ਲਈ ਕੋਈ ਰਾਹ ਨਹੀਂ, ਤਾਂ ਬਗਾਵਤ ਜਾਂ ਇਨਕਲਾਬ ਦਰੁਸਤ ਹੈ। ਕਈ ਵਾਰ ਇਹੋ ਜਹੇ ਹਾਲਾਤ ਹੁੰਦੇ ਹਨ ਕਿ ਜੰਗ ਜ਼ਰੂਰੀ ਹੋ ਜਾਂਦੀ ਹੈ। ਕ੍ਰਿਸ਼ਨ ਨੇ ਅਰਜਣ ਨੂੰ ਇਹੀ ਦੱਸਿਆ ਸੀ ਕਿ ਜੇ ਜੰਗ ਜ਼ਰੂਰੀ ਹੋਵੇ ਅਤੇ ਜੰਗ ਹੀ ਫਰਜ਼ ਬਣਦਾ ਹੋਵੇ ਤਾਂ ਜੰਗ ਨੂੰ ਵੱਧ ਤੋਂ ਵੱਧ ਸਮਰੱਥਾ ਨਾਲ ਲੜਨਾ ਚਾਹੀਦਾ ਹੈ। ਕ੍ਰਿਸ਼ਨ ਨੇ ਕਿਹਾ ਸੀ ਕਿ ਕਰਮ ਦੇ ਫਲ ਨੂੰ ਮਨ 'ਚੋਂ ਵਿਸਾਰ ਕੇ ਇਸ ਦੀ ਪਰਕ੍ਰਿਆ ਵਲ ਮਨ ਇਕਾਗਰ ਕਰਨਾ ਚਾਹੀਦਾ ਹੈ। ਜੰਗ ਦਾ ਵੀ ਵੀ ਆਪਣਾ ਸਦਾਚਾਰ ਹੈ। ਮੇਰੇ ਖਿਆਲ ਵਿਚ ਜੰਗ ਦਾ ਫੈਸਲਾ ਕਰਨ ਤੋਂ ਪਹਿਲਾਂ ਮਸਲੇ ਨੂੰ ਹੱਲ ਕਰਨ ਦੇ ਸਭ ਹੋਰ ਤਰੀਕੇ ਅਜ਼ਮਾਉਣੇ ਚਾਹੀਦੇ ਹਨ। ਗੁਰੂ ਗੋਬਿੰਦ ਸਿੰਘ ਦੇ ਉਸ ਨਿਯਮ ਵਿਚ ਜਿਸ ਬਾਰੇ ਪਿੱਛੇ ਗੱਲ ਕੀਤੀ ਗਈ ਹੈ, ਬੜੀ ਨਿਗਰਤਾ ਹੈ।

ਪ੍ਰੋਫੈਸਰ: ਕੀ ਇਹ ਗੱਲ ਵਿਅਕਤੀਗਤ ਜੰਗ ਜਾਂ ਝਗੜੇ ਵਿਚ ਵੀ ਲਾਗੂ ਹੁੰਦੀ ਹੈ, ਕੀ ਕਤਲ ਕਰਨਾ ਕਿਸੇ ਹਾਲਤ ਵਿਚ ਸਹੀ ਹੈ?

ਦਰਵੇਸ਼: ਆਦਰਸ਼ ਚਰਿਤਰ ਤਾਂ ਉਹ ਹੈ ਜੋ ਕਿਸੇ ਹਾਲਤ ਵਿਚ ਵੀ ਹਿੰਸਾ ਨੂੰ ਨਾ ਅਪਣਾਵੇ। ਸ਼ਾਇਦ ਜੀਸਸ ਜਾਂ ਗੁਰੂ ਤੇਗ ਬਹਾਦਰ ਇਹੋ ਜਹੇ ਇਨਸਾਨ ਸਨ। ਗਾਂਧੀ ਵੀ ਪੂਰਨ ਅਹਿੰਸਾ ਦਾ ਹਾਮੀ ਸੀ, ਪਰ ਮਹਾਤਮਾ ਗਾਂਧੀ ਦਾ ਗੀਤਾ ਵਿਚ ਧਾਰਮਕ ਵਿਸ਼ਵਾਸ਼ ਇਕ ਦਵੰਦ ਹੈ। ਗੀਤਾ ਪੂਰਨ ਅਹਿੰਸਾ ਦੇ ਹੱਕ ਵਿਚ ਨਹੀਂ ਹੈ। ਵਿਅਕਤੀਗਤ ਪੱਧਰ ਤੇ ਪੂਰਨ ਅਹਿੰਸਾ ਦਾ ਅਮਲ ਕਰਨ ਲਈ ਮਨ ਉਤੇ ਕਾਬੂ ਹੋਣਾ ਜ਼ਰੂਰੀ ਹੈ। ਯੋਗ ਦਰਸ਼ਨ ਇਸ ਦੇ ਤਰੀਕਿਆਂ ਦਾ ਦਰਸ਼ਨ ਹੈ, ਪਰ ਆਧੁਨਿਕ ਅਮਲੀ ਜ਼ਿੰਦਗੀ ਵਿਚ ਪੂਰਨ ਸ਼ਾਂਤੀ ਸ਼ਾਇਦ ਮੁਸ਼ਕਿਲ ਰਾਹ ਹੈ। ਇਸ ਜ਼ਿੰਦਗੀ ਵਿਚ ਮੁਕਾਬਲੇ ਵਿਚ ਪੂਰੇ ਨਾ ਉਤਰਿਆਂ ਕਈ ਵਾਰ ਨੁਕਸਾਨ ਹੁੰਦਾ ਹੈ। ਉਂਜ ਸ਼ਾਂਤ ਮਨ ਨਾਲ ਸ਼ਾਂਤੀ ਅਤੇ ਜੰਗ ਦੋਹਵਾਂ ਵਿਚ ਵਧੇਰੇ ਸਮਰੱਥਾ ਨਾਲ ਵਿਚਰਿਆ ਜਾ ਸਕਦਾ ਹੈ। ਪੂਰਨ ਅਹਿੰਸਾ, ਜਿਸਮਾਨੀ ਅਤੇ ਮਾਨਸਿਕ, ਇਕ ਹੁਨਰ ਹੈ ਪਰ ਫੇਰ ਵੀ ਹਿੰਸਾ ਜੇ ਕਰਮ ਦੀ ਇਕ ਚੋਣ ਹੈ ਤਾਂ ਇਹ ਆਖਰੀ ਤਰੀਕੇ ਦੇ ਤੌਰ ਤੇ ਹੀ ਹੋਣੀ ਚਾਹੀਦੀ ਹੈ। ਹਿੰਸਾ ਵਿਚ ਖਤਰਾ ਹੈ ਕਿ ਇਹ ਸਦਾਚਾਰ ਦੇ ਨਿਯਮਾਂ ਦੇ ਬਦਲ ਵਿਚ ਭੌਤਕ ਤਾਕਤ (ਜਾਂ ਆਰਥਕ ਤਾਕਤ ਆਦਿ) ਨੂੰ ਸਥਾਪਤ ਕਰਦੀ ਹੈ। ਇਹ ਇਕ ਪਿਛਾਂਹ-ਖਿਚੂ ਸਿਲਸਿਲਾ ਹੈ।

ਪ੍ਰੋਫੈਸਰ: ਕੀ ਹਿੱਸਿਆਂ ਦੀ ਪ੍ਰਸਪਰ ਅਤੇ ਪੂਰੇ ਨਾਲ 'ਹਾਰਮਨੀ' ਹੀ ਸਦਾਚਾਰ ਦਾ ਸ਼ੁਰੂ ਅਤੇ ਅੰਤ ਹੈ?

ਦਰਵੇਸ਼: ਸਮਾਜ ਦੀ ਇਕਸੁਰਤਾ ਜਾਂ ਬੇਸੁਰਤਾ ਇਨਸਾਨ ਦੇ ਵਿਸ਼ਵਮਈ ਹੱਕਾਂ ਨਾਲ ਸਬੰਧ ਰੱਖਦੀ ਹੈ। ਹੱਕਾਂ ਦਾ ਨਾਂਹਵਾਚਨ ਜਾਂ ਨਿਖੇਧ ਦਵੰਦ ਪੈਦਾ ਕਰਦਾ ਹੈ ਅਤੇ ਦਵੰਦ ਨਾਂਹਵਾਚਨ ਦਾ ਨਾਂਹਵਾਚਨ ਜਾਂ ਨਾਂਹਵਾਚਨ ਦਾ ਪ੍ਰਤੀਕਰਮ ਪੈਦਾ ਕਰਦਾ ਹੈ। ਇਉਂ ਕਰਮਾਂ ਅਤੇ ਪ੍ਰਤੀਕਰਮਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ, ਜੋ ਤਰਕਹੀਨ ਜਜ਼ਬਾਤੀ ਰੌਲੇ ਦੇ

ਨਾਲ ਰਲ ਕੇ ਇਕ ਇਤਹਾਸ ਪੈਦਾ ਕਰਦਾ ਹੈ, ਜਿਸ ਨੂੰ ਝਗੜੇ ਦਾ ਇਤਿਹਾਸ ਕਿਹਾ ਜਾ ਸਕਦਾ ਹੈ। ਝਗੜੇ ਦਾ ਇਤਹਾਸ ਮੂਲ ਸਥਿਤੀ ਨੂੰ ਵਿਗਾੜ ਕੇ ਸੂਡੋ-ਇਤਿਹਾਸਕ ਮਸਲਿਆਂ ਨੂੰ ਪੈਦਾ ਕਰਕੇ, ਝਗੜੇ ਨੂੰ ਸ੍ਵੈ-ਚਾਲਕ ਵਰਤਾਰੇ ਦਾ ਖਾਸਾ ਦਿੰਦਾ ਹੈ। ਇਸ ਸੱਭ ਕੁੱਝ ਨੂੰ ਸਦਾਚਾਰ ਪਰੀਕਲਪਤ ਕਰਕੇ ਇਕਸੁਰਤਾ ਦੇ ਭੰਗ ਹੋਣ ਤੋਂ ਪਹਿਲਾਂ ਹੀ ਕਰਮ ਨੂੰ ਪਾਬੰਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਸਦਾਚਾਰਕ ਚੋਣ ਨਰਕ ਅਤੇ ਸਵਰਗ ਨੂੰ ਜਾਂਦੇ ਰਾਹਵਾਂ ਦਾ ਜੰਕਸ਼ਨ ਹੈ। ਇਹ ਸਦਾਚਰਕ ਪਾਬੰਦੀ, ਸ਼ਾਂਤੀ ਵਿਚ ਵੀ ਅਤੇ ਜੰਗ ਵਿਚ ਵੀ ਲਾਗੂ ਹੁੰਦੀ ਹੈ।

ਮਿਸਾਲ ਵਜੋਂ ਪੰਜਾਬ ਦੇ ਝਗੜੇ ਵਿਚ ਬੇਗੁਨਾਹ, ਬੇਹਥਿਆਰ ਲੋਕਾਂ ਨੂੰ ਮਾਰਨਾ ਗਲਤ ਹੈ। ਨਾ ਸਰਕਾਰ ਨੂੰ ਅਤੇ ਨਾ ਖਾੜਕੂਆਂ ਨੂੰ ਇਹ ਹੱਕ ਹੈ ਕਿ ਉਹ ਬੇਗੁਨਾਹ, ਬੇਹਥਿਆਰ ਲੋਕਾਂ ਨੂੰ ਜਾਂ ਮਾਰਨ ਜਾਂ ਬੁਨਿਆਦੀ ਹੱਕਾਂ ਦੀ ਉਲੰਘਣਾ ਕਰਨ। ਹਿੰਦੁਸਤਾਨੀ ਪੁਲੀਸ ਨੇ ਤਾਂ ਅਜੇ ਤੱਕ ਆਮ ਇਨਸਾਨ ਦੇ ਹੱਕਾਂ ਦਾ ਸਤਿਕਾਰ ਕਰਨਾ ਸਿੱਖਿਆ ਹੀ ਨਹੀਂ। ਸਰਕਾਰ ਅਤੇ ਵੱਖ ਵੱਖ ਕਿਸਮ ਦੇ ਖਾੜਕੂਆਂ ਜਾਂ ਇਨਕਲਾਬੀਆਂ ਨੇ ਵੀ ਕਦੇ ਇਹ ਨਹੀਂ ਸੋਚਿਆ ਕਿ ਆਮ ਇਨਸਾਨ ਦੇ ਹੱਕ ਇਹਨਾਂ ਦੇ ਮਨੋਰਥ ਨਾਲੋਂ ਕਿਤੇ ਵਧੇਰੇ ਪਵਿੱਤਰ ਅਤੇ ਮਹੱਤਵਪੂਰਨ ਹਨ। ਆਮ ਇਨਸਾਨ ਨੂੰ ਕੁਰਬਾਣੀ ਦਾ ਬਕਰਾ ਸਮਝਣਾ ਹਿੰਦੁਸਤਾਨ ਦੀ ਬਦਕਿਸਮਤੀ ਦਾ ਨਤੀਜਾ ਨਹੀਂ, ਕਾਰਨ ਹੈ। ਇਹ ਇਸ ਦੇ ਅਸਭਿਅਕ ਹੋਣ ਦਾ ਵੀ ਚਿੰਨ ਹੈ।

ਗੱਡੀ ਖੜੀ ਹੋ ਰਹੀ ਸੀ। ਸ਼ਾਇਦ ਕੋਈ ਛੋਟਾ ਜਿਹਾ ਸਟੇਸ਼ਨ ਆ ਗਿਆ ਸੀ। ਭੁੱਖ ਨਾਲ ਝੰਬੇ ਚਿਹਰਿਆਂ ਅਤੇ ਉਨੀਂਦਰੇ ਭਰੀਆਂ ਅੱਖਾਂ ਵਾਲੇ ਨਾਬਾਲਗ ਬੱਚੇ ਮੂੰਗਫਲੀ ਚਾਹ ਆਦਿ ਵੇਚਣ ਲਈ ਗੱਡੀ ਵਲ ਦੌੜ ਰਹੇ ਸਨ। □


ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੇਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

***New *Usaed * Trad-Ins    Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA

# Royal Furniture Ltd.

MasterCard

**2607 Main St. (at 10 th. ave.), Vancouver, B.C.    Tel. 874-9525**

**visa and master card accepted**

# LOWEST PRICES GURANTEED IN B.C.



# GOYAL TRAVELS INC.

**BOOK NOW    FLY LATER    SAVE MONEY**

**Special fares to: San Francisco    Toronto    London**

Cheapest fares to **New Delhi, Bombay, Madras, Calcutta, Karachi, Colombo & Kathmandu**

**Authorized agents for:**

■ Cathay Pacific ■ Air Canada ■ Japan Air Lines
■ Canadian ■ Wardair ■ KLM

**4152 Fraser St., Vancouver, B.C., V5V 4E8**

Toll free from B.C., Alberta, Saskatchewan & Manitoba: 1-800-663-8638

**Phone: Vancouver 877-7777 Calgary (403) 235-6808 Toronto: (416) 593-6966**

# ਬੋਲਣ ਦੀ ਆਜ਼ਾਦੀ ਆਪਣੇ ਆਪ ਵਿਚ ਜ਼ਿੰਦਗੀ ਹੈ।

## ਸਲਮਨ ਰਸ਼ਦੀ

(11 ਦਸੰਬਰ, 1991 ਨੂੰ ਨਿਊਯਾਰਕ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਸੈਲਮਨ ਰਸ਼ਦੀ ਵਲੋਂ ਕੀਤੀ ਗਈ ਤਕਰੀਰ )

---

ਕਈ ਵਾਰੀ ਮੈਂ ਸੋਚਦਾ ਹਾਂ ਕਿ ਇਕ ਦਿਨ ਮੁਸਲਮਾਨ ਆਪਣੇ ਅਜੋਕੇ ਸਮੇਂ ਵਿਚ ਕੀਤੇ 'ਤੇ ਸ਼ਰਮਸ਼ਾਰ ਹੋਣਗੇ, ਉਨ੍ਹਾਂ ਨੂੰ 'ਰਸ਼ਦੀ ਦੇ ਮਸਲੇ 'ਤੇ ਯਕੀਨ ਕਰਨਾ ਉਵੇਂ ਹੀ ਔਖਾ ਲੱਗੇਗਾ ਜਿਵੇਂ ਹੁਣ ਪੱਛਮ ਵਾਲਿਆਂ ਨੂੰ 'martyr-burning' ਦਾ ਮਸਲਾ ਜਾਪਦਾ ਹੈ। ਜਿਵੇਂ ਯੂਰਪ ਵਿਚ ਆਈ ਚੇਤੰਨਤਾ ਨੇ ਦਰਸਾਇਆ ਹੈ, ਉਹ ਇਕ ਦਿਨ ਸ਼ਾਇਦ ਇਹ ਵੀ ਮੰਨਣਗੇ ਕਿ 'ਸ਼ੈਤਾਨੀ ਆਇਤਾਂ' ਮੂਲ ਰੂਪ ਵਿਚ ਵਿਚਾਰ ਵਟਾਂਦਰੇ ਲਈ ਉਸਾਰੀ ਬਹਿਸ ਹੈ ਕਿ ਇਸਲਾਮ ਦੀ ਕਹਾਣੀ' ਵਰਗੀ ਮਹਾਨ ਕਥਾ 'ਤੇ ਕਿਸਦਾ ਕੰਟਰੋਲ ਹੋਵੇ ਅਤੇ ਇਹ ਕਿ ਇਹ ਅਧਿਕਾਰ ਸਾਰਿਆਂ ਦੇ ਹੱਥ ਵਿਚ ਬਰਾਬਰ ਹੋਵੇ। ਜੇਕਰ ਮੇਰਾ ਨਾਵਲ ਦੂਸਰਿਆਂ ਦੇ ਮੁਕਾਬਲੇ ਪੂਰਾ ਨਹੀਂ ਉਤਰਦਾ, ਤਾਂ ਵੀ ਇਸ ਵਿਚ ਇਸਲਾਮ ਦੀ ਕਥਾ ਨੂੰ ਨਵੇਂ ਸਿਰਿਉਂ ਦੱਸਣ ਦਾ ਮਹੱਤਵ ਉਤਨਾ ਹੀ ਰਹੇਗਾ। ਜੇਕਰ ਮੈਂ ਇਸ ਮਕਸਦ ਵਿਚ ਸਫ਼ਲ ਨਹੀਂ ਹੋ ਸਕਿਆ ਤਾਂ ਦੂਸਰੇ ਜ਼ਰੂਰ ਹੋਣਗੇ। ਜਿਨ੍ਹਾਂ ਕੋਲ ਉਸ ਕਹਾਣੀ ਬਾਰੇ ਦੁਬਾਰਾ ਸੋਚਣ, ਦੱਸਣ, ਚੀਰ-ਫਾੜ ਕਰਨ, ਕਟਾਖਸ਼ ਕਰਨ ਜਾਂ ਸਮੇਂ ਦੇ ਬਦਲਣ ਨਾਲ ਇਸਨੂੰ ਬਦਲਣ ਦੀ ਤਾਕਤ ਨਹੀਂ, ਉਹ ਕਹਾਣੀ ਜਿਹੜੀ ਉਨ੍ਹਾਂ ਦੀ ਜ਼ਿੰਦਗੀ ਨੂੰ ਕੰਟਰੋਲ ਕਰਦੀ ਹੈ - ਉਹ ਸੱਚਮੁੱਚ ਹੀ ਸ਼ਕਤੀਹੀਣ ਹਨ ਕਿਉਂਕਿ ਉਹ ਨਵੇਂ ਵਿਚਾਰ ਨਹੀਂ ਸੋਚ ਸਕਦੇ।

ਇਕ ਦਿਨ ਆਵੇਗਾ। ਸ਼ਾਇਦ। ਪ੍ਰੰਤੂ ਅਜੇ ਨਹੀਂ...

ਜਦੋਂ 1990 ਦੀ ਸੰਯੁਕਤ ਰਾਸ਼ਟਰ ਦੀ ਮੀਟਿੰਗ ਵਿਚ ਇੰਗਲੈਂਡ ਨੇ ਇਰਾਨ ਨਾਲ ਆਪਣੇ ਸਬੰਧਾਂ ਦਾ ਨਵੀਨੀਕਰਣ ਕੀਤਾ ਸੀ ਤਾਂ ਬਰਤਾਨਵੀ ਅਫਸਰਾਂ ਨੇ ਮੈਨੂੰ ਬਿਨਾ-ਸ਼ੱਕ ਵਿਸਵਾਸ਼ ਦਵਾਇਆ ਸੀ ਕਿ ਮੇਰੀ ਤਰਫ਼ ਤੋਂ ਇਕ ਬਹੁਤ ਮਹੱਤਵਪੂਰਨ ਪਰਾਪਤੀ ਹੋਈ ਹੈ ਕਿ ਇਰਾਨ ਸਰਕਾਰ ਅੰਦਰਖਾਤੇ 'ਫਤਵੇ' ਨੂੰ ਭੁੱਲਣ 'ਤੇ ਰਜ਼ਾਮੰਦ ਹੋ ਗਈ ਹੈ। ਉਹ ਆਪਣੇ ਮੁਲਕ ਦੇ ਨਾਗਰਿਕਾਂ, ਧਾਰਮਕ ਮੁਲਾਣਿਆਂ ਤੇ ਪ੍ਰਤੀਨਿਧਾਂ ਨੂੰ ਗੁਪਤ ਜਾਂ ਪ੍ਰਗਟ ਤੌਰ 'ਤੇ ਮੇਰੇ ਖਿਲਾਫ਼ ਕੋਈ ਕ਼ਾਰਵਾਈ ਕਰਨ ਦੀ 'ਨਾ ਹੀ ਹੱਲਾਸ਼ੇਰੀ ਦੇਣਗੇ ਤੇ ਨਾ ਹੀ ਇਜਾਜ਼ਤ'। ਉਹ! ਮੈਂ ਇਸ ਉਪਰ ਕਿੰਨਾ ਵਿਸਵਾਸ਼ ਕਰਨਾ ਚਾਹੁੰਦਾ ਸੀ! ਪਰ ਉਸ ਤੋਂ ਸਾਲ ਕੁ ਦੇ ਅਰਸੇ ਬਾਅਦ ਹੀ ਅਸੀਂ ਦੇਖਿਆ ਕਿ ਇਰਾਨ ਵਿਚ 'ਫਤਵਾ' ਦੁਬਾਰਾ ਜਾਰੀ ਕੀਤਾ ਗਿਆ, ਇਨਾਮ ਦੀ ਰਕਮ ਦੁੱਗਣੀ ਕਰ ਦਿਤੀ ਗਈ। ਇਸ ਕਿਤਾਬ ਦੇ ਇਤਾਲਵੀ ਅਨੁਵਾਦਕ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਗਿਆ, ਇਹਦੇ ਜਪਾਨੀ ਅਨੁਵਾਦਕ ਨੂੰ ਮਾਰ ਮੁਕਾਇਆ। ਇਰਾਨੀ ਸਰਕਾਰ ਵਲੋਂ ਭਾੜੇ 'ਤੇ ਕੀਤੇ ਕਾਤਲਾਂ ਵੱਲੋਂ ਮੈਨੂੰ ਮਾਰ ਮੁਕਾਉਣ ਦੀਆਂ ਕੋਸ਼ਿਸ਼ਾਂ ਦੀਆਂ ਖ਼ਬਰਾਂ ਮਿਲੀਆਂ ਹਨ।

ਇਸ ਤੋਂ ਇਹ ਸਿੱਟਾ ਕੱਢਣਾ ਵਾਜਬ ਹੈ ਕਿ ਸੰਯੁਕਤ ਰਾਸ਼ਟਰ ਵਿਖੇ ਕੀਤੀ ਖ਼ੁਫ਼ੀਆ ਸੌਦੇਬਾਜ਼ੀ ਸਿਰੇ ਨਹੀਂ ਚੜ੍ਹੀ। ਦੂਜੇ ਪਾਸੇ ਇਰਾਨ ਨਾਲ ਸਬੰਧ ਸੁਧਾਰਨ ਦੇ ਮਸਲੇ ਨੂੰ ਅੱਗੇ ਚਲਾਉਣ ਲਈ ਗੱਲਬਾਤ ਚੱਲ ਰਹੀ ਹੈ। ਕੀ ਇਹ ਕੋਈ ਗੁਬਾਰਾ ਹੈ ਜਾਂ ਤਾਰੀਖ਼ ਦੀ ਰੱਦੀ ਦੀ ਟੋਕਰੀ, ਜਿਸ ਵਿਚ ਮੈਂ ਵਿਚਰ ਰਿਹਾ ਹਾਂ?

ਮੈਂ ਇਸ ਗੁੰਝਲਦਾਰ ਸਥਿਤੀ ਨੂੰ ਸੁਲਝਾਉਣ ਲਈ ਕੁੱਝ ਨਹੀਂ ਕਰ ਸਕਦਾ। 'ਫਤਵੇ' ਪਿੱਛੇ ਸਿਆਸੀ ਮਨੋਰਥ ਸੀ। ਇਹ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਨੂੰ ਸਿਆਸੀ ਤੌਰ 'ਤੇ ਹੀ ਨਜਿੱਠਿਆ ਜਾਣਾ ਚਾਹੀਦਾ ਹੈ। ਪੱਛਮੀ ਅਗਵਾ ਕੀਤੇ ਨਾਗਰਿਕਾਂ ਦੀ ਰਿਹਾਈ ਖਾਤਰ ਵੱਡੇ ਪੈਮਾਨੇ 'ਤੇ ਹਿੱਲਜੁਲ ਕੀਤੀ ਗਈ। ਈਅਨ ਰਿਚਰ ਖ਼ਾਤਰ ਸੱਤ ਕਰੋੜ ਪੌਂਡ ਦੀ ਜ਼ਬਤ ਕੀਤੀ ਇਰਾਕੀ ਸੰਪਤੀ ਦੇ ਥੈਲਿਆਂ ਦੇ ਮੂੰਹ ਖੋਲ੍ਹ ਦਿੱਤੇ ਗਏ। ਤਾਂ ਫਿਰ ਸੁਆਲ ਹੈ ਕਿ ਦਹਿਸ਼ਤਗਰਦਾਂ ਦੇ ਹਮਲੇ ਦੇ ਸਾਏ ਹੇਠ ਜੀ ਰਹੇ ਇਕ ਨਾਵਲਕਾਰ ਦੀ ਕੀ ਕੀਮਤ ਹੈ? ਨਿਰਾਸ਼ਾ ਭਰਿਆ ਉਤੱਰ ਮਿਲਦਾ ਹੈ 'ਇਕ ਪੈਂਜੀ ਵੀ ਨਹੀਂ'। ਪਰ ਮੈਂ ਨਿਰਾਸ਼ ਹੋ ਕੇ ਹਾਰ ਮੰਨਣ ਤੋਂ ਇਨਕਾਰੀ ਹਾਂ। ਤੁਸੀਂ ਪੁੱਛ ਸਕਦੇ ਹੋ ਕਿ ਮੈਨੂੰ ਇਸ ਬਾਰੇ ਕਿਵੇਂ ਵਿਸਵਾਸ਼ ਹੈ ਕਿ ਮੈਂ ਆਪਣੀ ਮਦਦ ਲਈ ਕੁੱਝ ਨਹੀਂ ਕਰ ਸਕਦਾ?

### ਮੈਂ ਇਸਲਾਮ ਨਾਲ ਸੁਲਹ ਕਰ ਲਈ

1990 ਦੇ ਅਖੀਰ 'ਤੇ ਮੈਂ ਬੁਝੇ ਮਨ ਅਤੇ ਘੋਰ ਨਿਰਾਸ਼ਾ ਨਾਲ ਸੱਭ ਤੋਂ ਡੂੰਘੇ ਸਦਮੇ ਦਾ ਸਾਹਮਣਾ ਕੀਤਾ। ਮੈਨੂੰ ਉਸ ਸੱਭਿਆਚਾਰ ਅਤੇ ਸਮਾਜ ਤੋਂ ਅਲੱਗ ਥਲੱਗ ਕਰ ਦਿਤਾ ਗਿਆ, ਜਿਹੜਾ ਹਮੇਸ਼ਾਂ ਮੇਰਾ ਪ੍ਰੇਰਨਾ ਸਰੋਤ ਰਿਹਾ ਸੀ। ਉਹ ਸਮਾਜ ਸੀ: ਬਰਤਾਨਵੀ ਏਸ਼ੀਅਨ ਭਾਈਚਾਰਾ ਅਤੇ ਹਿੰਦੁਸਤਾਨੀ ਮੁਸਲਮਾਨਾਂ ਦਾ ਵਡੇਰਾ ਭਾਈਚਾਰਾ। ਮੈਂ ਆਪਣੇ ਸਵੈਮਾਣ ਦੀ ਕੀਮਤ 'ਤੇ ਵੀ ਇਸਲਾਮ ਨਾਲ ਸੁਲਹ ਕਰਨ ਦਾ ਦ੍ਰਿੜ ਇਰਾਦਾ ਕਰ ਲਿਆ। ਮੇਰੇ ਇੰਜ ਕਰਨ 'ਤੇ ਜਿਹੜੇ ਹੈਰਾਨ ਅਤੇ ਨਾਖੁਸ਼ ਸਨ, ਸ਼ਾਇਦ ਇਹ ਨਾ ਦੇਖ ਸਕੇ ਕਿ ਮੈਂ ਜੂਝ ਰਹੀ ਅੱਧੀ ਲੋਕਾਈ ਦਰਮਿਆਨ ਸੁਲਹ ਕਰਨੀ ਚਾਹੁੰਦਾ ਸੀ ਜਿਹੜੀ ਕਿ ਮੇਰੀ ਜੂਝ ਰਹੀ ਅੱਧੀ ਰੂਹ ਵੀ ਸੀ। ਇਸ ਦੌਰਾਨ ਜੋ ਮੇਰੀ ਗੁਫਤਗੂ ਹੋਈ ਉਹ ਮੇਰੇ ਆਪਣੇ ਆਪ ਨਾਲ ਹੀ ਸੀ।

ਮੈਂ ਕਿਹਾ: ਸੈਲਮਾਨ, ਤੈਨੂੰ ਇਹ ਸੁਨੇਹਾ ਆਮ ਮੁਸਲਮਾਨ ਤੱਕ ਉਚੀ ਉਚੀ ਪੁਕਾਰਕੇ ਪਹੁੰਚਾਉਣਾ ਹੋਵੇਗਾ ਕਿ ਤੂੰ ਉਨ੍ਹਾਂ ਦਾ ਦੁਸ਼ਮਣ ਨਹੀਂ। ਪੱਛਮੀ ਦੁਨੀਆਂ ਨੂੰ ਮੁਸਲਮਾਨ ਧਰਮ ਦੀ ਪੇਚੀਦਗੀ ਬਾਰੇ ਜਾਣੂੰ ਕਰਾਉਣਾ ਹੋਵੇਗਾ। ਤੈਨੂੰ ਥੋੜ੍ਹਾ ਬਹੁਤ ਕੱਟੜਵਾਦੀ ਪੈਂਤੜਾ ਛੱਡਣਾ ਪਵੇਗਾ।'

ਅਤੇ ਮੈਂ ਆਪਣੇ ਆਪ ਨੂੰ ਕਿਹਾ: 'ਸੈਲਮਾਨ, ਤੂੰ ਇਹ ਮੰਨ ਜਾਹ। ਕਿਸੇ ਵੀ ਹੋਰ ਧਾਰਮਿਕ ਗਰੰਥ ਨਾਲੋਂ 'ਇਸਲਾਮ ਦੀ ਕਹਾਣੀ' ਤੇਰੇ ਲਈ ਕਿਸੇ ਵੀ ਹੋਰ ਮਹਾਨ ਬਿਰਤਾਂਤ ਨਾਲੋਂ ਗੰਭੀਰ ਅਰਥ ਰੱਖਦੀ ਹੈ। ਬੇਸ਼ੱਕ ਤੂੰ ਰਹੱਸਵਾਦੀ ਨਹੀਂ।

ਤੇਰੇ ਲਈ ਕੋਈ ਗੈਬੀ ਕੁਦਰਤੀ ਸ਼ਕਤੀ ਜਾਂ ਦਕਿਆਨੂਸਤਾ ਕੋਈ ਅਰਥ ਨਹੀਂ ਰੱਖਦੀ। ਪਰ ਇਸਲਾਮ ਦਾ ਮਤਲਬ ਅੰਧ ਵਿਸਵਾਸ਼ ਵੀ ਨਹੀਂ। ਇਸ ਦਾ ਅਰਥ ਇਹ ਹੈ ਜਿਵੇਂ ਤੁਹਾਡੇ ਆਪਣੇ ਖੁਸ਼ਦਿਲ ਪਰ ਥੋੜ੍ਹਾ ਝਗੜਾਲੂ, ਜਿਵੇਂ ਤੁਹਾਡੇ ਪਿਉ 'ਚ ਸੀ।

ਆਪਣੇ ਆਪ ਨੂੰ ਮੈਂ ਤਾਕੀਦ ਕੀਤੀ ਕਿ ਉਹਨਾਂ ਅੰਧ ਵਿਸਵਾਸ਼ੀਆਂ ਨੂੰ ਦੁਨੀਆਂ ਦੀ ਨਜ਼ਰ ਵਿਚ ਇਸਲਾਮ ਨੂੰ ਇਕ ਭਿਆਨਕ ਤੇ ਡਰਾਉਣੀ ਦੁਨੀਆਂ ਨਾ ਬਣਾਉਣ ਦੇਹ।'

ਮੈਂ ਆਪਣੇ ਆਪ ਨੂੰ ਯਾਦ ਦੁਆਇਆ ਕਿ ਮੈਂ ਹਮੇਸ਼ਾਂ ਹੀ ਇਹ ਦਲੀਲ ਰੱਖੀ ਹੈ ਕਿ ਇਕ 'ਸੈਕੂਲਰ ਮੁਸਲਮਾਨ' ਵਰਗਾ ਸਿਧਾਂਤ ਦਾ ਪ੍ਰੁੰਗਰਨਾ ਜ਼ਰੂਰੀ ਹੈ ਜੋ ਕਿ ਇਕ ਧਰਮ-ਨਿਰਪੱਖ ਯਹੂਦੀ ਵਾਂਗ ਆਪਣੇ ਸੱਭਿਆਚਾਰ 'ਚ ਮੈਂਬਰਸ਼ਿਪ ਵੀ ਰੱਖ ਸਕਦਾ ਹੋਵੇ ਅਤੇ ਨਾਲ ਹੀ ਧਰਮ ਸ਼ਾਸ਼ਤਰ ਤੋਂ ਵੱਖਰਾ ਵੀ ਹੋਵੇ। ਪਰ ਮੈਂ ਆਪਣੇ ਆਪ ਨੂੰ ਕਿਹਾ ਕਿ ਸੁਲੇਮਨ ਤੂੰ ਬਹਿਸ ਦੇ ਅਖਾੜੇ 'ਚੋਂ ਬਾਹਰ ਰਹਿ ਕੇ ਆਪਣੀ ਦਲੀਲ ਨਹੀਂ ਪੇਸ਼ ਕਰ ਸਕਦਾ। ਤੈਨੂੰ ਇਸ ਮਨੁੱਖਵਾਦੀ, ਇਤਿਹਾਸਕ ਤੇ ਧਰਮ-ਨਿਰਪੱਖਤਾ ਵਾਲੇ ਮੁਸਲਮਾਨ ਬਣਨ ਦੇ ਸਿਧਾਂਤ ਨੂੰ ਇਸ ਅਖਾੜੇ ਵਿਚ ਲਿਜਾਣ ਲਈ ਇਹਦੀ ਦਹਿਲੀਜ਼ ਪਾਰ ਕਰਨੀ ਹੀ ਹੋਵੇਗੀ।

ਇਹ ਸੀ ਸੰਤਾਪ ਝੱਲ ਰਹੇ ਅਤੇ ਉਲਝਣ ਭਰੇ ਮੇਰੇ ਮਨ ਦੀ ਸਥਿਤੀ ਜਿਸ ਕਰਕੇ ਮੈਂ ਮੁਲਾਣਿਆਂ ਦੇ ਸਾਹਮਣੇ ਮੁਸਲਮਾਨੀ ਸ਼ਰਹ ਦਾ ਕਲਮਾ ਪੜ੍ਹਿਆ। ਪਰ ਮੇਰੇ ਮਨ 'ਚ ਇਸਲਾਮ ਨੂੰ ਆਧੁਨਿਕ ਕਰਨ ਦੀ ਇੱਛਾ ਅਜੇ ਵੀ ਪਰਬਲ ਸੀ। ਪਰ ਇਸ ਨੂੰ ਪ੍ਰੁੰਗਰਨ ਦਾ ਕੋਈ ਅਵਸਰ ਨਾ ਮਿਲਿਆ। ਮੈਂ ਸਹੀ ਅਰਥਾਂ 'ਚ ਜੋ ਕਹਿਣਾ ਚਾਹੁੰਦਾ ਸੀ, ਐਨ ਇਸ ਦੇ ਉਲਟ ਬਹੁਤੇ ਲੋਕਾਂ ਮੈਨੂੰ ਸ਼ੈਤਾਨ ਕਹਿ ਕੇ ਭੰਡਣ 'ਚ ਵਧੇਰੇ ਸਮਾਂ ਲਾ ਦਿੱਤਾ। ਪੱਛਮ ਵਿਚ ਕੁੱਝ 'ਦੋਸਤ' ਮੇਰੇ ਖਿਲਾਫ਼ ਹੋ ਗਏ। ਉਹ ਤਰ੍ਹਾਂ ਤਰ੍ਹਾਂ ਦੇ ਵਿਸ਼ੇਸ਼ਣਾਂ - ਰੀੜ੍ਹੀ ਰਹਿਤ, ਤਰਸਯੋਗ, ਆਪਣੇ ਪੈਰਾਂ ਤੋਂ ਹਿੱਲਿਆ ਹੋਇਆ, ਉਨ੍ਹਾਂ ਨਾਲ ਅਤੇ ਆਪਣੇ ਆਪ ਨਾਲ ਵਿਸਵਾਸ਼ਘਾਤ ਕਰਨ ਵਾਲਾ - ਨਾਲ ਮੈਨੂੰ ਬੇਇਜ਼ਤ ਕਰਨ ਲੱਗੇ।

ਮੈਂ ਆਪਣੇ ਆਪ ਨੂੰ ਪਰੰਪਰਾਗਤ ਇਸਲਾਮ ਦੀਆਂ ਹਿਰਦੇ ਰਹਿਤ ਅਤੇ ਪੱਥਰ ਵਰਗੀਆਂ ਕਠੋਰ ਅਸਲੀਅਤਾਂ ਦੇ ਖਿਲਾਫ਼ ਪਾਇਆ। ਪਰੰਪਰਾਗਤ ਇਸਲਾਮ ਤੋਂ ਮੇਰਾ ਭਾਵ ਹੈ ਰਾਜਨੀਤਕ ਅਤੇ ਧਾਰਮਕ ਮੁਲਾਣਿਆਂ ਦੀ ਤਾਕਤ ਜੋ ਅੱਜ ਮੁਸਲਮਾਨੀ ਸਮਾਜ ਨੂੰ ਦਬਾ ਰਹੀ ਹੈ। ਪਰੰਪਰਾਗਤ ਇਸਲਾਮ ਜਿਹੜਾ ਕਿ ਦੁਨੀਆਂ ਵਿਚ ਕਿਤੇ ਵੀ ਇਕ ਆਜ਼ਾਦ ਸਮਾਜ ਨੂੰ ਸਿਰਜਣ ਵਿਚ ਫੇਲ੍ਹ ਹੋਇਆ ਹੈ, ਕਦੇ ਵੀ ਮੈਨੂੰ ਜਾਂ ਬਾਕੀ ਦੁਨੀਆਂ ਨੂੰ ਆਪਣੇ ਪੱਖ ਵਿਚ ਦਲੀਲ ਰੱਖਣ ਦੀ ਖੁਲ੍ਹ ਨਹੀਂ ਦੇਵੇਗਾ। ਅਚਾਨਕ ਹੀ ਮੈਨੂੰ ਉਹਨਾਂ ਲੋਕਾਂ ਨਾਲ ਜੋੜ ਦਿਤਾ ਗਿਆ ਜਿੰਨਾਂ ਨਾਲ ਮੇਰਾ ਦੂਰ ਦਾ ਵਾਸਤਾ ਵੀ ਨਹੀਂ ਸੀ ਅਤੇ ਜਿੰਨਾਂ ਦੇ ਸਮਾਜਕ ਵਰਤਾਉ ਬਾਰੇ ਮੈਂ ਹਮੇਸ਼ਾਂ ਹੀ ਉਹਨਾਂ ਦੇ ਖਿਲਾਫ਼ ਲੜਿਆ ਹਾਂ। ਉਦਾਹਰਣ ਦੇ ਤੌਰ 'ਤੇ ਉਹਨਾ ਦਾ ਔਰਤਾਂ ਪ੍ਰਤੀ ਰਵੱਈਆ (ਇਕ ਸ਼ਰਈ ਮੁਸਲਮਾਨ ਨੇ ਤਾਂ ਇਥੋਂ ਤੀਕ ਫੜ੍ਹ ਮਾਰੀ ਕਿ ਜਦੋਂ ਉਹ ਟੈਲੀਫੋਨ 'ਤੇ ਗੱਲਬਾਤ ਕਰ ਰਿਹਾ ਹੁੰਦਾ ਹੈ ਤਾਂ ਉਹਦੀ ਬੀਵੀ ਉਹਦੇ ਪੈਰਾਂ ਦੇ ਨਹੁੰ ਕੱਟਦੀ ਹੈ। ਅਤੇ ਮੈਨੂੰ ਸੁਲਾਹ ਦਿਤੀ ਕਿ ਮੈਂ ਵੀ ਇਹੋ ਜਿਹੀ ਬੀਵੀ ਢੂੰਡਾਂ) ਜਾਂ ਲੌਂਡਿਆਂ ਬਾਰੇ ( ਇਕ ਇਮਾਮ ਜਿਹਨੂੰ ਮੈਂ ਦਸੰਬਰ 1990 ਵਿਚ ਮਿਲਿਆ, ਜੋ

> **"'ਫਤਵੇ' ਪਿੱਛੇ ਸਿਆਸੀ ਮਨੋਰਥ ਸੀ। ਇਹ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਨੂੰ ਸਿਆਸੀ ਤੌਰ 'ਤੇ ਹੀ ਨਜਿੱਠਿਆ ਜਾਣਾ ਚਾਹੀਦਾ ਹੈ।"**

ਬਾਅਦ ਵਿਚ ਟੀ. ਵੀ. ਉਪਰ ਮੁਸਲਮਾਨ ਲੌਂਡਿਆਂ ਨੂੰ ਬੀਮਾਰ ਪ੍ਰਾਣੀ ਕਹਿ ਕੇ ਲਾਹਨਤਾਂ ਪਾ ਰਿਹਾ ਸੀ ਜਿੰਨਾਂ ਨੇ ਆਪਣੇ ਪਰਿਵਾਰਾਂ ਲਈ ਲਾਹਨਤ ਖੱਟੀ ਸੀ ਤੇ ਜਿੰਨਾਂ ਨੂੰ ਡਾਕਟਰੀ ਅਤੇ ਮਾਨਸਕ ਮੱਦਦ ਦੀ ਜ਼ਰੂਰਤ ਸੀ)

### ਧਾਰਮਿਕ ਦਹਿਸ਼ਤਗਰਦੀ

ਝਿਜਕਦੇ ਮਨ ਨਾਲ ਮੈਂ ਇਹ ਸਿੱਟਾ ਕੱਢਿਆ ਕਿ ਉਹ ਮੁਸਲਮਾਨੀ ਸੱਭਿਆਚਾਰ, ਜਿਸਦਾ ਮੈਂ ਸੁਪਨਾ ਲਿਆ ਸੀ, ਉਸਨੂੰ ਅਸਲੀ ਰੂਪ ਵਿਚ ਹੋਂਦ ਵਿਚ ਲਿਆਉਣ ਦਾ ਮੇਰੇ ਪਾਸ ਕੋਈ ਚਾਰਾ ਨਹੀਂ ਸੀ। ਇਕ ਅਗਾਂਹਵਧੂ, ਅੰਨੀ ਸ਼ਰਧਾ ਤੋਂ ਮੁਕਤ, ਪਰੰਪਰਾ ਤੋਂ ਉਲਟ, ਬਾਦਲੀਲ, ਰੋਚਕ ਤੇ ਡਰ ਤੋਂ ਰਹਿਤ ਸੱਭਿਆਚਾਰ - ਜਿਸਨੂੰ ਮੈਂ ਹਮੇਸ਼ਾਂ ਹੀ ਆਜ਼ਾਦੀ ਦੇ ਸਹੀ ਅਰਥ ਸਮਝਿਆ ਹੈ। ਪਰੰਪਰਾਵਾਦੀ ਇਸਲਾਮ, ਜਿਹੜਾ ਸਾਹਿਤਕਾਰੀ ਨੂੰ ਆਪਣੇ ਖਿਲਾਫ਼ ਇਕ ਹਥਿਆਰ ਸਮਝਦਾ ਹੈ ਅਤੇ ਧਰਮ ਦੀ ਮੁੜ-ਵਿਆਖਿਆ ਨੂੰ ਜੁਰਮ ਬਣਾਉਂਦਾ ਹੈ, ਮੇਰੇ ਵਰਗਿਆਂ ਨੂੰ ਕਦੇ ਵੀ ਨੇੜੇ ਨਹੀਂ ਢੁੱਕਣ ਦੇਵੇਗਾ।

ਇਬਨ ਰਸ਼ਦ ਦੇ ਵਿਚਾਰਾਂ ਨੂੰ ਉਹਨਾਂ ਦੇ ਸਮਿਆਂ ਵਿਚ ਹੀ ਚੁੱਪ ਕਰਵਾ ਦਿਤਾ ਗਿਆ। ਮੁਸਲਮ ਜਗਤ ਵਿਚ ਅੱਜ ਸਾਰੇ ਪਾਸੇ ਹੀ ਅਗਾਂਹਵਧੂ ਵਿਚਾਰਾਂ ਨੂੰ ਹਾਰ ਖਾਣੀ ਪੈ ਰਹੀ ਹੈ। ਪਰੰਪਰਾਵਾਦੀ ਇਸਲਾਮ ਦੀ ਚੁਫੇਰੇ ਸਰਦਾਰੀ ਹੈ। ਜਿਸ ਤਰ੍ਹਾਂ ਹੁਣੇ ਹੁਣੇ ਖ਼ਤਮ ਹੋਈ ਪਰੰਪਰਾਵਾਦੀ ਸਮਾਜਵਾਦੀ ਰੂਸੀ ਦਹਿਸ਼ਤਗਰਦੀ ਹਕੂਮਤ ਵਿਚ ਦੁਨਿਆਵੀ ਸ਼ਾਂਤੀ ਅਤੇ ਬਰਾਬਰਤਾ ਉਵੇਂ ਨਹੀਂ ਸੀ ਜਿਸਦਾ ਕਦੇ ਜਮਹੂਰੀ ਸਮਾਜਵਾਦੀਆਂ ਨੇ ਸੁਪਨਾ ਲਿਆ ਸੀ। ਉਹੀ ਹਾਲ ਪਰੰਪਰਾਵਾਦੀ ਇਸਲਾਮ ਦਾ ਹੈ। ਇਹ ਇਕ ਤਾਕਤ ਹੈ ਜਿਹਦੇ ਮੂਹਰੇ ਮੈਂ ਕਦੇ ਹਾਰ ਨਹੀਂ ਮੰਨੀ ਤੇ ਨਾ ਹੀ ਗੋਡੇ ਟੇਕੇ ਹਨ। ਇਕ ਨੁਕਤਾ ਹੁੰਦਾ ਹੈ ਜਿਸ ਤੋਂ ਅਗਾਂਹ ਸੁਲਹ ਦਾ ਮਤਲਬ ਗੋਡੇ ਟੇਕਣਾ ਬਣ ਜਾਂਦਾ ਹੈ। ਮੇਰਾ ਖਿਆਲ ਨਹੀਂ ਕਿ ਮੈਂ ਉਸ ਨੁਕਤੇ ਤੋਂ ਅਗਾਹਾਂ ਚਲਾ ਗਿਆ ਹਾਂ। ਪਰ ਦੂਸਰੇ ਇਸਦੇ ਉਲਟ ਸੋਚਦੇ ਹਨ।

ਮੈਂ ਆਪਣੀ ਕਿਤਾਬ ਨੂੰ ਆਪਣੀ ਰਚਨਾ ਮੰਨਣ ਤੋਂ ਕਦੀ ਇਨਕਾਰ ਨਹੀਂ ਕੀਤਾ ਨਾ ਹੀ ਇਸਨੂੰ ਲਿਖਣ ਦਾ ਮੇਰੇ ਮਨ ਵਿਚ ਕੋਈ ਪਛਤਾਵਾ ਹੈ। ਮੈਂ ਕਿਹਾ ਸੀ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਮੈਨੂੰ ਅਫਸੋਸ ਹੈ ਕਿਉਂਕਿ ਅਜੇਹਾ ਕਰਨਾ ਮੇਰਾ ਵਿਚਾਰ ਨਹੀਂ ਸੀ। ਅਤੇ ਨਾ ਹੀ ਹੁਣ ਹੈ। ਮੈਂ ਦੱਸਿਆ ਸੀ ਕਿ ਲੇਖਕ ਹਰ ਪਾਤਰ, ਜਿਸਨੂੰ ਉਹ ਸਿਰਜਦੇ ਹਨ, ਦੇ ਵਿਚਾਰਾਂ ਨਾਲ ਸਹਿਮਤ ਹੋਣੇ ਜ਼ਰੂਰੀ ਨਹੀਂ। ਕਿਤਾਬਾਂ (ਸਾਹਿਤ) ਦੀ ਦੁਨੀਆਂ ਵਿਚ ਇਹ ਸੱਚਾਈ ਹੈ ਪਰ 'ਸ਼ੈਤਾਨੀ ਆਇਤਾਂ' ਦੇ ਵਿਰੋਧੀਆਂ ਅਨੁਸਾਰ ਇਹ ਇਕ ਲਗਾਤਾਰ ਬੁਝਾਰਤ ਵਾਲੀ ਗੱਲ ਹੈ। ਮੈਂ ਕਿਹਾ ਕਿ ਇਸ ਕਿਤਾਬ ਨੂੰ ਗਲਤ ਅਰਥਾਂ 'ਚ ਲਿਆ ਗਿਆ ਹੈ। 1990 ਦੀ ਕਰਿਸਮਿਸ ਈਵ 'ਤੇ ਛੇ ਇਸਲਾਮੀ ਵਿਦਵਾਨਾਂ ਨਾਲ ਮੇਰੀ ਮਿਲਣੀ ਦਾ ਇਹ

ਫਾਇਦਾ ਹੋਇਆ ਕਿ ਉਹ ਸਹਿਮਤ ਹੋਏ ਕਿ ਨਾਵਲ ਵਿਚ ਕੋਈ ਵੀ ਅਪਮਾਨ ਵਾਲਾ ਉਦੇਸ਼ ਨਹੀਂ ਹੈ। ਮੈਨੂੰ ਦੱਸਿਆ ਗਿਆ 'ਇਸਲਾਮ ਵਿਚ ਮਨੁੱਖੀ ਭਾਵਨਾ ਹੀ ਹੈ ਜੋ ਸਭ ਕੁੱਝ ਹੈ। ਹੁਣ ਅਸੀਂ ਤੇਰੀ ਤਰਫ਼ 'ਤੇ ਸੰਸਾਰ ਪੱਧਰ 'ਤੇ ਇਕ ਮੁਹਿੰਮ ਵਿੱਢਾਂਗੇ ਕਿ ਇਸ ਕਿਤਾਬ ਨੂੰ ਸਮਝਣ ਵਿਚ ਇਕ ਬੱਜਰ ਗਲਤੀ ਹੋਈ ਹੈ।' ਇਹ ਸਭ ਕੁੱਝ ਤੇ ਬਹੁਤ ਕੁੱਝ ਹੋਰ ਦੋਸਤਾਨਾ ਤੇ ਮੁਸਕਾਨਾ ਭਰਿਆ। ਇਹ ਸੀ ਉਹ ਸਥਿਤੀ ਜਿਸਦੇ ਸੰਦਰਭ ਵਿਚ ਮੈਂ ਇਸ ਕਿਤਾਬ ਦੇ ਪੇਪਰ ਬੈਕ ਐਡੀਸ਼ਨ ਨੂੰ ਮੁਲਤਵੀ ਕਰਨ ਲਈ (ਬੰਦ ਕਰਨ ਲਈ ਨਹੀਂ) ਰਜ਼ਾਮੰਦ ਹੋਇਆ। ਇਹ ਇਕ ਉਹ ਸਮਾਂ ਸੀ ਜਿਸਨੂੰ ਮੈਂ ਸੁਲਹ ਸਫਾਈ ਦਾ ਸਮਾਂ ਸਮਝਦਾ ਸੀ।

ਪਰ ਅਫਸੋਸ ਕਿ ਮੈਂ ਇਹਨਾਂ ਸਖਸ਼ਾਂ ਨੂੰ ਲੋੜੋਂ ਵੱਧ ਈਮਾਨਦਾਰ ਸਮਝ ਬੈਠਾ! ਕੁੱਝ ਹੀ ਦਿਨਾਂ ਵਿਚ ਇਕ ਨੂੰ ਛੱਡ ਕੇ ਬਾਕੀਆਂ ਨੇ ਮੇਰੇ ਨਾਲ ਕੀਤੇ ਵਚਨਾਂ ਨੂੰ ਤਿਲਾਂਜਲੀ ਦਿਤੀ। ਉਹ ਮੇਰੇ ਤੇ ਮੇਰੀ ਕਿਤਾਬ ਬਾਰੇ ਇੰਜ ਸਾਜਸ਼ਾਂ ਰਚਣ ਲੱਗੇ ਜਿਵੇਂ ਕਿ ਅਸੀਂ ਹੱਥ ਤੱਕ ਵੀ ਨਹੀਂ ਮਿਲਾਇਆ ਸੀ। ਮੈਂ ਆਪਣੇ ਆਪ ਨੂੰ ਇਕ ਮੂਰਖ ਸਮਝਿਆ। ਪੇਪਰ ਬੈਕ ਪ੍ਰਕਾਸ਼ਨ ਨੂੰ ਮੁਲਤਵੀ ਕਰਨ ਨੂੰ ਇਕ ਦਮ ਹਾਰ ਮੰਨਣ ਵਾਂਗ ਲਿਆ ਜਾਣ ਲੱਗਾ। ਬਾਅਦ ਵਿਚ ਮੇਰੇ ਉਲਥਾਕਾਰਾਂ 'ਤੇ ਹਮਲਿਆਂ ਦੀ ਬੁਜ਼ਦਿਲ ਕਾਰਵਾਈ ਕੀਤੀ ਗਈ। 'ਸ਼ੈਤਾਨੀ ਆਇਤਾਂ' ਨੂੰ ਛਪਿਆਂ ਹੁਣ ਤਿੰਨ ਸਾਲ ਤੋਂ ਉਪਰ ਦਾ ਅਰਸਾ ਹੋ ਚੁੱਕਾ ਹੈ। ਮੰਨ ਮਨਾਉਤੀ ਅਤੇ ਸੁਲਹ ਸਫ਼ਾਈ ਲਈ ਇਹ ਬਥੇਰਾ ਲੰਬਾ ਅਰਸਾ ਹੈ। ਹੁਣ ਮੈਂ ਮੰਨਦਾ ਹਾਂ ਕਿ ਉਹਨਾਂ ਸਖਸ਼ਾਂ ਨੂੰ ਇਸ ਨੁਕਤੇ 'ਤੇ ਰਾਹਤ ਦੇਣੀ ਮੇਰੀ ਗਲਤੀ ਸੀ। 'ਸ਼ੈਤਾਨੀ ਆਇਤਾਂ' ਹਰ ਹਾਲਤ ਵਿਚ ਖੁਲ੍ਹਮਖੁਲ੍ਹੀ ਉਪਲਬਧ ਹੋਣੀ ਚਾਹੀਦੀ ਹੈ ਅਤੇ ਸੌਖੀ ਤਰ੍ਹਾਂ ਖਰੀਦ ਸਕਣ ਦੀ ਕੀਮਤ 'ਤੇ ਮਿਲਣੀ ਚਾਹੀਦੀ ਹੈ। ਕਿਉਂਕਿ ਜੇਕਰ ਇਸਨੂੰ ਪੜ੍ਹਿਆ, ਵਿਚਾਰਿਆ ਨਾ ਗਿਆ ਤਾਂ ਇਨ੍ਹੇ ਸਾਲਾਂ ਦੀ ਮਿਹਨਤ ਦਾ ਕੋਈ ਅਰਥ ਨਹੀਂ ਹੋਵੇਗਾ। ਜੋ ਭੂਤ ਨੂੰ ਭੁੱਲ ਜਾਂਦੇ ਹਨ, ਉਹ ਉਹਨੂੰ ਦੁਹਰਾਉਣ ਲਈ ਸੰਤਾਪੇ ਜਾਂਦੇ ਹਨ।

## ਆਪਣੇ ਵਿਸ਼ਵਾਸ਼ 'ਤੇ ਪਹਿਰਾ

ਮੈਂ ਔਖੇ ਤਰੀਕੇ ਨਾਲ ਸਿੱਖਿਆ ਹੈ ਕਿ ਆਪਣੀ ਸਚਾਈ ਨੂੰ ਦਰਸਾਉਣ ਲਈ ਜਦੋਂ ਤੁਸੀਂ ਕਿਸੇ ਹੋਰ ਦੀ ਵਿਆਖਿਆ ਦਾ ਸਹਾਰਾ ਲੈਂਦੇ ਹੋ - ਤੇ ਇਹ ਵਿਆਖਿਆਵਾਂ ਮੇਰੇ 'ਤੇ ਲਗਾਤਾਰ ਵਰ੍ਹਦੀਆਂ ਰਹੀਆਂ ਹਨ - ਸੁਰੱਖਿਆ ਸੁਲਾਹਕਾਰਾਂ, ਸਰਕਾਰਾਂ, ਅਖਬਾਰਨਵੀਸਾਂ, ਪਾਦਰੀਆਂ, ਦੋਸਤਾਂ, ਦੁਸ਼ਮਣਾਂ, ਮੁਲਾਣਿਆਂ ਵਲੋਂ - ਇਹਦੇ ਨਾਲੋਂ ਤਾਂ ਮਰ ਜਾਣਾ ਹੀ ਬੇਹਤਰ ਹੈ। ਜ਼ਾਹਰ ਹੈ ਕਿ ਅੱਖਾਂ 'ਤੇ ਖੋਪੇ ਪਾਕੇ, ਰੱਬ ਦੀ ਸਰਬਸ਼ਕਤੀਮਾਨਤਾ ਵਾਲਾ ਕੱਟੜ ਦੁਨਿਆਵੀ ਨਜ਼ਰੀਆ ਅਪਨਾਉਣਾ ਸਭ ਤੋਂ ਸੌਖੀ ਗੱਲ ਹੈ। ਜਦ ਕਿ ਇਕ ਲਚਕਦਾਰ, ਅਨਿਸਚਿਤ ਤੇ ਬਦਲਵੇਂ ਰੂਪ ਵਾਲਾ ਨਜ਼ਰੀਆ, ਜੋ ਮੈਂ ਅਪਣਾਇਆ ਹੈ ਜ਼ਿਆਦਾ ਕਮਜ਼ੋਰ ਹੁੰਦਾ ਹੈ। ਫਿਰ ਵੀ ਮੈਨੂੰ ਆਪਣੇ ਪੂਰੇ ਬਲ ਨਾਲ ਆਪਣੀ ਰੂਹ ਨਾਲ ਜੁੜਕੇ ਰਹਿਣਾ ਹੋਵੇਗਾ। ਸਥਾਪਤ ਕਦਰਾਂ ਦੇ ਵਿਰੋਧ ਕਰਨ ਦੀ, ਕਟਾਖਸ਼ ਤੇ ਵਿਅੰਗ ਕਰ ਸਕਣ ਦੀ, ਅੱਖੜ, ਮਖੌਲੀਆ ਤੇ ਬਖੀਏ ਉਧੇੜਨ ਦੀ ਪਰਵਿਰਤੀ ਵਾਲੀ ਰੂਹ ਨਾਲ ਜੁੜ ਕੇ ਰਹਿਣਾ ਹੋਵੇਗਾ ਚਾਹੇ ਤੂਫਾਨ ਜਿੰਨਾ ਮਰਜ਼ੀ ਭਿਆਨਕ ਹੋਵੇ। ਜੇਕਰ ਇਹ ਮੈਨੂੰ ਵਿਰੋਧਤਾ ਅਤੇ ਰਸਮੀ ਸਥਾਪਤ ਕਦਰਾਂ ਕੀਮਤਾਂ ਦੇ ਵਿਰੋਧ ਵਿਚ ਪਟਕਾ ਮਾਰਦਾ ਹੈ ਮਾਰਨ ਦੇਵੋ। ਮੈਂ ਹਮੇਸ਼ਾਂ ਇਸ ਗੰਧਲੇ ਸਾਗਰ 'ਚ ਵਿਚਰਿਆ ਹਾਂ। ਆਪਣੀ ਕਲਾ ਲਈ ਮੈਂ ਇਸ ਵਿਚ ਕੁੰਡੀ ਸੁੱਟੀ ਹੈ। ਇਹ ਅਸ਼ਾਂਤ ਤੇ ਖੌਲਦਾ ਸਮੁੰਦਰ ਬੰਬਈ ਵਿਚ ਮੇਰੇ ਕਮਰੇ ਦੀ ਖਿੜਕੀ ਦੇ ਬਾਹਰ ਦਿਸਦਾ ਸਮੁੰਦਰ ਸੀ। ਇਹ ਸਮੁੰਦਰ ਜਿਸ ਦੇ ਵਿਚ ਮੇਰਾ ਜਨਮ ਹੋਇਆ, ਮੈਂ ਜਿਥੇ ਵੀ ਜਾਵਾਂ ਮੇਰੇ ਨਾਲ ਰਹਿੰਦਾ ਹੈ।

'ਬੋਲਣ ਦੀ ਆਜ਼ਾਦੀ ਦੀ ਕੋਈ ਸ਼ੁਰੂਆਤ ਹੀ ਨਹੀਂ ਹੋਈ' ਇਕ ਇਸਲਾਮੀ ਅਤਿਵਾਦੀ ਵਿਰੋਧੀ ਕਹਿੰਦਾ ਹੈ। 'ਨਹੀਂ, ਸ੍ਰੀ ਮਾਨ ਜੀ ਇਵੇਂ ਨਹੀਂ ਹੈ। ਬੋਲਣ ਦੀ ਆਜ਼ਾਦੀ ਹੀ ਅਸਲੀ ਚੀਜ਼ ਹੈ। ਸਾਰੀ ਖੇਡ ਹੀ ਇਸ ਆਜ਼ਾਦੀ ਦੀ ਹੈ। ਬੋਲਣ ਦੀ ਆਜ਼ਾਦੀ ਆਪਣੇ ਵਿਚ ਜ਼ਿੰਦਗੀ ਹੈ।

ਮੇਰੀ ਜ਼ਿੰਦਗੀ ਦੀ ਕੀ ਕੀਮਤ ਹੈ?

ਕੀ ਇਹ ਕੀਮਤ ਉਸ ਮੁਲਕ ਨਾਲ ਥੋੜ੍ਹੇ ਬਹੁਤੇ ਚੰਗੇਰੇ ਸਬੰਧਾਂ ਦੀ ਹੈ - ਉਹ ਮੁਲਕ, ਜਿਸ ਵਿਚ ਅਪਰੈਲ 1991 ਵਿਚ 800 ਇਸਤਰੀਆਂ ਨੂੰ ਬੁਰਕਾ ਨਾ ਪਹਿਨਣ ਦੇ ਦੋਸ਼ ਵਿਚ ਹਰੇਕ ਦੇ 74-74 ਕੋਰੜੇ ਮਾਰੇ ਗਏ। ਜਿਸ ਵਿਚ ਮਰੀਅਮ ਫਿਰੋਜ਼ ਅਜੇ ਵੀ ਜੇਲ੍ਹ ਵਿਚ ਹੈ ਜਿਸ ਨੂੰ ਤਸੀਹੇ ਦਿਤੇ ਜਾ ਰਹੇ ਹਨ। ਉਹ ਮੁਲਕ ਜਿਹਦਾ ਵਿਦੇਸ਼ ਮੰਤਰੀ ਆਪਣੇ ਦੇਸ਼ ਦੀ ਕੁਚਲੇ ਜਾਂਦੇ ਮਨੁੱਖੀ ਅਧਿਕਾਰਾਂ ਦੇ ਬਿਉਰੇ ਦੀ ਆਲੋਚਨਾ ਦੇ ਜਵਾਬ ਵਿਚ ਕਹਿੰਦਾ ਹੈ: 'ਇਰਾਨ ਵਿਚ ਮਨੁੱਖੀ ਅਧਿਕਾਰਾਂ ਦੀ ਅੰਤਰਰਾਸ਼ਟਰੀ ਤੌਰ 'ਤੇ ਨਿਗਰਾਨੀ ਅਣਮਿਥੇ ਸਮੇਂ ਲਈ ਬਰਕਰਾਰ ਨਹੀਂ ਰਹਿਣੀ ਚਾਹੀਦੀ। ਇਰਾਨ ਬਹੁਤੀ ਦੇਰ ਅਜਿਹੀ ਨਿਗਰਾਨੀ ਸਹਿਣ ਨਹੀਂ ਕਰ ਸਕਦਾ।'

ਤੁਸੀਂ ਫੈਸਲਾ ਕਰਨਾ ਹੈ ਕਿ ਤੁਹਾਡੀ ਨਿਗਾਹ ਵਿਚ ਇਕ ਦੋਸਤ ਦੀ ਆਪਣੇ ਦੋਸਤਾਂ ਲਈ ਕੀ ਕੀਮਤ ਹੈ? ਇਕ ਪੁੱਤਰ ਦੀ ਆਪਣੀ ਮਾਂ ਜਾਂ ਪਿਉ ਦੀਆਂ ਨਜ਼ਰਾਂ 'ਚ ਕੀ ਕੀਮਤ ਹੈ? ਤੁਸੀਂ ਫੈਸਲਾ ਕਰਨਾ ਹੈ ਕਿ ਆਦਮੀ ਦੀ, ਉਹਦੇ ਦਿਲ ਦੀ, ਰੂਹ ਦੀ, ਉਹਦੀ ਜ਼ਮੀਰ ਦੀ ਕੀ ਕੀਮਤ ਹੈ? ਤੁਸੀਂ ਫੈਸਲਾ ਕਰਨਾ ਹੈ ਕਿ ਇਕ ਕਥਾ ਲੇਖਕ ਦੀ ਕੀ ਕੀਮਤ ਹੈ? ਦੁਨੀਆਂ ਨਾਲ ਬਹਿਸ ਰਚਾਉਣ ਵਾਲੇ ਇਕ ਲੇਖਕ ਦੀ ਤੁਸੀਂ ਕਿੰਨੀ ਕੁ ਕੀਮਤ ਪਾਉਂਦੇ ਹੋ?

**[ਅਨੁਵਾਦ ਸਤਵੰਤ ਦੀਪਕ ਐਡਮੰਟਨ]**

**Sutton Group**
**Medallion Realty**
**#1-9200-120th St.**
**Surrey,B.C. V3V 4B7**

ਜਦੋਂ ਵੀ ਤੁਸੀਂ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸੁਲਾਹ ਮਸ਼ਵਰੇ ਲਈ ਫੋਨ ਕਰੋ।



KULDIP GILL M.A.B.Ed.

Member of Fraser Valley Real Estate Board M.L.S.
Medallion Club. Looking for a house, building lot or house with acres, in Surrey or Delta. Call me first for my honest & genuine opinion

Ph. 581-1211 Res. 590-8066

# ਕਲੇਅ ਉਵਨ ਰੈਸਟੋਰੈਂਟ

**9386 - 120 ਸਟਰੀਟ, ਸਰੀ ਬੀ.ਸੀ.**

* ਪਿਸਤੇ ਦੀ ਬਰਫੀ, ਮੈਸੂ, ਪਤੀਸਾ, ਚਮਚਮ, ਰਸਗੁੱਲੇ, ਬਰਫੀ,ਮਿਲਕ ਕੇਕ, ਸਪੈਸ਼ਲ ਪੇੜੇ, ਬਦਾਮ ਬਰਫੀ, ਖੀਰ ਮੋਹਨ, ਪੇਸਟ, ਬਾਲੂਸ਼ਾਹੀਆਂ, ਕਰਾਚੀ ਹਲਵਾ, ਮੋਤੀ ਚੂਰ ਦੇ ਲੱਡੂ,ਜਲੇਬੀਆਂ,ਤੰਦੂਰੀ, ਚਿਕਨ, ਨਾਨ ਅਤੇ ਹਰ ਪ੍ਰਕਾਰ ਦੇ ਨਮਕੀਨ।

*ਇਸਤੋਂ ਇਲਾਵਾ ਵੈਜੀਟੇਰੀਅਨ (ਸ਼ਾਕਾਹਾਰੀ) ਭੋਜਨ ਵੀ ਮਿਲਦਾ ਹੈ।

*ਅਸੀਂ ਵਿਆਹ ਸ਼ਾਦੀਆਂ ਲਈ ਕੇਟਰਿੰਗ ਵੀ ਕਰਦੇ ਹਾਂ।

*ਸਾਡੇ ਕੋਲ ਇੰਡੀਆ ਤੋਂ ਵਧੀਆ ਸ਼ੈਫ ਹਨ।

**Call Jagminder Mangat**
**Ph: (604) 589-7622**

---

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets
* Crests *Caps * Decals
* Transfers *Emblems *Calendars
*Pens * Matches * Glasswear
* Lighters * Buttons * Sales Aids
* Playing Cards *Lapel Pins
*Safety Awards *Promotional Gifts
* Incentives * Plus much more

**Ram Sharma**
5311-91 Street
Edmonton, Alberta, T6E 6E2
**Ph: (403) 468-6435**

---

ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।

**DELTA WEDDING CENTRE**
**9463- 120TH ST. (95 AVE & SCOTT RD.)**
**DELTA, B.C.**
**Ph: (604) 589-7622**

ਵਿਆਹ ਸ਼ਾਦੀਆਂ ਦੇ ਕਾਰਡ, ਤਾਜ਼ੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦਸੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

## ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕੱਰਟਾਂ, ਕਪੜੇ, Streamers, Bells, Fans, Plume Pens, Guest Books, Ribbons, Candles, Candies ਅਤੇ ਕੇਕ ਮਿਲਦੇ ਹਨ।

ਹੋਰ ਜਾਣਕਾਰੀ ਲਈ:

ਮੈਨੇਜਰ:ਮੱਖਣ ਟੁੱਟ ਫਲੋਰੇਸਟ:ਗੁਰਬਖਸ਼ਕੌਰ ਦਿਉ।

---

# Devinderjit (Dave) Singh Purewal

(Barrister, Solicitor & Notary Public)

ਦਵਿੰਦਰਜੀਤ ਸਿੰਘ ਪੁਰੇਵਾਲ

**Ph: (403) 462-7555**

**General Paractice of Law including:**

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortagage)
* ਵਿੱਲ ਤੇ ਅਸਟੇਟ (Wills & Estate) * ਸਿਵਲ(Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**
Ph. (403) 436-7060
# 440-4445 Calgary Tr. South, Edmonton

*Millwood Office:*
9209-34th Ave. Edmonton Alberta, T6E 5T5

ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

# ਪੁਸਤਕ ਪਰਿਚੈ

## ਮੇਰੀ ਆਜ਼ਾਦ ਹਿੰਦ ਫੌਜ ਦੀ ਡਾਇਰੀ

### ਲੇਖਕ: ਕੇਸਰ ਸਿੰਘ

ਪੰਨੇ: 182    ਮੁੱਲ: 100 ਰੁਪਏ

ਪ੍ਰਕਾਸ਼ਕ: ਲਾਂਬਾ ਪਬਲੀਕੇਸ਼ਨ ਪਟਿਆਲਾ।

ਕੇਸਰ ਸਿੰਘ ਨਾਵਲਿਸਟ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦਾ ਸਿਪਾਹੀ ਵੀ ਹੈ ਅਤੇ ਇਤਿਹਾਸਕਾਰ ਵੀ। ਹਥਲੀ ਪੁਸਤਕ, ਆਜ਼ਾਦ ਹਿੰਦ ਫੌਜ ਨਾਲ ਉਸਦੇ ਸਬੰਧ ਦੀ ਕਹਾਣੀ ਹੈ। ਉਸਦੀ ਲਿਖੀ ਇਹ ਨਿੱਜੀ ਡਾਇਰੀ ਦਸੰਬਰ 1941 ਤੋਂ ਅਗਸਤ 1945 ਤੱਕ ਲਿਖੀ ਗਈ ਪਰ 30 ਸਾਲ ਗੁੰਮੀ ਰਹੀ। ਫਿਰ ਗਿਆਨੀ ਕਿਹਰ ਸਿੰਘ ਕਸ ਐਡੀਟਰ 'ਮਲਾਇਆ ਦਰਪਣ' ਦੇ ਭਰਾ ਗਿਆਨੀ ਬਚਿੱਤਰ ਸਿੰਘ ਮੋਗਾ ਦੀ ਦੂਰ ਦਰਸ਼ਤਾ ਸਦਕਾ, ਸਿੰਘ ਬ੍ਰਦਰਜ਼ ਰਾਹੀਂ, ਲੇਖਕ ਨੂੰ ਕੈਨੇਡਾ ਆ ਮਿਲੀ; ਪਰ ਇਸਦੇ ਛਪਣ ਤੱਕ 16 ਸਾਲ ਹੋਰ ਲੰਘ ਗਏ। 8 ਦਸੰਬਰ 1941 ਨੂੰ ਕੀਤਾ ਗਿਆ ਹੇਠਲਾ ਇੰਦਰਾਜ ਇਸ ਪੁਸਤਕ ਦੀ ਰੂਹ ਦਾ ਨਚੋੜ ਹੈ:

> 'ਆਪਾਂ ਤਾਂ ਹੋਲੀ ਖੇਡਣੀ ਹੈ। ਨਤੀਜੇ ਦੀ ਕੋਈ ਪਰਵਾਹ ਨਹੀਂ - ਗਦਰੀ ਬਾਬਿਆਂ ਨੇ ਹੋਲੀ ਖੇਡੀ ਸੀ। ਆਜ਼ਾਦੀ ਮਿਲੇ ਜਾਂ ਨਾ। ਜ਼ੋਰ ਲਾਉਣੈ ਜਿੰਨਾ ਕੁ ਹੈ ਗੈ।'

ਇਹੋ ਕੁੱਝ ਸੋਚਦੇ ਭਾਰਤ ਦੀ ਆਜ਼ਾਦੀ ਦੇ ਹਜ਼ਾਰਾਂ ਸ਼ੈਦਾਈ ਆਜ਼ਾਦ ਹਿੰਦ ਫੌਜ ਵਿਚ ਸ਼ਾਮਿਲ ਹੋ ਗਏ। ਕੇਸਰ ਸਿੰਘ ਆਪ ਉਨ੍ਹਾਂ ਵਿਚੋਂ ਇਕ ਹੈ। ਉਸਨੇ ਅਖ਼ਬਾਰ ਕੱਢੇ, ਬਰਾਡ ਕਾਸਟਿੰਗ ਕੀਤੀ, ਉਹ ਸਿਪਾਹੀ ਬਣਕੇ ਲੜਿਆ ਅਤੇ ਮਨੀਪੁਰ ਦੇ ਆਜ਼ਾਦ ਕਰਾਏ ਇਲਾਕੇ ਦਾ ਸਿਵਲ ਐਡਮਨਿਸਟਰੇਟਰ ਰਿਹਾ। ਉਹ ਆਜ਼ਾਦ ਹਿੰਦ ਫੌਜ ਦੇ ਜਿਨ੍ਹਾਂ ਮੋਹਰੀ ਲੀਡਰਾਂ ਦੇ ਨੇੜੇ ਰਿਹਾ ਉਹਨਾਂ ਵਿਚ ਨੇਤਾ ਜੀ ਸੁਭਾਸ ਚੰਦਰ ਬੋਸ, ਬਾਬਾ ਹਰੀ ਸਿੰਘ 'ਉਸਮਾਨ', ਗਿਆਨੀ ਪ੍ਰੀਤਮ ਸਿੰਘ, ਰਾਸ ਬਿਹਾਰੀ ਬੋਸ, ਜਨਰਲ ਮੋਹਨ ਸਿੰਘ, ਬਾਬੂ ਬੁੱਧ ਸਿੰਘ, ਬਾਬਾ ਚੰਦਾ ਸਿੰਘ, ਬਾਬਾ ਅਮਰ ਸਿੰਘ ਸ਼ੇਰਪੁਰ, ਸੁਆਮੀ ਸਤਿਆ ਨੰਦ ਪੁਰੀ, ਕਰਨਲ ਸ਼ਾਹ ਨਿਵਾਜ਼ ਅਤੇ ਕਰਨਲ ਅਹਿਸਾਨ ਕਾਦਰ ਸ਼ਾਮਿਲ ਸਨ। ਕੇਸਰ ਸਿੰਘ ਨੇ ਸੰਗਰਾਮ ਵਿਚ ਹਿੱਸਾ ਵੀ ਲਿਆ ਅਤੇ ਨਿਤਾਪਰਤੀ ਉਸਦਾ ਇਤਿਹਾਸ ਵੀ ਲਿਖਿਆ।

ਇਸ ਡਾਇਰੀ ਵਿਚ ਜੰਗ ਦੀ ਦਰਿੰਦਗੀ ਹੈ, ਇਕ ਕੱਚੀ ਤੰਦ ਨਾਲ ਲਟਕਦੀ ਜ਼ਿੰਦਗੀ ਦਾ ਮਨੁੱਖੀ ਡਰਾਮਾ ਹੈ, ਸੰਗਰਾਮ ਵਿਚੋਂ ਜਨਮੀਆਂ ਕਵਿਤਾਵਾਂ ਹਨ ਅਤੇ ਲੋਕਾਂ ਦੇ ਜਜ਼ਬਾਤ ਦੇ ਉਤਰਾਅ ਚੜ੍ਹਾਅ ਹਨ। ਘਰ ਘਾਟ, ਧੀਆਂ ਪੁੱਤਰ ਅਤੇ ਅਪਣੀ ਜਾਨ ਤੱਕ ਵਾਰਨ ਵਾਲੇ ਅਮੀਰਾਂ ਦੇ ਨਾਲ ਨਾਲ ਉਨ੍ਹਾਂ ਮਰਜੀਵੜਿਆਂ ਦੀ ਕਹਾਣੀ ਵੀ ਇਹ ਡਾਇਰੀ ਹੈ ਜਿਨ੍ਹਾਂ ਕੋਲ ਵਾਰਨ ਲਈ ਕੇਵਲ ਅਪਣਾ ਆਪ ਸੀ ਅਤੇ ਹਿੰਦੁਸਤਾਨ ਨੂੰ ਆਜ਼ਾਦ ਦੇਖਣ ਲਈ ਧੜਕਦੇ ਦਿਲ ਵਿਚਲੀ ਅਮੁੱਲੀ ਤੜਪ।

ਇਸ ਪੁਸਤਕ ਵਿਚ ਨੇਤਾ ਜੀ ਦੀ ਉਹ ਇਤਿਹਾਸਕ ਤਕਰੀਰ ਵੀ ਦਿੱਤੀ ਗਈ ਹੈ ਜੋ ਉਨ੍ਹਾਂ ਨੇ ਆਜ਼ਾਦ ਹਿੰਦ ਫੌਜ ਦੀ ਕਮਾਨ ਸੰਭਾਲਣ ਵੇਲੇ ਕੀਤੀ ਸੀ। ਉਸ ਵਿਚ ਨੇਤਾ ਜੀ ਨੇ ਅਪਣੇ ਜੀਵਨ, ਸਿਆਸੀ ਘੋਲ ਅਤੇ ਆਦਰਸ਼ ਬਾਰੇ ਵਿਸਥਾਰ ਨਾਲ ਗੱਲਾਂ ਕੀਤੀਆਂ ਹਨ।

ਕੇਸਰ ਸਿੰਘ ਜਦੋਂ ਜਾਪਾਨੀਆਂ ਦਾ ਜ਼ੁਲਮ ਦੇਖਦਾ ਹੈ, ਉਹ ਵੀ ਦੱਸਦਾ ਹੈ, ਆਜ਼ਾਦ ਹਿੰਦ ਫੌਜ ਦਾ ਕੋਈ ਕਰਿੰਦਾ ਜੇ ਕੋਈ ਕੁਚੱਲ ਕਰਦਾ ਹੈ ਉਹ ਵੀ।

ਜਿੰਨੀ ਵਧੀਆ ਇਹ ਲਿਖਤ ਹੈ, ਕਾਸ਼! ਇਸਨੂੰ ਪ੍ਰਕਾਸ਼ਕ ਅਤੇ ਛਾਪਕ ਵੀ ਇਸਦੇ ਮੇਚ ਦੇ ਮਿਲ ਜਾਂਦੇ। ਇਸਦੀ ਛਪਾਈ ਦੇਖ ਕੇ ਪਤਾ ਲੱਗਦਾ ਹੈ ਕਿ ਕਿਤਾਬ ਕਿੰਝ ਨਹੀਂ ਛਾਪਣੀ ਚਾਹੀਦੀ। ਮੈਂ ਜਦ ਛਪਾਈ ਵਲ ਲੇਖਕ ਦਾ ਧਿਆਨ ਦੁਆਇਆ ਤਾਂ ਕੇਸਰ ਸਿੰਘ ਬੋਲਿਆ, 'ਪ੍ਰਕਾਸ਼ਕ ਮੇਰੇ ਇਕ ਲੇਖਕ ਦੋਸਤ ਦਾ ਰਿਸ਼ਤੇਦਾਰ ਹੈ ਤਾਂ ਹੀ ਕਿਤਾਬ ਉਸਨੂੰ ਦਿਤੀ ਸੀ। ਮੈਨੂੰ ਦੋ ਸ਼ੇਅਰ ਯਾਦ ਆਏ:

ਦੁਸ਼ਮਨੋਂ ਨੇ ਤੋ ਦੁਸ਼ਮਨੀ ਕੀ ਹੈ
ਦੋਸਤੋਂ ਨੇ ਵੀ ਕਿਆ ਕਮੀ ਕੀ ਹੈ!
ਦੋਸਤ ਭੀ ਦੋਸਤੀ ਨਹੀਂ ਕਰਤੇ
ਦੁਸ਼ਮਨੋਂ ਕਾ ਤੋ ਕੁਝ ਗਿਲਾ ਹੀ ਨਹੀਂ।

ਛਾਪੇ ਦੀਆਂ ਊਣਤਾਈਆਂ ਦੇ ਬਾਵਜੂਦ ਇਹ ਡਾਇਰੀ ਬਹੁਤ ਪੜ੍ਹਨ ਯੋਗ ਹੈ। ਵਾਰਤਕ ਲੋਕਾਂ ਦੇ ਬਹੁਤ ਨੇੜੇ ਹੈ ਕਿਉਂਕਿ ਇਹਦੀ ਸਿਰਜਣਾ ਸਮੇਂ ਲੋਕਾਂ ਤੋਂ ਦੂਰ ਹੋਈ ਅਜੋਕੀ ਪ੍ਰੋਫੈਸਰੀ-ਪੰਜਾਬੀ ਦਾ ਜਨਮ ਨਹੀਂ ਸੀ ਹੋਇਆ। ਥਾਂ ਥਾਂ ਖਿੜੇ ਲੋਕ-ਵਿਅੰਗ ਨੇ ਵਾਰਤਕ ਦੀ ਦਿਲਚਸਪੀ ਨੂੰ ਚਾਰ ਚੰਦ ਲਾ ਦਿਤੇ ਹਨ।

ਅੰਤ ਵਿਚ ਮੇਰਾ ਸਨਿਮ੍ਰ ਵਿਚਾਰ ਹੈ ਕਿ ਇਸ ਪੁਸਤਕ ਦਾ ਨਾਂ 'ਆਜ਼ਾਦ ਹਿੰਦ ਫੌਜ ਦੀ ਮੇਰੀ ਡਾਇਰੀ' ਸ਼ਾਇਦ ਵਧੇਰੇ ਸਹੀ ਹੁੰਦਾ।

**ਗੁਰਚਰਨ ਰਾਮਪੁਰੀ, ਵੈਨਕੂਵਰ**

## 'ਬਰਫ ਦਾ ਮਾਰੂਥਲ' (ਕਾਵਿ ਸੰਗ੍ਰਹਿ)

### ਲੇਖਕ: ਮੰਗਾ ਸਿੰਘ ਬਾਸੀ

ਪ੍ਰਕਾਸ਼ਕ: ਰਵੀ ਸਾਹਿਤ ਪ੍ਰਕਾਸ਼ਨ, ਅਮ੍ਰਿਤਸਰ

ਮੰਗਾ ਸਿੰਘ ਬਾਸੀ 'ਬਰਫ ਦਾ ਮਾਰੂਥਲ' ਕਾਵਿ ਸੰਗ੍ਰਹਿ ਦੀ ਰਚਨਾ ਕਰਕੇ ਸਾਹਿਤਕ ਜਗਤ ਵਿਚ ਪ੍ਰਵੇਸ਼ ਹੋਇਆ ਹੈ। ਇਹ ਲੇਖਕ ਦੀ ਪਹਿਲੀ ਕਿਰਤ ਹੈ ਜੋ 'ਰਵੀ ਸਾਹਿਤ ਪ੍ਰਕਾਸ਼ਨ' ਨੇ ਸੁੰਦਰ ਰੂਪ ਵਿਚ ਛਾਪੀ ਹੈ। ਇਸ ਸੰਗ੍ਰਹਿ ਵਿਚ ਲੇਖਕ ਦੀਆਂ ਪੈਂਤੀ ਕਵਿਤਾਵਾਂ, ਸੱਤ ਗਜ਼ਲਾਂ ਤੇ ਇਕ ਗੀਤ ਹੈ। ਇਸ ਸੰਗ੍ਰਹਿ ਦੀ 'ਪ੍ਰਵੇਸ਼ਕਾ' ਲਿਖਦਿਆਂ ਦਰਸ਼ਨ ਗਿੱਲ ਨੇ ਕਵੀ ਬਾਰੇ ਆਪਣਾ ਪ੍ਰਭਾਵ ਜੋ ਦਿੱਤਾ ਹੈ, ਉਸ ਨਾਲ ਸਹਿਮਤੀ ਪ੍ਰਗਟਾਉਣੀ ਸੁਭਾਵਕ ਹੈ। ਕਵਿਤਾਵਾਂ ਪੜ੍ਹਕੇ ਸਚਮੁੱਚ "ਇਕ ਅਜਿਹੇ, ਕਵੀ-ਮਨ ਦੀ ਝਲਕ ਅੱਖਾਂ ਸਾਹਮਣੇ ਆਉਂਦੀ ਹੈ ਜਿਸ ਵਿਚ ਸਾਗਰ ਵਰਗੀ ਵਿਸ਼ਾਲਤਾ ਹੈ, ਜੋ ਨੱਕੋ-ਨੱਕ ਭਰਿਆ ਵਲਵਲਿਆਂ ਦੀਆਂ ਲਹਿਰਾਂ ਨਾਲ ਸ਼ਰਾਸਾਰ ਹੋਕੇ, ਇਕ ਭਰਪੂਰਤਾ ਨੂੰ ਆਪਦਾ ਲਕਸ਼ ਮਿੱਥੀ ਬੈਠਾ ਹੈ।" ਉਹ ਸਮਝਦਾ ਹੈ ਕਿ ਕਵਿਤਾ, ਇਕ ਸੂਖਮ ਕਲਾ ਹੈ। ਇਸ ਦਾ ਸਬੰਧ ਮਨੁੱਖ ਦੇ ਸੂਖਮ ਭਾਵਾਂ ਨਾਲ ਹੈ ਤੇ ਸਮਾਜ ਵਿਚ ਵਿਚਰਦਿਆਂ, ਇਸ ਦੀ ਹੋਂਦ ਇਕ ਸਮਾਜਕ ਕਰਮ ਹੈ। ਕਵੀ ਮਨੋਭਾਵਾਂ ਨੂੰ ਅਭਿਅਕਤ ਕਰਨ ਵੇਲੇ, ਲੁਕਾਈ ਨਾਲ ਸਾਂਝ ਪਾਉਂਦਾ ਹੈ, ਭਾਵ ਨਿੱਜਵਾਦ ਦੇ ਸੰਕਲਪ ਨੂੰ ਤਿਲਾਂਜਲੀ ਦੇਕੇ 'ਅੱਸੀਂ' ਸ਼ਬਦ ਦੀ ਵਰਤੋਂ ਕਰਦਾ, ਲਿਖਣ ਦੇ ਸਾਹਿਤਕ ਮੰਤਵ ਨੂੰ ਉਜਾਗਰ ਕਰਦਾ ਹੈ।

ਅਸੀਂ ਗੀਤ ਲਿਖਾਂਗੇ ਦਰਦਾਂ ਦੇ
ਖੜ ਲੋਕ-ਕਚਹਿਰੀ ਗਾਵਾਂਗੇ
ਰੱਖ ਸੱਖਣੀ ਕਵਿਤਾ ਪੀੜਾਂ ਤੋਂ
ਬੇਦਰਦ ਕਹਾਕੇ ਜੀ ਲੈਣਾ। (ਗੀਤ/22)

ਇਵੇਂ ਹੀ ਲੇਖਕ 'ਕਲਮ ਦੀ ਲੋਅ' ਨਾਮੀ ਕਵਿਤਾ ਵਿਚ ਕਲਮ ਦਾ ਉਦੇਸ਼ ਬੜੇ ਭਾਵ ਪੂਰਤ ਢੰਗ ਨਾਲ ਪ੍ਰਗਟਾਉਂਦਾ ਹੈ:

ਕਲਮ; / ਤਲਵਾਰ ਦੀ ਐਸੀ ਧਾਰ ਏ
ਜੋ ਕਤਲ ਨਹੀਂ ਕਰਦੀ / ਸੋਚ ਨੂੰ ਜਨਮ ਦੇਂਦੀ ਏ।
ਸੋ ਕਲ੍ਹ ਦੇ ਸੂਰਜ ਨੇ / ਜਦ ਇਸ ਤੋਂ, ਚਾਨਣ ਲੈਕੇ
ਧੁੰਦਲੇ ਅਕਾਸ਼ ਵਿਚ / ਚੜ੍ਹਨਾ ਏ
ਤਾਂ ਨਰਮੇਂ ਦੇ ਫੁੱਟਾਂ / ਉੱਪਰ ਪਏ
ਕਾਲਖ ਦੇ ਛੱਬੇ ਚੁੱਗ ਲੈਣੇ ਨੇ (ਪੰਨਾ 85/86)

ਕਵੀ ਪੰਜਾਬ ਦੇ ਪੇਂਡੂ ਸਭਿਆਚਾਰ ਨੂੰ ਮਾਣਦਾ ਤੇ ਸਮਝਦਾ ਜਵਾਨ ਹੋਇਆ ਹੈ। ਵਿਕਸਤ ਪੂੰਜੀਵਾਦ ਦੇਸ਼ ਕੈਨੇਡਾ ਵਿਚ ਆਪਣੀ ਮਿਹਨਤ ਸ਼ਕਤੀ ਵੇਚਣ ਆਇਆ, ਆਪਣੇ ਦੇਸ ਦੀਆਂ ਡਿਗਰੀਆਂ ਨੂੰ ਲਕੜੀ ਦੀਆਂ ਮਿੱਲਾਂ ਦੀ ਭੇਟਾਂ ਚੜ੍ਹਦਿਆਂ ਵੇਖਕੇ ਅਹਿਸਾਸ ਦੀ ਤਪਸ਼ ਵਿਚੋਂ ਆਪਣੀ ਮਾਤ-ਭੂਮੀ ਤੋਂ ਉਮੀਦ ਰਖਦਾ ਹੈ। ਮਾਤ-ਭੂਮੀ ਜਿਸ ਸਾਮਰਾਜਵਾਦ ਤੋਂ ਰਾਜਸੀ ਅਜ਼ਾਦੀ ਤਾਂ ਪ੍ਰਾਪਤ ਕੀਤੀ ਹੈ ਪਰ ਆਰਥਕ ਗੁਲਾਮੀ ਤੇ ਨਾ ਬਰਾਬਰੀ ਕਾਰਣ ਭੋਗੇ 'ਪ੍ਰਵਾਸ' ਰੂਪੀ ਬਨਵਾਸ ਨੂੰ ਡੂੰਘਾਈ ਨਾਲ ਚਿਤਰਦਾ ਹੈ:

ਉਮੀਦ ਸੀ ਕਿ / ਮਾਤ-ਭੂਮੀ ਦੀ ਗੋਦੀ ਵਿਚ
ਅਪਣਤ ਦੀ ਖੇਡ ਖੇਡਦੇ ਗਭਰੂ
ਰੁਜਗਾਰ ਦੀ ਪੂਰਤੀ ਲਈ
ਵਿਦੇਸ਼ਾਂ ਵਿਚ ਲਾਚਾਰ ਨਹੀਂ ਹੋਣਗੇ (ਪੰਨਾ/90)

ਮੈਂਗਾ ਸਿੰਘ ਬਾਸੀ 'ਪ੍ਰਵਾਸੀ' ਨਾਮੀ ਕਵਿਤਾ ਵਿਚ ਆਪਣੀ ਮਾਤ-ਭੂਮੀ ਮੁੜ ਜਾਣ ਦੀ ਉਮੰਗ ਰੱਖਦਾ ਹੈ। ਆਮ ਪ੍ਰਵਾਸੀਆਂ ਵਾਸਤੇ ਜੋ ਮ੍ਰਿਗ-ਤ੍ਰਿਸ਼ਨਾ ਬਣ ਕੇ ਰਹਿ ਗਈ ਹੈ। ਉਦਰੇਵੇਂ ਨੂੰ ਹੰਡਾਉਂਦਾ ਲਿਖਦਾ ਹੈ:

ਬਸ ਹੁਣ ਮੁੜ ਹੀ ਜਾਣਾ ਏ / ਖੇਤਾਂ ਦੇ ਬੰਨੀ
ਹਥੀਂ ਲਾਏ ਬੂਟਿਆਂ ਦੇ ਕੰਨੀ
ਪਾਉਣੀ ਹੈ ਜਾਕੇ,
ਪ੍ਰਵਾਸੀ ਜੀਵਨ ਦੀ ਦਾਸਤਾਨ। (ਪੰਨਾ/80)

ਪ੍ਰਵਾਸੀ ਜੀਵਨ ਭੋਗਦਾ ਪੱਛਮੀ ਸਭਿਆਚਾਰ ਦੀ ਕਾਮ ਵਿਚ ਗ੍ਰਸੀ ਜ਼ਿੰਦਗੀ ਨੂੰ ਅੰਕਿਤ ਕਰਦਾ ਹੈ। ਇਸ ਜ਼ਿੰਦਗੀ ਦੀ ਆਪਣੇ ਪਿੰਡ ਦੀ ਜ਼ਿੰਦਗੀ ਨਾਲ ਤੁਲਨਾ ਕਰਦਾ ਕਵੀ ਆਪਣੀ ਕਲਮੀ ਬਚਨ-ਬੱਧਤਾ ਬੜੇ ਖ਼ੂਬਸੂਰਤ ਢੰਗ ਨਾਲ ਪੇਸ਼ ਕਰਦਾ ਹੈ ਤੇ ਜਮਾਤੀ ਸਮਾਜ ਵਿਚ ਲਤਾੜੀ ਜ਼ਿੰਦਗੀ ਦੇ ਹੱਕ ਵਿਚ ਖਲੋਂਦਾ ਹੈ:

ਮੈਂ ਕਿਵੇਂ ਉੱਚੀਆਂ ਇਮਾਰਤਾਂ ਦੇ
ਗੀਤਗਾਵਾਂ ਦੋਸਤੋ?
ਮੇਰੀ ਤਾਂ ਕਲਮ ਨੇ ਅਜੇ
ਸੜਕਾਂ ਦੇ ਉੱਤੇ
ਅਸਮਾਨ ਦੀ ਛੱਤ ਹੇਠਾਂ ਸੁੱਤੇ
ਤੁਰਦੀ ਫਿਰਦੀ ਲਾਸ਼ ਜਿਹੀ
ਜ਼ਿੰਦਗੀ ਵਾਰੇ ਲਿਖਣਾ ਏ। (ਪੰਨਾ/95)

ਮੈਂਗਾ ਸਿੰਘ ਬਾਸੀ ਪੱਛਮੀ ਜ਼ਿੰਦਗੀ ਵਿੱਚੀਂ ਵਿਚਰਦਾ ਆਪਣੀ ਮਾਤ-ਭੂਮੀ ਦੀ ਅਖੰਡਤਾ ਤੇ ਏਕਤਾ ਲਈ ਚਿੰਤਾ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਪ੍ਰਭਾਵਸ਼ਾਲੀ ਬਿੰਬਾ ਦੀ ਵਰਤੋਂ ਕਰਦਾ ਹੈ। ਜਿਵੇਂ ਕਲਪਣਾ ਤੋਂ ਹੀ ਕਵਿਤਾ ਦਾ ਸੁਭਾ ਦਾ ਪਤਾ ਲਗਦਾ ਹੈ - ਇਵੇਂ ਹੀ ਕਲਪਣਾ ਹੀ ਕਵਿਤਾ ਦੇ ਅਲੰਕਾਰਾਂ ਦਾ ਆਧਾਰ ਹੁੰਦੀ ਹੈ। ਕਵੀ ਪੰਜਾਬ ਦੇ ਸੰਤਾਪ ਨੂੰ ਅਨੁਭਵ ਕਰਦਾ ਫਿਰਕੂ ਜਨੂੰਨੀਆਂ, ਅਤਿਵਾਦੀਆਂ ਤੇ ਮੂਲਵਾਦੀਆਂ ਬਾਰੇ ਦਲੀਲ ਭਰਪੂਰ ਮਨੋਭਾਵਾਂ ਨੂੰ ਪ੍ਰਗਟਾਉਂਦਾ ਹੈ:

'ਵਤਨਾਂ' ਤੋਂ ਖਤ ਆਇਆ,
ਲੋਕੀ ਸਹਿਮੇਂ-ਸਹਿਮੇ ਖੋਲਣ।
ਜਾਪਣ ਸ਼ਬਦਾਂ ਦੇ ਅੰਬਰ ਤੇ,
ਦਹਿਸ਼ਤ ਬਦਲ-ਵਾਈਆ। (ਪੰਨਾ/101)

'ਸਾਂਝ' ਨਾਮੀ ਕਵਿਤਾ ਵਿਚ ਕਵੀ ਦੀ ਸੂਝ ਤੇ ਸਕੰਲਪ ਤੇ ਮਨੋਭਾਵ ਦਰਿਆ ਦੀਆਂ ਲਹਿਰਾਂ ਵਾਂਗ ਆਪ ਮੁਹਾਰੇ ਤੁਰਦੇ ਹਨ:

ਸਾਡਾਂ ਖੇਡਣਾ ਸਾਡਾਂ ਨੱਚਣਾ
ਸਾਡਾਂ ਦੁੱਖ ਵੰਡਾਉਣਾ।
ਸਾਂਝ ਹੈ ਪਿਆਰ ਦੀ ਕਵਿਤਾ ਲਿਖਣੀ
ਸਾਂਝ ਨਹੀਂ ਫਿਰਕੂ ਗਾਉਣਾ।
ਸਾਂਝ ਨਹੀਂ ਹੈ ਜ਼ਹਿਰ ਫੈਲਾਉਣੀ
ਸਾਂਝ ਹੈ ਇਕੱਠ ਦਾ ਬੂਟਾ ਲਾਉਣਾ
ਇਕ ਦੂਜੇ ਵਿਚ ਘੁਲ-ਮਿਲ ਜਾਣਾ
ਨਹੀਂ ਲਹੂਆਂ ਵਿਚ ਨਹਾਉਣਾ। (ਪੰਨਾ/54)

ਪੰਜਾਬੀ ਇਤਿਹਾਸਕ ਪਿਛੋਕੜ ਤੇ ਮਨੁੱਖੀ ਸਾਂਝ ਦੀਆਂ ਪੀੜੀਆਂ ਰੀਂਦਾਂ ਨੂੰ ਗਜ਼ਲ ਦੇ ਸ਼ੇਅਰ ਰਾਹੀ ਵੀ ਪੇਸ਼ ਕਰਦਾ ਹੈ:

ਇਕ ਥਾਂ ਜਨਮੇ, ਇਕ ਥਾਂ ਖੇਡੇ,
ਇਕ ਥਾਂ ਵਿਕਸਤ ਹੋਏ ਨੇ।
ਮਜ਼ਬਾਂ ਦਾ ਬੁਰਕਾ ਪਾ ਦੇਖੋ,
ਫਿਰਕੂ ਨਾਮ ਜਪਾਉਂਦੇ ਲੋਕ। (ਪੰਨਾ /75)

ਸਮਾਜਕ ਯਥਾਰਥ ਦਾ ਆਧਾਰ ਅਨੁਭਵ ਉੱਪਰ ਨਿਰਭਰ ਹੁੰਦਾ ਹੈ। ਜਿੱਥੇ ਸਾਹਿਤਕਾਰਾ ਦਾ ਅਨੁਭਵ ਦਾ ਖੇਤਰ ਸੋੜਾ ਹੁੰਦਾ ਹੈ, ਉਥੇ ਯਥਾਰਥ ਲਈ ਬਹੁਤੀ ਥਾਂ ਨਹੀਂ ਹੁੰਦੀ। ਕਵੀ ਆਪਣੇ ਪਿੰਡ, ਸੂਬੇ, ਦੇਸ ਤੇ ਪੱਛਮੀ ਦੇਸਾਂ ਵਿਚਲੇ ਯਥਾਰਥ ਨੂੰ ਲੱਭਦਾ, ਨਰੀਖਣ ਕਰਦਾ ਹੈ ਕਿ ਰੰਗ, ਨਸਲ, ਧਰਮ, ਤੇ ਜਾਤੀਵਾਦ ਦੇ ਵਿਚਾਰ ਮਨੁੱਖੀ ਸਾਂਝ ਪਿਆਰ ਸ਼ਾਂਤੀ ਤੇ ਸੁਤੰਤਰਤਾ ਭਰਪੂਰ ਜ਼ਿੰਦਗੀ ਨੂੰ ਨਫਰਤ, ਤੇ ਦਹਿਸ਼ਤ ਦੀ ਭੱਠੀ ਵਿਚ ਝੋਕ ਰਹੇ ਹਨ। ਉਹ ਸਮਝਦਾ ਹੈ ਕਿ ਇਸ ਜਮਾਤੀ ਸਮਾਜ ਵਿਚ ਲਤਾੜੇ ਜਾਂਦੇ ਲੋਕਾਂ ਦੀ ਸੋਚ ਇਕ 'ਮਟੀਰੀਅਲ ਫੋਰਸ' ਹੈ ਜੋ ਕਦੇ ਨਹੀਂ ਮਰਦੀ:

ਕੌਣ ਕਹਿੰਦਾ ਏ ਕਿ/ ਜਿਸਮ ਦਾ ਮਰਨਾ
ਸੋਚ ਦੀ ਮੌਤ ਏ (ਪੰਨਾ/50)

ਇਵੇਂ ਹੀ ਸਾਊਥ ਅਫਰੀਕਾ ਦੀ ਫਾਸ਼ੀ ਤੇ ਨਸਲਵਾਦੀ ਸਰਕਾਰਾਂ ਵਿਰੁੱਧ, ਸੁਤੰਤਰਤਾ ਘੁਲਾਟੀਏ 'ਨੈਲਸਨ ਮੰਡੇਲਾ' ਦੀ ਰਿਹਾਈ ਸਮੇਂ 'ਹੱਕ ਦਾ ਸੂਰਜ' ਨਾਮੀ ਕਵਿਤਾ ਵਿਚ ਸੋਚ ਦੀ ਪਦਾਰਥਕ ਅਹਿਮੀਅਤ ਕਲਾਮਈ ਢੰਗ ਨਾਲ ਚਿਤਰਦਾ ਹੈ।

ਸੋਚ ਦੀਆਂ ਰਿਸ਼ਮਾ ਨੂੰ
ਔੜ ਦੇ ਬਦਲਾਂ ਕੀ ਥੰਮਣਾ ਸੀ
ਆਖ਼ਿਰ ਤਾਂ ਕਿਰਨਾਂ ਨੇ / ਧਰਤੀ ਦੇ ਮੱਥੇ ਦਾ
ਚੁੰਮਣ ਲੈਣਾ ਹੀ ਸੀ। (ਪੰਨਾ 74)

ਕਵੀ ਨੇ 'ਅੰਗਿਆਰ' ਤੇ 'ਅਮਨ ਨਦੀ ਵਿਚ ਤਰੀਏ' ਨਾਮੀ ਕਵਿਤਾਵਾਂ ਵਿਚ ਜੰਗ-ਬਾਜਾਂ ਨੂੰ ਲੋਕਾਂ ਦੇ ਵੈਰੀ ਦਰਸਾਉਂਦਾ, ਪ੍ਰਮਾਣੂ ਹਥਿਆਰਾਂ ਦੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ। ਅਜਿਹੇ ਹਥਿਆਰਾਂ ਦੀ ਹੋਂਦ ਸਮੁੱਚੀ ਮਨੁੱਖਤਾ ਨੂੰ ਸਰਵਨਾਸ਼ ਕਰ ਸਕਦੀ ਹੈ। ਉਹ ਸ਼ਾਂਤੀ ਲਹਿਰ ਨੂੰ ਤਕੜਾ ਕਰਨ ਲਈ ਪ੍ਰੇਰਦਾ ਹੈ:

ਸੁੱਤੇ ਉਠੋ, ਧਰਤੀ ਦੇ ਲੋਕੋ
ਜੰਗਬਾਜਾਂ ਤੋਂ ਨਫਰਤ ਕਰੀਏ
ਜੰਗਬਾਜ ਲੋਕਾਂ ਦੇ ਵੈਰੀ
ਮਾਸਖੋਰ ਜਰਵਾਣੇ।

ਆਧੁਨਿਕ ਯੁੱਗ ਵਿਚ ਲਤਾੜੇ ਤੇ ਨਪੀੜੇ ਜਾਂਦੇ ਲੋਕਾਂ ਦਾ ਜਨਮ ਸੁਧਾਰਨ ਲਈ ਜੰਗ ਦੇ ਅਰਥ ਹੋਰ ਹਨ, ਜਿਵੇਂ ਰੂਸ ਤੇ ਚੀਨ ਵਿਚਲੇ ਯੁਧਾਂ ਵਿਚ ਜਨਤਾ ਜਿੱਤੀ ਹੈ। ਅਜਿਹੀ ਜੰਗ 'ਬੇਸਮਝੀ' ਦੀ ਪੈਦਾਵਾਰ ਨਹੀਂ ਹੁੰਦੀ। ਮੈਂਗਾ ਸਿੰਘ ਬਾਸੀ ਦੀ ਗਜ਼ਲ ਦਾ ਸ਼ੇਅਰ ਬੜਾ ਅਰਥ ਭਰਪੂਰ ਹੈ:

ਰਿਸਦੇ ਫੱਟ ਪੰਜਾਬ ਦੇ
ਅਲੜੇ ਸੀਨੇ ਛੇਕ
ਵੈਦਾਂ ਮਾਰੇ ਜੰਦਰੇ
ਕਿਹੜਾ ਕਰੇ ਟਕੋਰ। (ਪੰਨਾ 102)

ਦਰਸ਼ਨ ਗਿੱਲ ਨੇ ਠੀਕ ਕਿਹਾ ਹੈ ਕਿ ਕਵੀ ਨੇ ਸਮਾਜਕ ਵਿਰੋਧ ਨੂੰ ਚਾਨਣ ਤੇ ਕਾਲਖ, ਸੂਰਜ ਤੇ ਹਨ੍ਹੇਰਾ, ਪੁੰਨਿਆ ਤੇ ਮੱਸਿਆ, ਦਿਨ ਤੇ ਰਾਤ ਦੇ ਸੰਦਰਭ ਵਿਚ ਰੱਖਕੇ ਤੇ ਸੁੰਦਰ ਬਿੰਬਾਂ ਦੀ ਵਰਤੋ ਕਰਦਿਆਂ ਕਾਲੀਆ ਤੇ ਦਾਊ ਸ਼ਕਤੀਆਂ ਵਿਰੁੱਧ ਜ਼ਿੰਦਗੀ ਵਿਚ ਸਾਹਸ, ਹੌਸਲਾ ਤੇ ਸੁਮੇਲ ਪੈਦਾ ਕਰਨ ਦੇ ਯਤਨ ਕੀਤੇ ਹਨ। ਛੰਦ ਕਵਿਤਾ ਦਾ ਸਰੀਰ ਹੁੰਦਾ ਹੈ। ਉਹ ਵੀ ਇਸਤਰੀ ਰੂਪ ਵਾਕਰ। ਜਿਹੜੀਆਂ ਕਵਿਤਾਵਾਂ ਵਿਚ ਕਵੀ ਨੇ ਛੰਦਾ-ਬੰਦੀ ਸੀ ਵਰਤੋ ਕੀਤੀ ਹੈ ਉਹ ਕਵਿਤਾਵਾਂ ਪ੍ਰਭਾਵਸ਼ਾਲੀ ਹੋ ਨਿਬੜੀਆਂ ਹਨ। 'ਹਵਾ ਦੇ ਬੁਲ੍ਹੇ ਨੂੰ' ਨਾਮੀਂ ਕਵਿਤਾ, ਵਿਚੋਂ ਨਮੂਨੇ ਵਜੋਂ ਕੁਝ ਸਤਰਾਂ ਪ੍ਰੋੜਤਾ ਲਈ ਪੇਸ਼ ਕਰ ਰਿਹਾ ਹਾਂ:

ਇਕ ਗੱਲ ਹੋਰ ਦਸੀਂ ਪਿੰਡ ਦਿਆਂ ਲੋਕਾਂ ਤਾਂਈਂ
ਘਰੋ ਘਰੀਂ ਜਾਕੇ ਹਾਕ੍ਹਾਂ ਮਾਰ।
ਸੱਪਾਂ ਦੀਆਂ ਲੀਕਾਂ ਨੂੰ ਮਿਟਾਉਣਾ ਲੋਕ-ਕਾਫਲੇ ਨੇ
ਚਲਦੀ ਨਹੀਂ ਜ਼ਹਿਰ ਦੀ ਕਟਾਰ
ਵਰਮ੍ਹੀ ਦੁਆਲੇ ਜਦੋਂ ਮੋਰ ਆਣ ਬੋਲੇ
ਨੱਚ ਪੈਣਾ ਉਦੋਂ ਅੰਬਰ ਪਤਾਲ
ਸਾਡੇ ਦੇਸ ਵਲੋਂ ਆਏ
ਹਵਾ ਦੇ ਬੁਲ੍ਹਿਆ ਵੇ
ਦਸੀਂ ਸਾਡੇ ਪਿੰਡ ਦਾ ਕੀ ਹਾਲ। (ਪੰਨਾ 88)

ਮੈਂਗਾ ਸਿੰਘ ਬਾਸੀ 'ਬਰਫ਼ ਦੇ ਮਾਰੂਥਲ' ਵਿਚ (ਭਾਵ ਵਿਕਸਤ ਸਰਮਾਏਦਾਰੀ ਦੇਸ) ਵਿਚ ਜ਼ਿੰਦਗੀ ਨੂੰ ਪਿਆਰਦਾ, ਉਸ ਨਾਲ ਘੋਲ ਕਰਦਾ, ਨਿਤਾਣੇ ਤੇ ਨਿਆਰੇ, ਲਤਾੜੇ ਤੇ ਨਪੀੜੇ ਲੋਕਾਂ ਦੀ ਜ਼ਿੰਦਗੀ ਨਾਲ ਸਾਂਝ ਪਾਉਂਦਾ ਵਿਸ਼ਵ ਨੂੰ ਕਲਾਵੇ ਵਿਚ ਲੈਂਦਾ ਹੈ। ਕਵੀ ਕੋਲ ਕਵਿਤਾ ਲਿਖਣ ਦਾ ਬਲ ਹੈ। ਭਵਿੱਖ ਵਿਚ ਸਮਾਜਕ ਚੇਤੰਨਤਾ ਵਿਚ ਡੂੰਘਾਈ, ਇਸ ਕਵੀ ਨੂੰ ਮੁਹਰਲੇ ਕਤਾਰ ਦੇ ਕਵੀਆਂ ਵਿਚ ਖੜਾ ਕਰੇਗੀ। ਕਵੀ ਦੀ ਇਸ ਪਲੇਠੀ ਕਿਰਤ ਦਾ ਪਾਠਕ ਜਰੂਰ ਨਿੱਘਾ ਸੁਆਗਤ ਕਰਨਗੇ।

**(ਅਵਤਾਰ ਸਾਦਿਕ, ਇੰਗਲੈਂਡ)**

# ਪ੍ਰਸ਼ਨ ਤੇ ਪਰਵਾਜ਼/ਦੇਵ

## ਸੁਰਜੀਤ ਕਲਸੀ

ਅਚਾਨਕ ਜਦੋਂ ਕੋਈ ਪੈਕੇਜ ਮਿਲਦਾ ਹੈ ਤਾਂ ਉਹ ਦੇਵ ਦਾ ਹੀ ਹੁੰਦਾ ਹੈ। ਉਸ ਵਿਚ ਉਸਦੀਆਂ ਅੰਗ੍ਰੇਜ਼ੀ ਵਿਚ ਛਪੀਆਂ ਕਵਿਤਾਵਾਂ, ਨਜ਼ਮਾਂ ਦੇ ਨਾਲ ਰੰਗ ਚਿੱਤਰ ਤੇ ਕਲਾ ਪ੍ਰਦਰਸ਼ਨੀ ਦੇ ਚਿੱਤਰ ਤੇ ਪ੍ਰਦਰਸ਼ਨੀ ਲਈ ਸੱਦਾ ਪੱਤਰ ਤੇ ਅਜਿਹਾ ਹੀ ਕਲਾਤਮਕ ਨਿਕਸੁਕ ਹੁੰਦੈ। ਪਿਛਲੀ ਵਾਰ ਮਤਾਬੀ ਮਿੱਟੀ ਵੀ ਇਵੇਂ ਹੀ ਮਿਲੀ ਸੀ। ਇਸ ਵਾਰ ਪੈਕੇਜ ਖਹੋਲਿਆਂ ਤਾਂ ਕਵਿਤਾਵਾਂ ਕਲਾ ਪ੍ਰਦਰਸ਼ਨੀ ਦੀਆਂ ਤਸਵੀਰਾਂ ਦੇ ਨਾਲ ਨਾਲ 'ਪ੍ਰਸ਼ਨ ਤੇ ਪਰਵਾਜ਼' ਤੇ ਉਸ ਉੱਤੇ ਦਿੱਲੀ ਯੂਨੀਵਰਸਿਟੀ ਵਿਚ ਹੋਈ ਗੋਸ਼ਟੀ ਦੇ ਪਰਚਿਆਂ ਦੀ ਪਤਰਕਾ ਸੀ।

ਪ੍ਰਸ਼ਨ ਤੇ ਪਰਵਾਜ਼ ਹੱਥ ਵਿਚ ਫੜ ਕੇ ਇਕ ਅਜੀਬ ਜਿਹੀ ਖੁਸ਼ੀ ਤੇ ਸਕੂਨ ਹੋਇਆ ਕਿ ਪੰਜਾਬੀ ਵਿਚ ਅਜਿਹੀ ਖ਼ੂਬਸੂਰਤ ਪੁਸਤਕ ਦਾ ਛਪਣਾ ਇਕ ਸ਼ੁਭ ਸ਼ਗਨ ਹੈ। ਦੋ ਸੌ ਵੀਹ ਪੰਨਿਆਂ ਦੀ ਇਹ ਪੁਸਤਕ ਨਾਗਮਣੀ ਪ੍ਰਕਾਸ਼ਨ ਨਵੀਂ ਦਿੱਲੀ ਵਲੋਂ ਬੜੀ ਰੀਝ ਨਾਲ ਪ੍ਰਕਾਸ਼ਤ ਕੀਤੀ ਹੋਈ ਹੈ। ਦੇਵ ਨੇ ਇਹ ਪੁਸਤਕ 'ਅਮ੍ਰਿਤਾ ਤੇ ਇਮਰੋਜ਼ ਲਈ' ਸਮਰਪਿਤ ਕੀਤੀ ਹੈ। ਪੁਸਤਕ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਕਵਿਤਾ 'ਜਗਦੇ ਬੁਝਦੇ ਅਖੱਰ' ਨਾਲ ਸ਼ੁਰੂ ਹੁੰਦੀ ਹੈ ਜਿਸ ਵਿਚ ਉਹ ਲਿਖਦੇ ਹਨ:

'ਜਿੰਨ੍ਹਾਂ ਸ਼ਾਇਰਾਂ ਦੇ ਅੱਖਰਾਂ ਨੂੰ ਅੱਗ ਦੀ ਅਸੀਸ ਮਿਲਦੀ ਏ, ਦੇਵ ਉਨ੍ਹਾਂ ਸ਼ਾਇਰਾਂ ਵਿਚ ਹੈ ਇਸ ਲਈ ਜਦੋਂ ਆਖਦਾ ਏ-

ਸਭ ਕੁਝ ਹਾਰ ਗਿਆ ਹਾਂ ਮੈਂ - ਦੇਸ਼, ਸ਼ਬਦ, ਘਰ...' ਤਾਂ ਉਹ ਹਾਰਿਆ ਹੋਇਆ ਵੀ ਹੱਸ ਕੇ ਆਪਣੇ ਝੋਲੇ ਵਿਚ ਹੱਥ ਪਾਉਂਦਾ ਏ ਆਖਦਾ ਏ 'ਪਰ ਅਜੇ ਮੇਰੇ ਕੋਲ ਸਫ਼ਰ, ਸੁਪਨਾ ਤੇ ਚਿੱਟਾ ਖੰਭ ਹੈ' - ਉਦੋਂ ਤੁਸੀਂ ਵੇਖ ਸਕਦੇ ਹੋ ਕਿ ਉਸੇ ਚਿੱਟੇ ਖੰਭ ਵਿਚ ਅੱਗ ਲੁਕਾ ਕੇ ਜਦੋਂ ਉਹਦੀ ਕਵਿਤਾ ਦੇ ਅਖਰ ਤੁਹਾਡੇ ਅਹਿਸਾਸ ਦੀਆਂ ਝਾੜੀਆਂ ਵਿਚੋਂ ਲੰਘਦੇ ਨੇ -ਤਾਂ ਉਥੇ ਚਾਨਣ ਦੀ ਲੀਕ ਪਾ ਜਾਂਦੇ ਨੇ...।

ਕਲਪਨਾ ਦੀ ਉੱਚੀ ਉਡਾਰੀ ਵਿਚੋਂ ਲਿਖੀਆਂ ਦੇਵ ਦੀਆਂ ਕਵਿਤਾਵਾਂ ਨਾਗਮਣੀ 'ਚੋਂ ਪੜ੍ਹਨ ਦਾ ਮੌਕਾ ਮਿਲ ਚੁੱਕਾ ਸੀ ਪਰ ਦੇਵ ਨੂੰ ਪਹਿਲੀ ਵਾਰ 1977 ਵਿਚ ਮਿਲਣ ਦਾ ਮੌਕਾ ਮਿਲਿਆ। ਉਸਦੇ ਘਰ ਦਿੱਲੀ ਵਿਚ, ਮੇਰੇ ਨਾਲ ਮੇਰੀ ਧੀ ਸੁਰਤੀ ਸੀ ਜੋ ਉਦੋਂ ਢਾਈ ਸਾਲਾਂ ਦੀ ਸੀ। ਦੇਵ ਦੀ ਪਤਨੀ ਜੁਗਿੰਦਰ ਤੇ ਉਨ੍ਹਾਂ ਦਾ ਲੜਕਾ ਗੋਗਾ ਜੋ ਉਦੋਂ ਸ਼ਾਇਦ ਛੇ ਕੁ ਸਾਲ ਦਾ ਸੀ ਬੜੇ ਤਪਾਕ ਨਾਲ ਮਿਲੇ। ਉਸ ਮੌਕੇ ਤੇ ਦਿੱਲੀ ਦੇ ਕੁਝ ਹੋਰ ਲੇਖਕ ਵੀ ਇਕੱਤਰ ਹੋਏ ਹੋਏ ਸਨ। ਦੇਵ ਦੇ ਘਰ ਮੇਲਾ ਲੱਗਾ ਹੋਇਆ ਸੀ ਤੇ ਜੁਗਿੰਦਰ ਨੇ ਸਾਰਿਆਂ ਲਈ ਚਾਹ ਪਾਣੀ ਦਾ ਇੰਤਜਾਮ ਕੀਤਾ ਹੋਇਆ ਸੀ। ਅਪ੍ਰੈਲ ਦੀ ਗਰਮੀ ਵਾਲਾ ਦਿਨ ਸੀ। ਦੇਵ ਦੇ ਘਰ ਦਾ ਸਾਰਾ ਵੇਹੜਾ ਤੇ ਅੱਧਾ ਬ੍ਰਾਂਡਾ ਧੁੱਪ ਨਾਲ ਦਗ ਰਹੇ ਸਨ। ਪੇਂਟਿੰਗਾਂ ਦੇਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਦੇਵ ਦੇ ਕਦਮਾਂ ਵਿਚ ਇਕ ਅਥਾਹ ਫੁਰਤੀ ਆ ਗਈ। ਉਸਨੇ ਅੱਧੀ ਛਾਂ ਵਾਲਾ ਬ੍ਰਾਂਡਾ ਸਾਰਾ ਪੇਂਟਿੰਗ ਦੀ ਪ੍ਰਦਰਸ਼ਨੀ ਲਾ ਕੇ ਭਰ ਦਿੱਤਾ। ਉਹ ਭੱਜ ਕੇ ਜਾਂਦਾ ਇਕ ਤੋਂ ਵੱਧ ਇਕ ਵੱਡੇ ਛੋਟੇ ਆਕਾਰ ਦੀਆਂ ਪੇਂਟਿੰਗਾਂ ਚੁੱਕੀ ਆਉਂਦਾ ਉਸਦੇ ਨਾਲ ਸੁਰਤੀ ਤੇ ਗੋਗਾ ਵੀ ਭੱਜੇ ਫਿਰਦੇ ਸਨ। ਇੰਜ ਲੱਗਾ ਉਸਨੇ ਨਿਰਸੰਕੋਚ ਸਭ ਕੁਝ ਸਾਹਮਣੇ ਰਖ ਦਿਤਾ ਸੀ। ਉਹ ਇਕ ਹਕੀਕਤ ਵਰਗਾ ਪੱਲ ਸੀ। ਜਿਵੇਂ ਗੁਰਬਚਨ ਲਿਖਦਾ ਹੈ:

'ਜਦੋਂ ਦੇਵ ਤੁਹਾਨੂੰ ਮਿਲਦਾ ਹੈ ਤਾਂ ਸਿਰਫ਼ ਤੁਹਾਡਾ ਹੁੰਦਾ ਹੈ। ਅਗਲੇ ਪਲ ਸੰਭਵ ਹੈ, ਉਸ ਨੂੰ ਯਾਦ ਨਾ ਰਹੇ ਕਿ ਤੁਸੀਂ ਉਸ ਨੂੰ ਮਿਲੇ ਵੀ ਸੀ। ਹਰ ਗੁਜ਼ਰ ਰਿਹਾ ਪਲ ਉਸ ਲਈ ਇਕ ਮੁਕੰਮਲ ਹਕੀਕਤ ਹੈ। ਇਸ ਨੂੰ ਤੀਬਰ ਹੋ ਕੇ ਜਿਉਂਦਾ ਹੈ। ਹਰ ਪਲ ਸਿਰਫ ਉਸ ਪਲ ਨੂੰ ਹੀ ਸਮਰਪਿਤ ਹੈ।'

ਮੈਨੂੰ ਲੱਗਾ ਇਸ ਪਲ, ਜਿਸ ਪਲ ਉਹ ਆਪਣੀਆਂ ਪੇਂਟਿੰਗਾਂ ਦੀ ਪ੍ਰਦਰਸ਼ਨੀ ਬ੍ਰਾਂਡੇ ਵਿਚ ਲਾ ਰਿਹਾ ਸੀ, ਦੀ ਸ਼ਿਦੱਤ ਏਨ੍ਹੀ ਸੀ ਕਿ ਉਸਦੀ ਤਾਬ ਝਲਣੀ ਔਖੀ ਸੀ। ਉਹ ਇਕ ਪਲ ਕਵੀ ਸੀ ਉਹ ਇਕ ਪਲ ਕਲਾਕਾਰ ਸੀ। ਉਸਦੀਆਂ ਪੁਸਤਕਾਂ 'ਮੇਰੇ ਦਿਨ ਦਾ ਸੂਰਜ', 'ਵਿਦਰੋਹ', 'ਦੂਸਰੇ ਕਿਨਾਰੇ ਦੀ ਤਲਾਸ਼' ਕੈਨੇਡਾ ਆ ਕੇ ਪੜ੍ਹੀਆਂ ਤੇ ਇਨ੍ਹਾਂ 'ਚੋਂ ਕੁਝ ਕਵਿਤਾਵਾਂ ਦੇ ਅੰਗ੍ਰੇਜ਼ੀ ਅਨੁਵਾਦ ਵੀ ਕੀਤੇ। ਜਦੋਂ ਮੈਂ 'ਵੀਰਾ' ਦਾ ਅਨੁਵਾਦ ਕਰ ਰਹੀ ਸਾਂ ਇਹ ਕਵਿਤਾ ਇਕ ਆਵਾਜ਼ ਬਣ ਕੇ ਮੇਰੇ ਜ਼ਿਹਨ ਵਿਚ ਕਿਧਰੇ ਅਟਕ ਗਈ....ਤੇ ਸ਼ਾਇਦ ਅਜੇ ਵੀ ਅਟਕੀ ਹੋਈ ਹੈ...

ਦੇਵ... ਦੇਵ... ਦੇਵ...।

ਫਿਰ ਕੁੱਝ ਸਾਲ ਹੋਏ ਲੋਅ ਵਿਚ ਮੇਰੀ ਕਵਿਤਾ ਦੂਸਰੇ ਕਿਨਾਰੇ ਤੋਂ ਘਰ ਛਪੀ ਜੋ ਨਿਰੀ ਪੂਰੀ ਦੇਵ ਦੀ ਕਵਿਤਾ ਦਾ ਹੀ ਅਸਰ ਸੀ ਸ਼ਾਇਦ ਉਦੋਂ ਬਿਲਕੁਲ ਖਿਆਲ ਹੀ ਨਹੀਂ ਸੀ ਅਚੇਤ ਹੀ ਇਹ ਕਵਿਤਾ ਮੈਥੋਂ ਲਿਖ ਹੋ ਗਈ। ਖੈਰ, ਫਿਰ ਪਤਾ ਲੱਗਾ ਦੇਵ ਜਰਮਨ ਆ ਗਿਆ, ਫਿਰ ਸਵਿਟਜ਼ਰਲੈਂਡ, ਪੈਰਿਸ ਉਸਦੀਆਂ ਪ੍ਰਦਰਸ਼ਨੀਆਂ ਬਾਹਰਲੇ ਮੁਲਕਾਂ ਵਿਚ ਲੱਗਣ ਲੱਗ ਪਈਆਂ। ਉਸਦੇ ਪੈਕੇਜਨੁਮਾ ਖ਼ਤੋ ਕਿਤਾਬਤ ਤੋਂ ਪਤਾ ਲਗਦਾ ਰਿਹਾ ਕਿ ਉਸਦੇ ਪੈਰ ਵਿਚ ਖ਼ਾਨਾਬਦੋਸ਼ ਵਾਲਾ ਚੱਕਰ ਹੈ...।ਦੇਵ ਦੀਆਂ ਪੇਂਟਿੰਗਜ਼ ਦੀਆਂ ਪ੍ਰਦਰਸ਼ਨੀਆਂ ਕਦੀ ਪੈਰਿਸ, ਕਦੀ ਨੀਸ, ਤੇ ਕਦੀ ਮੈਕਸੀਕੋ ਵਿਚ ਲੱਗਦੀਆਂ ਰਹੀਆਂ ਤੇ ਹੁਣ ਵੀ ਲੱਗ ਰਹੀਆਂ ਹਨ ਲਗਾਤਾਰ। ਦੋ ਕੁ ਹਫਤੇ ਹੋਏ ਉਸਦਾ ਫੋਨ ਆਇਆ ਕਿ ਉਹ ਭਾਰਤ ਤੋਂ ਹੁਣੇ ਹੀ ਆਇਆ ਹੈ ਤੇ ਛੇਤੀ ਹੀ ਆਉਂਦੀਆਂ ਗਰਮੀਆਂ ਵਿਚ ਮੈਕਸੀਕੋ ਆਏਗਾ।

ਇਨ੍ਹਾਂ ਪ੍ਰਦਰਸ਼ਨੀਆਂ ਦੇ ਭ੍ਰਮਣ ਦੇ ਨਾਲ ਨਾਲ ਦੇਵ ਦੀ ਕਵਿਤਾ ਵੀ ਸਿਖਰਾਂ ਤੇ ਪਹੁੰਚਦੀ ਗਈ। ਕੁਝ ਸਾਲ ਪਹਿਲਾਂ 'ਮਤਾਬੀ ਮਿੱਟੀ' ਤੇ ਹੁਣ 'ਪ੍ਰਸ਼ਨ ਤੇ ਪਰਵਾਜ਼' ਦਾ ਛਪਣਾ ਪੰਜਾਬੀ ਕਵਿਤਾ ਤੇ ਖਾਸ ਕਰਕੇ ਪਰਵਾਸੀ ਪੰਜਾਬੀ ਕਵਿਤਾ ਵਿਚ ਇਕ ਵੱਡਾ ਮੀਲ ਪੱਥਰ ਹੈ।

ਦੇਵ ਅਤੀਤ ਦੀਆਂ ਉਦਾਸ ਨੁਕਰਾਂ 'ਚੋਂ ਦੇਬੀ ਨੂੰ ਲੱਭਦਾ ਹੈ 'ਜੋ ਕਦੇ ਵੀ ਪਰਤ ਕੇ ਨਾ ਆਇਆ'। 'ਜਦੋਂ ਉਹ ਨਿੱਕਾ ਦੇਬੀ ਹੁੰਦਾ ਸੀ'

'ਜਗਰਾਵਾਂ ਵਾਲੇ ਘਰ ਦੀਆਂ ਪੱਕੀਆਂ ਪੌੜੀਆਂ ਤੇ ਬੈਠਾ<br>
ਉੱਡਦੇ ਬਰਸਾਤੀ ਬੱਦਲਾਂ ਨਾਲ ਗੱਲਾਂ ਕਰਦਾ<br>
ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾਂ ਬਣਾਉਂਦਾ....'

ਇਕ ਦਿਨ ਹੱਥ ਵਿਚ ਬੁਰਸ਼ ਫੜ ਕੈਨਵਸ ਦੀ ਛਾਤੀ ਤੇ ਰੰਗਾਂ ਦੀਆਂ ਨਜ਼ਮਾਂ ਉਤਾਰਨ ਲੱਗਾ... ਪਤਾ ਨਹੀਂ ਉਸਨੂੰ ਨਜ਼ਮ ਪਹਿਲਾਂ ਸੁਝਦੀ ਹੈ ਕਿ ਉਸਦਾ ਆਕਾਰ ਰੰਗਾਂ ਦੇ ਰੂਪ ਵਿਚ। ਪਤਾ ਨਹੀਂ ਉਹ ਕਲਮ ਪਹਿਲਾਂ ਫੜਦਾ ਹੈ ਕਿ ਬੁਰਸ਼। ਲੱਗਦਾ ਹੈ ਇਕ ਹੱਥ ਵਿਚ ਕਲਮ ਹੈ ਤੇ ਦੂਸਰੇ ਵਿਚ ਬੁਰਸ਼... ਚਿੱਤਰਕਾਰ ਤੇ ਕਵੀ, ਕਵੀ ਤੇ ਚਿੱਤਰਕਾਰ ਦਾ ਸੁਮੇਲ ਦੇਵ ਦੀ ਰਚਨਾਤਮ ਸ਼ਕਤੀ ਦੀ ਪ੍ਰਤੀਭਾ ਦਾ ਪ੍ਰਮਾਣ ਹੈ।

ਪਰਵਾਸ ਵਿਚ ਆ ਕੇ ਵੀ ਉਸ ਨੇ ਕਲਮ ਤੇ ਬੁਰਸ਼ ਨੂੰ ਇਕੱਠਿਆਂ ਹੀ ਰੱਖਿਆ ਹੈ। ਉਹ ਕਹਿੰਦਾ ਹੈ:

'ਪਰਵਾਸ ਨੇ ਮੇਰੇ ਅੱਖਰਾਂ ਨੂੰ ਖੋਰਿਆ ਨਹੀਂ....<br>
ਪਰਵਾਸੀ ਹੋਣ ਨਾਲ ਮੈਂ ਥਾਂ ਥਾਂ ਤੋਂ ਟੁੱਟਿਆ ਤੇ ਭੁਰਿਆ ਨਹੀਂ<br>
ਮੈਂ ਥਾਂ ਬਦਲੀ ਹੈ 'ਦੇਸ' ਨਹੀਂ<br>
ਤੇ ਹਰ ਥਾਂ ਦਾ ਦੇਸ ਆਪਣੇ ਹੀ ਮੱਥੇ ਦਾ<br>
ਚਾਨਣ ਜਾਂ ਹਨੇਰਾ ਹੁੰਦੈ'। (ਪੰਨਾ 54)

ਦੇਵ ਦੀ ਕਵਿਤਾ ਮਸਤਕ ਦੇ ਚਾਨਣ ਦੀ ਕਵਿਤਾ ਹੈ ਜਿਸ ਵਿਚ ਪੰਖਾਂ ਦੀ ਪਰਵਾਜ਼ ਵੀ ਹੈ, ਲਹਿਰਾਂ ਦਾ ਸੰਗੀਤ ਵੀ ਹੈ, ਸੁਰਾਂ ਤੇ ਸ਼ੋਰ 'ਚ ਗੁੰਮ, ਅੱਗ ਤੇ ਚਾਨਣੀ ਦਾ ਸੁਮੇਲ ਹੈ। 'ਪ੍ਰਸ਼ਨ ਤੇ ਪਰਵਾਜ਼' ਪੁਸਤਕ ਖੋਹਲੋ, ਕਵਿਤਾਵਾਂ ਤੇ ਸਰਸਰੀ ਨਜ਼ਰ ਮਾਰੋ ਤਾਂ ਲੱਗਦਾ ਹੈ ਕਾਵਿ ਚਿੱਤਰ ਹਨ। ਰੂਪ ਪੱਖੋਂ, ਕਵਿਤਾਵਾਂ ਪੜੋ ਤਾਂ ਲੱਟ ਲੱਟ ਬਲਦੇ, ਕਦੀ ਬਰਫ਼ ਵਾਂਗ ਠਰਦੇ, ਸ਼ਬਦਾਂ ਦੀ ਤਾਬ 'ਜਗਦੇ ਬੁਝਦੇ ਅੱਖਰਾਂ ਵਾਂਗ' ਮਸਤਕ ਵਿਚ ਚਾਨਣ ਦੀ ਇਕ ਲੀਕ ਪਾਉਂਦੀ ਹੈ। ਦੇਵ ਇਕ ਸੰਸਥਾ ਹੈ। ਪ੍ਰਸ਼ਨ ਤੇ ਪਰਵਾਜ਼ ਦੀ ਪ੍ਰਕਾਸ਼ਨਾ ਨੇ ਕਵੀ ਦੇਵ ਦੇ ਕੱਦ ਨੂੰ ਦੇਵ ਕਲਾਕਾਰ ਦੇ ਕੱਦ ਨਾਲ ਮੇਚ ਦਿਤਾ ਹੈ ਤੇ ਇਕ ਅਜਿਹੀ ਬੁਲੰਦੀ ਤੇ ਲਿਆ ਖੜਿਆਇਆ ਹੈ ਕਿ ਇਸ ਤੋਂ ਅੱਗੇ ਹੋਰ ਕੀ ਹੋਏਗਾ? ਇਕ ਪ੍ਰਸ਼ਨ ਮਨ 'ਚੋਂ ਪਰਵਾਜ਼ ਭਰਦਾ ਹੈ।


**ਸਤਲੁਜ ਫੈਸ਼ਨਜ਼**

**9332 -120 St.**
**Surrey, B.C.**

**ਫੋਨ: 589-6161**

**ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਉ।**

ਬਾਹਰਲੇ ਸਫੇ ਦੀ ਬਾਕੀ:

'ਵਤਨ' (ਪੱਤਝੜ 1991) ਵਿਚ ਸ਼ਸ਼ੀ ਸਮੁੰਦਰਾ ਨੇ ਮੇਰੀ ਕਿਤਾਬ ਫੈਲਸੂਫੀਆਂ ਬਾਰੇ ਚੰਗਾ-ਚੰਗਾ ਲਿਖਦਿਆਂ ਅੰਤ ਵਿਚ ਕੁਝ ਇਤਰਾਜ਼ ਕੀਤੇ ਹਨ। ਸਵਾਲ ਇਨਸਾਨੀ ਜਿਸਮ ਦੀ ਖ਼ੂਬਸੂਰਤੀ ਤੇ ਔਰਤ ਦੀ ਆਜ਼ਾਦ ਹਸਤੀ ਦਾ ਹੈ। ਮੈਨੂੰ ਰਤਾ ਹੈਰਾਨੀ ਹੋਈ ਹੈ ਕਿ ਸ਼ਸ਼ੀ ਨੇ ਕਿਤਾਬ ਦੀਆਂ ਘੁੰਡੀਆਂ ਤੇ ਬਾਰੀਕੀਆਂ ਤਾਂ ਫੜੀਆਂ ਹਨ, ਪਰ ਇਹ ਮਾਮੂਲੀ ਜਿਹੀ ਗੱਲ ਨਹੀਂ ਸਮਝੀ।

ਫੈਲਸੂਫੀਆਂ 'ਚ 'ਇਨਸਾਨੀ ਜਿਸਮ ਦੀ ਖ਼ੂਬਸੂਰਤੀ ਦਾ ਲੱਛਣ' ਲੇਖ ਨਾਲ ਛਪੀ ਤਸਵੀਰ ਸ਼ਸ਼ੀ ਮੁਤਾਬਕ ਕਿਸੇ ਗੁਮਨਾਮ ਅੱਧਨੰਗੀ ਔਰਤ ਦਾ ਪੋਰਟ੍ਰੇਟ ਨਹੀਂ, ਸਗੋਂ ਇਸ ਸਦੀ ਦੀ ਸਾਡੀ ਵੱਡੀ ਚਿਤ੍ਰਕਾਰ ਅਮ੍ਰਿਤਾ ਸ਼ੇਰਗਿਲ (1913-1941) ਦਾ ਸਵੈ-ਚਿਤ੍ਰ ਹੈ। ਮੈਂ ਤਾਂ ਇਹ ਸੋਚ ਕੇ ਇਹ ਤਸਵੀਰ ਛਾਪੀ ਸੀ ਕਿ ਇਹ ਵੀ ਓਸੇ ਤਰ੍ਹਾਂ ਮਰਦਾਵੀਂ ਧੌਂਸ ਦਾ ਜਵਾਬ ਹੈ, ਜਿਵੇਂ ਬਾਰੀ ਵਿਚ ਖੜ੍ਹੀ ਪਿਠ ਕਰੀ ਕੁੜੀ ਦੀ ਤਸਵੀਰ ਹੈ। ਮੈਂ ਤਾਂ ਸਗੋਂ ਇਨ੍ਹਾਂ ਦੋਹਵਾਂ ਲੇਖਾਂ 'ਚ, ਇਹ ਸਵਾਲ ਪਾਏ ਹਨ ਕਿ ਕਿਸੇ ਔਰਤ ਨੇ ਮਰਦ ਦੀ ਜਿਸਮਾਨੀ ਖ਼ੂਬਸੂਰਤੀ ਨੂੰ ਕਿਉਂ ਨਹੀਂ ਚਿਤਰਿਆ? ਜਿਵੇਂ ਔਰਤ ਹੋਣ ਦੀ ਪੀੜ ਨੂੰ ਰਾਜਿੰਦਰ ਸਿੰਘ ਬੇਦੀ ਤੇ ਪ੍ਰੇਮ ਪ੍ਰਕਾਸ਼ ਨੇ ਜਾਣਿਆ ਹੈ, ਓਵੇਂ ਕਿਸੇ ਇਸਤਰੀ ਲੇਖਕ ਨੇ ਮਰਦ ਦੀ ਪੀੜ ਨੂੰ ਕਿਉਂ ਨਹੀਂ ਜਾਣਿਆ? ਸ਼ਸ਼ੀ ਦਾ ਇਹ ਸਵਾਲ ਝੰਡੇ ਚੁੱਕ ਮਾਨੁਸ਼ੀਵਾਦੀਆਂ (ਫ਼ੈਮੀਨਿਸਟਾਂ) ਵਾਲਾ ਹੈ ਕਿ ਮੈਂ ਲੇਖ ਨਾਲ ਔਰਤ ਦੀ ਅਧਕੱਜੀ ਤਸਵੀਰ ਕਿਉਂ ਦਿੱਤੀ ਤੇ ਕੀ ਮਰਦ ਦਾ ਜਿਸਮ ਸੋਹਣਾ ਨਹੀਂ ਹੁੰਦਾ। ਮਰਦ ਦੀ ਤਸਵੀਰ ਦਿੱਤੀ ਜਾ ਸਕਦੀ ਸੀ ਤੇ ਮੇਰੀ ਗਵਾਹੀ ਦੀ ਤਾਂ ਕੋਈ ਲੋੜ ਨਹੀਂ ਕਿ ਮਰਦ ਦਾ ਜਿਸਮ ਵੀ ਖ਼ੂਬਸੂਰਤ ਹੁੰਦਾ ਹੈ। ਪਰ ਮੇਰੀ ਅਰਜ਼ ਏਨੀ ਕੁ ਹੈ ਕਿ ਮੈਂ ਸਮਲਿੰਗੀ ਨਹੀਂ ਹਾਂ। ਯੂਨਾਨ ਤੇ ਰੋਮ ਦੇ ਕਲਾਸਿਕ ਬੁਤਘਾੜੇ ਆਪਣੀ ਸਮਲਿੰਗਤਾ ਦੇਵਤਿਆਂ ਵਗੈਰਾ ਦੇ ਬੁੱਤ ਬਣਾ ਕੇ ਪੂਰੀ ਕਰਦੇ ਹੁੰਦੇ ਸੀ। ਪਰ ਜੋ ਰਹਸਯ (ਮਿਸਟੀਕ) ਔਰਤ ਦੇ ਜਿਸਮ 'ਚ ਹੈ, ਉਹ ਮਰਦ ਦੇ ਜਿਸਮ ਨਹੀਂ। ਔਰਤ ਦਾ ਸ਼ਰੀਰ ਹਰ ਤਰ੍ਹਾਂ ਦੀ ਸ਼ਕਤੀ ਨੂੰ ਆਪਣੇ ਅੰਦਰ ਸਮੋਂਦਾ ਹੈ, ਪਰ ਮਰਦ ਦਾ ਨਹੀਂ। ਕਿਸੇ ਵੀ ਕਲਾਸਿਕ ਇਸਤਰੀ ਨਗਨ ਚਿਤ੍ਰ ਨੂੰ ਖ਼ਿਆਲਾਂ ਵਿਚ ਜਾਂ ਲੀਕਾਂ ਵਾਹ ਕੇ ਮਰਦ ਦੇ ਨਗਨ ਚਿਤ੍ਰ ਵਿਚ ਬਦਲ ਕੇ ਵੇਖਿਆਂ ਮਰਦ ਦੇ ਨੰਗੇਜ਼ ਦੀ ਹਿੰਸਾ ਜ਼ਾਹਰ ਹੋ ਜਾਏਗੀ। ਮੈਨੂੰ ਨਹੀਂ ਪਤਾ ਔਰਤ ਮਰਦ ਦੇ ਜਿਸਮ ਨੂੰ ਕਿਸ ਤਰ੍ਹਾਂ ਦੇਖਦੀ ਹੈ। ਗੱਲ ਸਾਰੀ ਲਿੰਗਕ ਰੁਚੀ ਦੀ ਹੈ। ਕਮਾਏ ਹੋਏ ਜੁੱਸਿਆਂ ਵਾਲੇ ਮਰਦਾਂ ਦੀਆਂ ਤਸਵੀਰਾਂ ਔਰਤਾਂ ਵਾਸਤੇ ਛਪਦੇ ਅਤੇ ਸਮਲਿੰਗੀਆਂ ਦੇ ਪਰਚਿਆਂ ਵਿਚ ਆਮ ਛਪਦੀਆਂ ਹਨ। ਪਰ ਮੈਨੂੰ ਉਨ੍ਹਾਂ 'ਚ ਕੋਈ ਦਿਲਚਸਪੀ ਨਹੀਂ। ਹਾਂ, ਜੇ ਸ਼ਸ਼ੀ ਸਮੁੰਦਰਾ ਮਰਦ ਦੀ ਜਿਸਮਾਨੀ ਖ਼ੂਬਸੂਰਤੀ ਬਾਰੇ ਲਿਖੇ ਜਾਂ ਕੋਈ ਇਸਤਰੀ ਜਾਂ ਮਰਦ ਕਲਾਕਾਰ ਕਲਾਕਿਰਤ ਬਣਾਏ, ਤਾਂ ਮੈਨੂੰ ਕੋਈ ਉਜ਼ਰ ਨਹੀਂ ਹੋਣ ਲੱਗਾ। ਸ਼ੁਕਰ ਹੈ, ਅਸੀਂ ਚੀਨ, ਕਿਊਬਾ ਜਾਂ ਉੱਤਰੀ ਕੋਰੀਆਂ 'ਚ ਨਹੀਂ ਰਹਿੰਦੇ।

ਸਾਡੇ ਕੁਝ ਸਮਕਾਲੀਆਂ ਦੇ ਸਮਲਿੰਗ ਹੋਣ ਦੇ ਆਮ ਚਰਚੇ ਹਨ, ਪਰ ਉਨ੍ਹਾਂ 'ਚ ਸਾਡੇ ਸੂਫ਼ੀ ਕਵੀਆਂ ਜਿੰਨੀ ਦਲੇਰੀ ਨਹੀਂ ਹੈ। ਸ਼ਾਹ ਹੁਸੈਨ ਦੇ ਮਾਧੋ ਲਾਲ ਨਾਲ ਇਸ਼ਕ ਅਤੇ ਸਾਈਆਂ (1857-1921) ਦੇ ਕਾਸ਼ੀ ਰਾਮ ਨਾਲ ਇਸ਼ਕ ਨੂੰ ਹਰ ਕੋਈ ਜਾਣਦਾ ਹੈ। ਸਾਈਆਂ ਦਾ ਲਿਖਿਆ ਸ਼ਸ਼ੀ ਨੂੰ ਖਵਰੇ ਚੰਗਾ ਲੱਗੇ:

ਅੱਖ ਕਾਤਲ / ਲਬ ਕਾਤਲ<br>
ਉਸ ਜ਼ਾਲਿਮ ਦੀ ਹਰ ਅਦਾ ਕਾਤਲ<br>
ਜੇ ਕੋਈ ਪੁੱਛੇ ਉਸ ਕਾਤਲ ਦਾ ਇਸਮ ਕੀ ਏ<br>
ਸਾਈਆਂ ਸਾਫ਼ ਕਹਿਣਾ: ਕਾਸ਼ੀ ਰਾਮ ਕਾਤਲ।

ਸ਼ਸ਼ੀ ਸਮੁੰਦਰਾ ਨੂੰ ਫ਼ੈਮਿਨਿਸਟਾਂ ਵਾਲਾ ਏਤਰਾਜ਼ ਹੈ ਕਿ ਮੈਂ ਕਿਤਾਬ 'ਚ ਅਮ੍ਰਿਤਾ ਸ਼ੇਰਗਿੱਲ ਦੀ ਅਧਕੱਜੀ ਤਸਵੀਰ ਕਿਉਂ ਛਾਪੀ? ਲਗਦੈ ਇਹ ਇਹਦੀ ਆਪਣੀ ਜ਼ਿਹਨੀ ਗੁੰਝਲ ਹੈ। ਜਿਵੇਂ ਮੈਂ ਪਹਿਲਾਂ ਲਿਖਿਆ ਹੈ ਮੈਨੂੰ ਤਾਂ ਇਹ ਤਸਵੀਰ ਅਸ਼ਲੀਲ ਬਿਲਕੁਲ ਨਹੀਂ ਲੱਗੀ, ਸਗੋਂ ਇਨਸਾਨੀ ਹਸਤੀ ਤੇ ਇਸ ਤਸਵੀਰ ਦੇ ਮੁਆਮਲੇ 'ਚ ਔਰਤ ਦੀ ਹਸਤੀ ਦੀ ਪੀੜ ਸਾਖਿਆਤ ਨਜ਼ਰ ਆਉਂਦੀ ਹੈ। ਸਾਡੀ ਹੁਣ ਦੀ ਚਿਤ੍ਰਕਾਰ ਅਰਪਣਾ ਕੌਰ ਨੇ ਚਿਰ ਹੋਇਆ ਆਪਣੇ ਕਿਸੇ ਅੰਗਰੇਜ਼ੀ ਲੇਖ 'ਵਾਈ ਦੇਅਰ ਆਰ ਸੋ ਫ਼ਿਊ ਪੇਂਟਰਜ਼' (ਨੀਊ ਦਿੱਲੀ 20 ਜਨਵਰੀ 1980) ਵਿਚ ਬੜੇ ਪਤੇ ਦੀ ਗੱਲ ਲਿਖੀ ਸੀ:

ਜਦ ਔਰਤਾਂ ਔਰਤਾਂ ਨੂੰ ਪੇਂਟ ਕਰਦੀਆਂ ਹਨ, ਉਸ ਤੋਂ ਮਰਦਾਂ ਨੂੰ ਬੜਾ ਧੱਕਾ ਲਗਦਾ ਹੈ। ਉਹ ਔਰਤਾਂ ਨੂੰ ਇੰਦਰਿਆਵੀ, ਕਾਮਣੀਆਂ ਤੇ ਰੋਮਾਂਟਿਕ ਬਣਾ ਕੇ ਨਹੀਂ ਚਿਤਰਦੀਆਂ। ਉਹ ਉਨ੍ਹਾਂ ਦੇ ਜਿਸਮਾਂ ਤੇ ਮਨਾਂ ਦੀਆਂ ਸਾਰੀਆਂ ਲੁਕੀਆਂ ਹੋਈਆਂ ਲਕੀਰਾਂ ਨੂੰ ਰਤਾ ਬੇਰਹਮੀ ਨਾਲ ਚਿਤਰਦੀਆਂ ਹਨ, ਇਸਤਰੀ ਮਨ ਦੇ ਸਾਰੇ ਦੇ ਸਾਰੇ ਹੌਂਸਲੇ, ਦਰਦ, ਦੁੱਖ, ਜ਼ਿੱਲਤ ਤੇ ਅਵੱਗਿਆ ਸਮੇਤ। ਜਵਾਨ ਹੋ ਰਹੇ ਆਪਣੇ ਜਿਸਮ ਤੋਂ ਤ੍ਰਹੀ ਹੋਈ ਕੰਜਕਾ ਨੂੰ ਕਿਸੇ ਮਰਦ ਨੇ ਕਦੇ ਨਹੀਂ ਚਿਤਰਿਆ। ਜਾਂ ਜੋਬਨ ਫੁੱਟਣ ਦੇ ਪੁਰਦਰਦ ਤਜਰਬੇ ਨੂੰ ਜਾਂ ਗਰਭਵਤੀ ਹੋਣ ਦੇ ਤਜਰਬੇ ਨੂੰ ਜਾਂ ਦਰਪਣ ਵਿਚ ਤੱਕਣ ਦੇ ਡਰ ਨੂੰ, ਜਿਸ ਵਿਚ ਔਰਤ ਨੂੰ ਕੁਝ ਵੀ ਨਜ਼ਰ ਨਹੀਂ ਆਉਂਦਾ। ਜਾਂ ਉਹਦੇ ਮੁੱਖੜੇ ਦੀ ਸਾਧਾਰਣਤਾ ਨੂੰ, ਜਿਹਨੂੰ ਉਹ ਕਈ ਤਰੀਕਿਆਂ ਨਾਲ ਲੁਕਾਉਣ ਦੀ ਕੋਸ਼ਿਸ਼ ਕਰਦੀ ਹੈ। ਔਰਤਾਂ ਨੇ ਆਪਣੇ ਮੁਹਾਵਰੇ ਤੇ ਬਿੰਬਾਂ ਰਾਹੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਬਹੁਤ ਤਰ੍ਹਾਂ ਚਿਤਰਿਆ ਹੈ।

ਬਹੁਤ ਸਾਰੀਆਂ ਔਰਤ ਪੇਂਟਰਾਂ ਡਬਲ ਇਮੇਜ ਪੇਂਟ ਕਰਦੀਆਂ ਹਨ, ਸ਼ਾਇਦ ਆਪਣੇ ਔਰਤ ਹੋਣ ਤੇ ਪੇਂਟਰ ਹੋਣ ਦੀ ਦੁਫੇੜ ਨੂੰ ਪੇਸ਼ ਕਰਨ ਲਈ। ਜਾਂ ਡਬਲ ਸੈਲਫ਼ ਪੋਰਟ੍ਰੇਟ। ਜਾਂ ਆਪਣੇ ਨਿੱਜ ਨੂੰ ਦਰਸਾਉਣ ਲਈ ਖੁਵਰੇ ਬੇਬਾਕ ਸੈਲਫ਼ ਪੋਰਟ੍ਰੇਟ ਜਿਵੇਂ ਅਮ੍ਰਿਤਾ ਸ਼ੇਰਗਿੱਲ ਨੇ ਧਧਕਦੇ ਲਾਲ ਪਿਛੋਕੜ 'ਚ ਆਪਣਾ ਨੀਊਡ ਪੇਂਟ ਕੀਤਾ ਸੀ।

ਦਸ ਸਾਲ ਪਹਿਲਾਂ 1980 ਵਿਚ ਜਦ ਲੰਡਨ ਵਿਚ ਵੁਮੈਨਜ਼ ਇਮੇਜਜ਼ ਆੱਵ ਮੈਨੱ ਨੁਮਾਇਸ਼ ਲੱਗੀ ਸੀ, ਤਾਂ ਬੜਾ ਰੌਲਾ ਪਿਆ ਸੀ। ਕੁਝ 100 ਕਿਰਤਾਂ ਵਿਚੋਂ ਸਿਰਫ਼ 20 ਤਸਵੀਰਾਂ ਮਰਦਾਂ ਦੇ ਨਗਨ ਚਿਤ੍ਰ ਸਨ ਤੇ ਇਨ੍ਹਾਂ ਚੋਂ ਸਿਰਫ਼ 2 ਤਸਵੀਰਾਂ ਮਰਦ ਦੇ ਲਿੰਗ ਅੰਗਾਂ ਦੀਆਂ ਸਨ। ਸਭ ਤੋਂ ਵਧ ਔਖਿਆਈ ਮਰਦ ਕਲਾ ਆਲੋਚਕਾਂ ਨੂੰ ਹੋਈ। ਉਨ੍ਹਾਂ ਨੂੰ ਚੰਗਾ ਨਾ ਲੱਗਾ ਕਿ ਜੋ ਸਦੀਆਂ ਤਕ ਮਰਦ ਕਲਾਕਾਰ ਕਰਦੇ ਰਹੇ ਹਨ, ਉਹ ਹੁਣ ਇਸਤਰੀ ਕਲਾਕਾਰ ਕਿਉਂ ਕਰਨ ਲੱਗ ਪਈਆਂ ਹਨ। ਉਨ੍ਹਾਂ ਔਰਤਾਂ ਦੀ ਹਮਾਇਤ 'ਚ ਸਿਰਫ਼ ਗੇਅ ਸਮਲਿੰਗੂ ਮਰਦ ਹੀ ਆਏ। ਇਹੋ ਗਲ ਦੋ ਸਾਲ ਪਹਿਲਾਂ ਲੰਡਨ 'ਚ ਮੇਰੀਲਿਨ ਤਬਾਤਜ਼ਨਿਕ ਦੇ ਬਣਾਏ ਪਕਾਈ ਮਿੱਟੀ (ਸੈਰਾਮਿਕ) ਦੇ ਮਰਦ-ਲਿੰਗਾਂ ਦੀ ਨੁਮਾਇਸ਼ ਦਾ ਹੋਇਆ ਸੀ। ਤੀਵੀਆਂ ਭਾਂਤ-ਭਾਂਤ ਦੇ ਲਿੰਗ ਦੇਖ-ਦੇਖ ਨਿਹਾਲ ਹੁੰਦੀਆਂ, ਹੱਸ-ਹੱਸ ਲੋਟਪੋਟ ਹੁੰਦੀਆਂ ਤੇ ਸਮਲਿੰਗੂ ਦੇਖ ਕੇ ਪ੍ਰਸੰਨ ਹੁੰਦੇ, ਪਰ ਆਮ ਮਰਦਾਂ ਨੂੰ ਇਹ ਨੁਮਾਇਸ਼ ਬਿਲਕੁਲ ਚੰਗੀ ਨਾ ਲੱਗੀ।

ਪਰ ਸਾਰੀ ਸਨਸਨੀ ਦਸ ਸਾਲਾਂ 'ਚ ਹੀ ਅਲੋਪ ਹੋ ਗਈ ਲਗਦੀ ਹੈ। ਰੋਬੀਨ ਸ਼ਾਅ ਨਾਂ ਦੀ ਫ਼ੋਟੋਗਰਾਫ਼ਰ ਨੇ ਮਰਦਾਂ ਦੇ ਨਗਨ ਚਿਤ੍ਰ ਖਿੱਚੇ ਹਨ। ਉਹ ਆਖਦੀ ਹੈ: ਆਪ ਦੇਖਣ ਤੇ ਹਾਲਤ ਨੂੰ ਕਾਬੂ ਕਰਨ ਦਾ ਹਕ ਔਰਤਾਂ ਨੇ ਜਿੱਤ ਲਿਆ ਹੈ। ਪਰ ਹੁਣ ਏਸ ਗੱਲ ਦੀ ਪਹਿਲਾਂ ਵਾਲੀ ਸਿਆਸੀ ਅਹਿਮੀਅਤ ਨਹੀਂ ਰਹੀ। ਹੁਣ ਇਹ ਕੋਈ ਫ਼ੈਮਿਨਿਸਟ ਇਸ਼ੂ ਵੀ ਨਹੀਂ ਰਹਿ ਗਿਆ। ਇਹ ਖੇਤਰ ਔਰਤਾਂ ਨੇ ਜਿਤ ਲਿਆ ਹੈ। ਏਸ ਮਸਲ੍ਹੇ ਨੂੰ ਸਗੋਂ ਹੁਣ ਅਸ਼ਲੀਲ ਸਮਝਿਆ ਜਾਣ ਲੱਗਾ ਹੈ। (ਗਾਰਡੀਅਨ, ਲੰਡਨ, 14.8.1990) ਨਾਲ ਹੀ ਤੀਹ ਸਾਲਾਂ ਪਹਿਲਾਂ ਇਕ ਵਾਰੀ ਚਲੀ ਫ਼ੈਮਿਨਿਸਟ ਲਹਿਰ ਵੀ ਮੁੜ ਆਨੇ ਵਾਲੀ ਥਾਂ ਆ ਗਈ ਹੈ। ਅਮਰੀਕਾ 'ਚ ਪਿਛਲੇ ਵੀਹ ਸਾਲਾਂ ਤੋਂ ਰਹਿੰਦਿਆਂ ਸ਼ਸ਼ੀ ਸਮੁੰਦਰਾ ਦਾ ਏਸ ਲਹਿਰ ਦੇ ਅਸਰ ਥੱਲੇ ਆਉਣਾ ਕੁਦਰਤੀ ਹੈ। ਮੇਰਾ ਖ਼ਿਆਲ ਹੈ ਕਿ ਸ਼ਸ਼ੀ ਨੂੰ ਫੈਮਿਨਿਸਟ ਲਹਿਰ ਦੀ ਮਾਂ ਜਰਮੇਨ ਗਰੀਅਰ ਦੇ ਹੁਣ ਦੇ ਵਿਚਾਰ ਪੜ੍ਹੇ ਹੋਣਗੇ। ਸ਼ਸ਼ੀ ਦੇ ਹੋਰ ਸਵਾਲਾਂ ਦੇ ਜਵਾਬ ਅਮਰੀਕਨ ਕੁੜੀ ਵੁਲਫ਼ ਦੀ ਪਰ੍ਹੂੰ ਛਪੀ ਕਿਤਾਬ ਦਾ ਬੀਉਟੀ ਮਿਥ 'ਚ ਮਿਲ ਜਾਣਗੇ। ਪਰ ਹਰ ਸਵਾਲ ਦਾ ਜਵਾਬ ਹਰ ਵਾਰ ਕਿਤਾਬਾਂ 'ਚ ਨਹੀਂ ਲਭੀਦਾ।

**ਅਮਰਜੀਤ ਚੰਦਨ, ਲੰਡਨ**

'ਵਤਨ' ਦੇ ਅਕਤੂਬਰ - 91 ਦੇ ਅੰਕ ਵਿਚ ਦੋ ਰਚਨਾਵਾਂ ਵੱਲ ਵਿਸ਼ੇਸ਼ ਕਰ ਕੇ ਧਿਆਨ ਜਾਂਦਾ ਹੈ: ਸ਼ਸ਼ੀ ਸਮੁੰਦਰਾ ਦੀ ਕਹਾਣੀ 'ਦੋਸਤੀ' ਅਤੇ ਸੁਖਵੰਤ ਹੁੰਦਲ ਦਾ ਲੇਖ 'ਜ਼ਹਿਰ ਦੇ ਵਪਾਰੀ'। ਇਹਨਾਂ ਦੋਹਾਂ ਰਚਨਾਵਾਂ ਦਾ ਵਿਸ਼ਾ ਇਨਵਾਇਰਨਮੈਂਟ ਨਾਲ ਸੰਬੰਧਤ ਹੈ।

ਸ਼ਸ਼ੀ ਦੀ ਕਹਾਣੀ ਮਾਨਵ ਜਾਤੀ ਦਾ ਦੂਸਰੇ ਜੀਵ-ਸੰਸਾਰ ਪ੍ਰਤੀ ਅਣ-ਮਾਨਵ ਵਤੀਰਾ ਅਤਿ ਸੂਖਮ ਢੰਗ ਨਾਲ ਪ੍ਰਗਟਾਉਂਦੀ ਹੈ। ਲੇਖਿਕਾ ਦਾ ਵਿਅਕਤੀਗਤ ਅਨੁਭਵ ਕਹਾਣੀ ਵਿਚ ਜਾਨ ਭਰਦਾ ਹੈ। ਮਨੁੱਖੀ ਮਨ ਦੀਆਂ ਡੂੰਘਾਣਾਂ ਵਿਚ ਦੂਸਰੇ ਜੀਵ ਜੰਤੂਆਂ ਪ੍ਰਤੀ ਅਗਿਆਨਤਾ ਕਾਰਨ ਅਜੇ ਵੀ ਭੈਅ ਦਾ ਹਨੇਰਾ ਪਸਰਿਆ ਹੋਇਆ ਹੈ। ਇਸ ਧਰਤੀ ਉਤੇ ਸਾਰੇ ਜੀਵਾਂ ਨੂੰ ਰਹਿਣ ਦਾ ਅਤੇ ਆਪਣੀ ਆਪਣੀ ਜੂਨੀ ਭੋਗਣ ਦਾ ਬਰਾਬਰ ਦਾ

ਅਧਿਕਾਰ ਹੈ। ਪਰ ਮਨੁੱਖ ਨੇ ਆਪਣੇ ਆਪ ਨੂੰ ਆਪ ਹੀ ਸਭ ਜੀਵਾਂ ਤੋਂ ਉੱਤਮ ਕਰਾਰ ਦੇ ਰੱਖਿਆ ਹੈ। ਆਪਣੇ ਵਿਕਸਤ ਦਿਮਾਗ ਪਰ ਲਾਲਚੀ ਮਨ ਅਤੇ ਸ਼ਿਕਾਰ ਵਰਗੇ ਘਟੀਆ ਮਨੋਰੰਜਨਾਂ ਕਰਕੇ ਧਰਤੀ ਉਤੇ ਹਰ ਤਰਾਂ ਦੀ ਮਨਮਾਨੀ ਕਰ ਰਿਹਾ ਹੈ। ਪੌਣ, ਪਾਣੀ, ਵਣ, ਬਨਸਪਤੀ ਸਭ ਦਾ ਸੱਤਿਆਨਾਸ ਹੋ ਰਿਹਾ ਹੈ। ਨਤੀਜੇ ਵਜੋਂ ਬਾਕੀ ਜੀਵ-ਜਾਤੀਆਂ ਇਸ ਧਰਤੀ ਤੇ ਸਹਿਮੀ ਅਤੇ ਨਰਕੀ ਜੂਨ ਭੋਗ ਰਹੀਆਂ ਹਨ ਅਤੇ ਹਰ ਸਾਲ ਵੱਡੀ ਗਿਣਤੀ ਵਿਚ ਸਦਾ ਲਈ ਖਤਮ ਹੋ ਰਹੀਆਂ ਹਨ। ਸ਼ਸ਼ੀ ਦੀ ਕਹਾਣੀ ਸਾਡਾ ਇਸ ਪਾਸੇ ਵਲ ਧਿਆਨ ਦੁਆਉਂਦੀ ਹੈ ਅਤੇ ਸਾਡੀ ਪਰਸੰਸਾ ਦੀ ਪਾਤਰ ਹੈ।

ਸੁਖਵੰਤ ਦਾ ਲੇਖ ਖੋਜ ਭਰਪੂਰ ਹੈ ਅਤੇ ਮਹੀਨਿਆਂ ਬੱਧੀ ਮਿਹਨਤ ਨਾਲ ਤਿਆਰ ਕੀਤਾ ਜਾਪਦਾ ਹੈ। ਇਸ ਲੇਖ ਦਾ ਸਿਰਲੇਖ, 'ਜ਼ਹਿਰ ਦੇ ਵਪਾਰੀ' ਬਹੁਤ ਢੁਕਵਾਂ ਹੈ। ਵਿਰਾਟ ਮਲਟੀਨੈਸ਼ਨਲ ਕੰਪਨੀਆਂ ਦੁਆਈਆਂ ਦੇ ਨਾਮ ਹੇਠ ਗਰੀਬ ਮੁਲਕਾਂ ਵਿਚ ਜ਼ਹਿਰਾਂ ਭੇਜ ਰਹੀਆਂ ਹਨ। ਇਕ ਹਿੰਦੀ ਫਿਲਮ ਦਾ ਗੀਤ ਯਾਦ ਆਉਂਦਾ ਹੈ:

'ਜੋ ਦਵਾ ਕੇ ਨਾਮ ਪੇ ਜ਼ਹਿਰ ਦੇ
ਉਸ ਚਾਰਾਗਰ ਕੀ ਤਾਲਾਸ਼ ਹੈ।'

ਮਲਟੀਨੈਸ਼ਨਲ ਕਾਰਪੋਰੇਸ਼ਨਾਂ ਅਜਿਹੀਆਂ 'ਚਾਰਾਗਰ' ਹਨ ਜੋ ਕੇਵਲ ਮਨੁੱਖਾਂ ਨੂੰ ਹੀ ਨਹੀਂ ਧਰਤੀ ਦੇ ਪੌਣ ਪਾਣੀ ਨੂੰ ਵੀ ਜਹਿਰਾਂ ਬਖਸ਼ ਰਹੀਆਂ ਹਨ। ਇਹਨਾਂ ਜ਼ਹਿਰਾਂ ਸਦਕਾ ਕੇਵਲ ਕੈਨੇਡਾ ਵਿਚ ਹੀ ਸੱਜਰੇ ਪਾਣੀ ਦੀਆਂ ਇਕ ਲੱਖ ਝੀਲਾਂ 'ਮਰ' ਚੁੱਕੀਆਂ ਹਨ। ਇਸ ਵਿਚ ਸ਼ੱਕ ਨਹੀਂ ਕਿ ਕੀੜੇ-ਮਾਰ ਦਵਾਈਆਂ ਨਾਲ ਫਸਲਾਂ ਵਿਚ ਵੀ ਵਾਧਾ ਹੋਇਆ ਹੈ ਪਰ ਇਸ ਵਾਧੇ ਦਾ ਜੋ ਮੁਲ ਤਾਰਨਾਂ ਪਿਆ ਹੈ ਅਤੇ ਤਾਰਨਾ ਪਵੇਗਾ। ਉਸ ਦੀ ਖੋਜ ਹੋ ਰਹੀ ਹੈ ਅਤੇ ਭਿਅੰਕਰ ਸਿੱਟੇ ਸਾਹਮਣੇ ਆ ਰਹੇ ਹਨ। ਪੈਸਟੀਸਾਈਡਜ਼ ਦੀ ਮੁਨਾਫੇ ਲਈ ਕੀਤੀ ਅੰਧਾਧੁੰਦ ਵਰਤੋਂ ਅਤੇ ਉਸਦੇ ਨਤੀਜਿਆਂ ਦੀ ਜਿਉਂਦੀ ਜਾਗਦੀ ਮਿਸਾਲ, ਫਰੇਜ਼ਰ ਵੈਲੀ ਸਾਡੇ ਸਾਹਮਣੇ ਹੈ। ਧਰਤੀ ਦੇ ਪੌਣ ਪਾਣੀ ਦੀ ਤਬਾਹੀ ਦੇ ਖਿਲਾਫ ਹੁਣ ਲੋਕਾਂ ਵਿਚ ਚੇਤੰਨਤਾ ਤੇਜ਼ੀ ਨਾਲ ਫੈਲ ਰਹੀ ਹੈ। 'ਗਰੀਨ ਪੀਸ' ਅਤੇ 'ਸੀਐਰਾ ਕਲੱਬ' ਵਰਗੀਆਂ ਸ਼ਕਤੀਸ਼ਾਲੀ ਅੰਤਰ ਰਾਸ਼ਟਰੀ ਲਹਿਰਾਂ ਹੋਂਦ ਵਿਚ ਆਈਆਂ ਹਨ। ਸਾਡੇ ਲੇਖਕਾਂ ਨੂੰ ਵੀ ਇਸ ਇਨਵਾਇਰਮੈਂਟਲ ਲਹਿਰ ਦਾ ਹਿੱਸਾ ਬਣਨਾ ਚਾਹੀਦਾ ਹੈ ਅਤੇ ਆਪਣੀਆਂ ਲਿਖਤਾਂ ਰਾਹੀਂ ਧਰਤੀ ਮਾਂ ਨੂੰ ਸਰਵਨਾਸ਼ ਤੋਂ ਬਚਾਉਣ ਲਈ ਨਵੀਂ ਚੇਤਨਤਾ ਦਾ ਪ੍ਰਸਾਰ ਕਰਨਾ ਚਾਹੀਦਾ ਹੈ। ਮੇਰੇ ਆਪਣੇ ਸਮੇਂ ਦਾ ਕਾਫੀ ਹਿੱਸਾ ਇਨਵਾਇਰਮੈਂਟਲ ਮਸਲਿਆਂ ਉਤੇ ਲਗਦਾ ਹੈ ਜਿਸ ਬਾਰੇ ਜਾਣਕਾਰੀ ਆਉਣ ਵਾਲੇ ਅੰਕਾਂ ਵਿਚ ਸਾਂਝੀ ਕਰਨ ਦਾ ਯਤਨ ਕਰਾਂਗਾ।

ਫਿਲਹਾਲ ਸ਼ਸ਼ੀ ਅਤੇ ਸੁਖਵੰਤ ਦੀਆਂ ਰਚਨਾਵਾਂ ਨੂੰ ਜੀਅ ਆਇਆਂ। **ਅਜਮੇਰ ਰੋਡੇ, ਵੈਨਕੂਵਰ**

ਇਹ ਸੰਤੁਸ਼ਟਤਾ ਵਾਲੀ ਗੱਲ ਹੈ ਕਿ 'ਵਤਨ' ਸੂਝਵਾਨ ਪਾਠਕਾਂ ਦੇ ਸੁਹਜ ਸੁਆਦ ਦੀ ਭੁੱਖ ਪੂਰੀ ਕਰ ਰਿਹਾ ਹੈ। ਵਿਚਾਰ-ਪਰੇਰਿਕ ਲੇਖਾਂ ਰਾਹੀਂ ਉਨਾਂ ਦੀ ਜਾਣਕਾਰੀ ਵਿਚ ਵਾਧਾ ਕਰ ਰਿਹਾ ਹੈ ਅਤੇ ਇਸ ਤੋਂ ਵੱਧ ਆਰਥਕ, ਸਮਾਜਕ, ਸਿਆਸੀ ਜੀਵਨ ਅਤੇ ਇਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਸ਼ਕਤੀਆਂ, ਸੰਸਥਾਵਾਂ ਤੇ ਲਹਿਰਾਂ ਦੀਆਂ ਲੁਕਵੀਆਂ ਤੈਹਾਂ ਨੂੰ ਨੰਗਿਆਂ ਕਰ ਕੇ ਅਰਥ ਭਰਪੂਰ ਸੰਦਰਭ ਵਿਚ ਪੇਸ਼ ਕਰ ਰਿਹਾ ਹੈ ਅਤੇ ਅਜਿਹਾ ਮੈਟਰ ਪੇਸ਼ ਕਰ ਰਿਹਾ ਹੈ ਜਿਸ ਨੂੰ ਪੜ੍ਹ ਕੇ ਪਾਠਕ ਮਹਿਸੂਸ ਕਰਦਾ ਹੈ ਕਿ ਉਸਨੇ ਮਾਨਸਿਕ ਜਾਂ ਭਾਵੁਕ ਪੱਧਰ ਤੇ ਕੋਈ ਨਵੇਂ ਵਿਚਾਰ ਜਾਂ ਨਵੇ ਦ੍ਰਿਸ਼ਟੀਕੋਣ ਨਾਲ ਜਾਣ ਪਛਾਣ ਕੀਤੀ ਹੈ। ਇਥੇ ਇਹ ਲਿਖਣਾ ਜਰੂਰੀ ਹੈ ਇਨ੍ਹਾਂ ਪ੍ਰਾਪਤੀਆਂ ਦਾ ਪੱਥ ਪੱਧਰਾ ਤੇ ਸਾਵਾਂ ਨਹੀਂ, ਇਥੇ ਪਾਠਕਾਂ ਤੇ ਪ੍ਰਸ਼ੰਸਕਾਂ ਦੀ ਘਾਟ, ਚਲੰਤ ਆਰਥਕ ਮੰਦਵਾੜੇ ਦੀਆਂ ਕਠਨਾਈਆਂ, ਤੇ ਹੋਰ ਤਕਨੀਕੀ ਤੇ ਗ਼ੈਰ-ਤਕਨੀਕੀ ਮੁਸ਼ਕਲਾਂ ਹੀ ਪ੍ਰਿਸ਼ਟ ਭੂਮੀ ਵਾਸਤਵਿਕ ਹੈ। ਮੈਂ ਚਾਹੁੰਦਾ ਹਾਂ ਕਿ 'ਵਤਨ' ਵੀ ਸਮਾਂ ਪੈ ਕੇ ਮਾਸਕ ਬਣ ਜਾਵੇ ਪਰ ਸ਼ਰਤ ਇਹ ਹੈ ਕਿ ਇਸ ਤਰ੍ਹਾਂ ਕਰਨ ਨਾਲ ਇਸ ਦੇ ਸਾਹਿਤਕ ਤੇ ਸਮਾਜੀ ਸੂਝ ਤੇ ਸੁਹਜ ਸੁਆਦ ਦੇ ਮਿਆਰ ਨੂੰ ਢਾਹ ਨਾ ਲਗਦੀ ਹੋਵੇ। ਇਸ ਨਾਲ ਕੈਨੇਡਾ ਵਿਚ ਮਾਸਕ ਪੱਤਰ ਪੜ੍ਹਨ ਦੀ ਅਣਹੋਂਦ ਦਾ ਖੱਪਾ ਪੂਰਾ ਹੋ ਜਾਵੇਗਾ ਪਰ ਮੈਂ ਫਿਰ ਇਸ ਨੁਕਤੇ ਤੇ ਜ਼ੋਰ ਦੇਵਾਂਗਾ ਕਿ ਅਜਿਹਾ ਉਦੋਂ ਹੀ ਕੀਤਾ ਜਾਵੇ ਜਦੋਂ 'ਵਤਨ' ਦੇ ਚਾਲਕ ਅਤੇ ਇਸ ਅਦਾਰੇ ਨਾਲ ਸਬੰਧਤ ਨਿਕਟਵਰਤੀ ਤੇ ਸ਼ੁਭ-ਚਿੰਤਕ ਪੱਕੇ ਪੈਰੀ ਇਸ ਨੂੰ ਸਹੀ ਅਰਥਾਂ ਵਿਚ ਹਰ ਮਹੀਨੇ ਕੱਢਣ ਦੇ ਸਮਰੱਥ ਹੋਣ।

ਕੁਝ ਇਕ ਵਿਚਾਰ ਮੈਂ ਸੰਪਾਦਕੀ ਬਾਰੇ: ਬੀ. ਸੀ. ਵਿਚ ਬਣੀ ਨਵੀਂ ਸਰਕਾਰ ਦੇ ਭਾਰਤੀ ਮੂਲ ਦੇ ਮੈਂਬਰਾਂ ਨੂੰ ਵਧਾਈ ਦੇਣੀ ਤਾਂ ਬਣਦੀ ਹੈ ਪਰ ਉਨ੍ਹਾਂ ਪਾਸੋਂ ਕਮਿਊਨਿਟੀ ਸੈਂਟਰ ਦੀ ਮੰਗ ਸਮੇਂ ਤੋਂ ਅਗੇਤਰੀ ਲਗਦੀ ਹੈ ਘੱਟੋ ਘੱਟ ਹਾਲ ਦੀ ਘੜੀ। ਕੈਨੇਡਾ ਵਿਚ ਐਨ. ਡੀ. ਪੀ. ਦੀਆਂ 4 ਸਰਕਾਰਾਂ ਬਣੀਆਂ ਹਨ ਪਰ ਦੂਜੇ ਪਾਸੇ ਸਿਆਸੀ, ਵਪਾਰੀ ਤੇ ਸਥਾਪਤ ਸ਼ਕਤੀਸ਼ਾਲੀ ਜਿੱਤ ਇਨ੍ਹਾਂ ਸਰਕਾਰਾਂ ਉਤੇ ਹਰ ਪਾਸਿਓਂ ਆਕ੍ਰਮਣ ਕਰਨ ਵਿਚ ਸਰਗਰਮ ਹਨ। ਅਤੇ ਵਾਧਾ ਇਹ ਹੈ ਕਿ ਪ੍ਰਤਿਕੂਲ ਆਰਥਕ ਵਾਯੂਮੰਡਲ ਨੇ ਇਨ੍ਹਾਂ ਦੀਆਂ ਪਾਲਸੀਆਂ ਤੇ ਪਲੈਨਾਂ ਨੂੰ ਨੇਪਰੇ ਚਾੜ੍ਹਣਾ ਹੋਰ ਵੀ ਕਠਨ ਕਰ ਦਿੱਤਾ ਹੈ। ਮੇਰਾ ਖਿਆਲ ਹੈ ਕਿ ਅਜਿਹੀ ਮੰਗ ਸਰਕਾਰ ਨੂੰ ਕੁਝ ਸਮਾਂ ਦੇ ਕੇ ਕੀਤੀ ਜਾਣੀ ਚਾਹੀਦੀ ਹੈ।

ਸੰਪਾਦਕੀ ਦੇ ਦੂਜੇ ਭਾਗ ਵਿਚ ਅਜਮੇਰ ਰੋਡੇ ਦੇ ਪੱਤਰ ਦੇ ਵਿਸ਼ੇ ਵਸਤੂ ਉਤੇ ਜੋ ਟਿੱਪਣੀ ਕੀਤੀ ਗਈ ਹੈ, ਮੈਂ ਉਸ ਦੀ ਉਚਿੱਤਤਾ ਵਿਚ ਨਾਂ ਜਾਂਦਾ ਹੋਇਆ, ਸੰਪਾਦਕੀ ਦੇ ਸੰਕਲਪ ਤੇ ਅਰਥ ਖੇਤਰ ਬਾਰੇ ਆਪਣਾ ਮੱਤ ਜ਼ਰੂਰ ਪ੍ਰਗਟ ਕਰਨਾ ਚਾਹੁੰਦਾ ਹਾਂ। ਮੇਰੀ ਸਮਝੇ ਵਿਅਕਤੀਗਤ ਲੇਖਕ ਦੇ ਉਤਰ ਵਿਚ ਟਿੱਪਣੀ ਕਰਨੀ ਸੰਪਾਦਕੀ ਦੀ ਪ੍ਰੀਭਾਸ਼ਾ ਦਾ ਸਤ-ਭੰਗ ਕਰਨ ਬਰਾਬਰ ਹੈ, ਨਿਰਸੰਦੇਹ ਸੰਪਾਦਕੀ ਦੇ ਸਕੰਲਪ ਤੇ ਅਰਥ-ਖੇਤਰ ਤੇ ਇਸ ਦੀ ਮਰਿਜਾਦਾ ਦੀ ਘਟ ਤੋਂ ਘਟ ਸੂਖਮ ਉਲੰਘਣਾ ਜ਼ਰੂਰ ਹੈ। ਸੰਪਾਦਕੀ ਵਿਚ, ਸਰਵ ਸਵਿਕ੍ਰਿਤੀ ਅਨੁਸਾਰ, ਸਮੂਹਕ, ਸਮੁੱਚੇ ਦ੍ਰਿਸ਼ਟੀਕੋਣ, ਵਿਆਪਕ ਤੇ ਵਿਸ਼ਾਲ ਵਿਚਾਰ, ਕਥਨ, ਆਲੋਚਨਾ ਜਾਂ ਉਨਾਂ ਦੀ ਵਿਆਖਿਆ ਜਾਂ ਵਿਸਤਾਰ ਸ਼ਾਮਲ ਕੀਤੇ ਜਾ ਸਕਦੇ ਹਨ। ਮੇਰੀ ਰਾਏ ਵਿਚ ਕੇਵਲ ਇਕ ਦੋ ਸੂਰਤਾਂ ਵਿਚ ਹੀ ਵਿਅਕਤੀਗਤ ਲੇਖਕ ਜਾਂ ਕਿਸੇ ਰਚਨਾ ਬਾਰੇ ਕਥਨ ਅੰਕਤ ਕੀਤੇ ਜਾ ਸਕਦੇ ਹਨ: ਇਕ ਤਾਂ ਕਿਸੇ ਵਿਸ਼ੇਸ਼ ਵਿਚਾਰ ਜਾਂ ਨੁਕਤੇ ਦੇ ਸਪੱਸ਼ਟੀਕਰਣ ਜਾਂ ਪ੍ਰੌੜਤਾ ਦੀ ਕ੍ਰਿਆ ਵਿਚ ਹੀ ਵਿਅਕਤੀਗਤ ਲੇਖਕ ਜਾਂ ਰਚਨਾ ਦਾ ਜਿਕਰ ਕੀਤਾ ਜਾ ਸਕਦਾ ਹੈ। ਦੂਜਾ ਜੇ ਕਰ ਅਜਿਹਾ ਲੇਖਕ ਆਪਣੇ ਆਪ ਵਿਚ ਸੰਸਥਾ ਦਾ ਆਕਾਰ ਗ੍ਰਹਿਣ ਕਰ ਚੁਕਿਆ ਹੋਵੇ ਜਾਂ ਕੋਈ ਰਚਨਾਂ ਲੋਕ-ਪ੍ਰੀਯਤਾ ਦੀ ਵਡਿਆਈ ਪ੍ਰਾਪਤ ਕਰ ਚੁਕੀ ਹੋਵੇ ਤਾਂ ਹੀ ਉਨਾਂ ਨੂੰ ਸੰਪਾਦਕੀ ਦਾ ਵਿਸ਼ਾ ਬਣਾਇਆ ਜਾ ਸਕਦਾ ਹੈ। ਮੇਰਾ ਖਿਆਲ ਹੈ ਅਜਮੇਰ ਦੇ ਪੱਤਰ ਬਾਰੇ ਸੰਪਾਦਕ ਦੇ ਪ੍ਰਤੀਕਰਨ ਪਰਚੇ ਦੇ 'ਤੇ ਤੁਸੀਂ ਲਿਖਿਆ' ਅਧੀਨ ਹੀ ਹੋਣਾ ਚਾਹੀਦਾ ਸੀ ਨਾ ਕਿ ਸੰਪਾਦਕੀ ਰਾਹੀਂ।

ਹਾਂ ਇਹ ਵੱਖਰੀ ਗਲ ਹੈ ਕਿ ਜੇ ਸੰਪਾਦਕ ਸੰਪਾਦਕੀ ਦੇ ਸਰਵ ਸਾਧਾਰਨ ਪ੍ਰਵਾਭਿਤ ਸੰਕਲਪ ਨਾਲ ਪ੍ਰਯੋਗ ਕਰਨ ਦੇ ਜੋਸ਼ ਵਿਚ ਮਰਿਯਾਦਾ ਰਹਿਤ, ਪਾਰ ਸੰਕਲਪ, ਸੰਕਲਪ ਦੀ ਸਿਰਜਣਾ ਕਰ ਰਿਹਾ ਹੋਵੇ।

ਸਾਹਿਤ ਨਾਟਕ (ਸਕਰਿਪਟ) ਤੇ ਸਟੇਜ ਨਾਟਕ ਦੀ ਨਾਲੋਂ ਨਾਲ ਹੋਂਦ ਬਾਰੇ ਪੰਜਾਬੀ ਤੇ ਗ਼ੈਰ-ਪੰਜਾਬੀ ਨਾਟਕ ਇਤਿਹਾਸ ਵਿਚ ਕਈ ਮਿਸਾਲਾਂ ਮਿਲਦੀਆਂ ਹਨ ਇਥੋਂ ਤਕ ਕਿ ਜੀ. ਬੀ. ਸ਼ਾਹ ਦੇ ਆਲੋਚਕ ਅਕਸਰ ਉਨਾਂ ਦੇ ਕਸਕਾਂ ਨੂੰ ਸਾਹਿਤ-ਨਾਟਕ (literary plays) ਕਹਿ ਕੇ ਨਿੰਦਦੇ ਸਨ ਕਿ ਉਨ੍ਹਾਂ ਵਿਚ ਸਟੇਜ ਹੋ ਸਕਣ ਦੀ ਯੋਗਤਾ ਦੀ ਥੁੜ ਥੁੜਦੀ ਹੈ। ਜੇ ਕਰ ਅਸੀਂ ਨਾਟਕ ਰਚਨਾ ਵਲ ਨਜ਼ਰ ਮਾਰੀਏ ਤਾਂ ਵੇਖਾਂਗੇ ਸਾਲ ਵਿਚ ਕਿੰਨੇ ਹੀ ਨਾਟਕ ਲਿਖੇ ਜਾਂਦੇ ਹਨ ਪਰ ਉਨਾਂ ਵਿਚੋਂ ਕਿੰਨਿਆਂ ਨੂੰ ਸਟੇਜ ਉਤੇ ਚੜ੍ਹਣ ਦਾ ਮਾਣ ਪ੍ਰਾਪਤ ਹੁੰਦਾ ਹੈ? ਸਪਸ਼ਟ ਹੀ ਸਾਰੇ ਲਿਖੇ ਗਏ ਨਾਟਕ ਸਟੇਜ ਦਾ ਮੂੰਹ ਨਹੀਂ ਵੇਖਦੇ। ਪਰ ਕਿਸੇ ਨਾਟਕ ਦਾ ਕਿਸੇ ਕਾਰਣ ਸਟੇਜ ਨਾ ਹੋ ਸਕਣ ਦੀ ਸ਼ਰਤ ਕਿਸੇ ਕਿਰਤ ਨੂੰ ਨਾਟਕ ਸ਼੍ਰੇਣੀ (genre) ਵਿਚੋਂ ਬੇਦਖਲ ਕਰਨ ਦਾ ਉਜ਼ਰ ਵੀ ਨਹੀਂ ਬਣ ਸਕਦੀ।

ਜਿਥੋਂ ਤਕ ਸੋਧ ਜਾਂ ਇਸ ਦੀ ਅਣਹੋਂਦ ਦਾ ਪ੍ਰਸ਼ਨ ਹੈ, ਇਹ ਪ੍ਰਸ਼ਨ ਕੋਈ ਨਵਾਂ ਨਹੀਂ ਤੇ ਨਾਂ ਹੀ ਇਹ ਪ੍ਰਸ਼ਣ ਰੂਸ ਜਾਂ ਚੀਨ ਜਾਂ ਸਮਾਜਵਾਦ ਦੇ ਜਨਮ ਦਿਨ ਤੇ ਪੈਦਾ ਹੋਇਆ ਸੀ। ਸਗੋਂ ਇਹ ਤਾਂ ਮੁੱਢ ਕਦੀਮ ਤੋਂ ਕਲਾਕਾਰ ਦੇ ਸਾਹਮਣੇ ਪੇਸ਼ ਹੁੰਦਾ ਰਿਹਾ ਹੈ। ਚੇਤ ਜਾਂ ਅਚੇਤ ਹਰ ਕਲਾਕਾਰ ਨੇ ਇਸ ਪ੍ਰਸ਼ਨ ਦਾ ਸਾਮ੍ਹਣਾ ਕੀਤਾ ਹੈ: ਉਸ ਨੇ ਇਹ ਸੁਆਲ ਆਪਣੇ ਆਪ ਤੋਂ ਪੁਛਿਆ ਹੈ - ਇਹ ਕਵਿਤਾ ਮੈਂ ਕਿਉਂ ਰਚਦਾ ਹਾਂ? ਇਹ ਘਾਲ ਤੇ ਤਪੱਸਿਆ ਕਿਉਂ ਤੇ ਕਾਹਦੇ ਲਈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਸ਼ਾਇਦ ਮੁੜ ਇਸ 'ਦਸ਼ਾ' ਦੇ ਸਦੀਵੀ ਪ੍ਰਸ਼ਨ-ਚਿਨ੍ਹ ਵੱਲ ਸੰਕੇਤ ਕਰਦੇ ਹਨ। ਅਰਥਾਤ ਇਸ ਦੇ ਉਤਰ ਆਪ ਕਾਇਆ ਕਲਪ ਕਰ ਪ੍ਰਸ਼ਨ ਬਣ ਖਲੋਂਦੇ ਹਨ। ਇਸ ਬਾਰੇ ਵਾਦ-ਵਿਵਾਦ ਗੁਣਦਾਇਕ ਜਾਂ ਰੋਚਕ ਤਾਂ ਹੋ ਸਕਦੀ ਹੈ ਪਰ ਫੈਸਲਾ ਹੁਣ ਨਹੀਂ ਹੋ ਸਕਦਾ।

**ਬਲਰਾਜ ਚੀਮਾ, ਲੰਡਨ, ਓਨਟੈਰੀਓ**

WATAN
P.O. Box 67681
Stn. 'O' Vancouver, B.C.
V5W 3V2

S.11 Vol. 3 No. 2
Winter, 1992
Jan./Feb./Mar..

2nd Class Mail
Reg. No. 8753

To

# ਤੇ ਤੁਸੀਂ ਲਿਖਿਆ...

'ਜੁਲਾਈ-ਅਗਸਤ-ਸਤੰਬਰ' ਦਾ ਅੰਕ ਮਿਲਿਆ। ਜਿਸਨੂੰ ਪੜ੍ਹ ਕੇ ਇਕ ਵਾਰ ਫਿਰ ਆਸ ਬੱਝ ਗਈ ਕਿ ਇੰਡੀਆ ਤੋਂ ਬਾਹਰ ਨਿਕਲਦਾ ਕੋਈ ਪੰਜਾਬੀ ਮੈਗਜ਼ੀਨ ਵੀ ਗੰਭੀਰ ਸਾਹਿਤ ਦੀ ਸਿਰਜਣਾ ਦਾ ਪ੍ਰਤੀਕ ਹੋ ਸਕਦਾ ਹੈ। ਇਸਨੂੰ ਪੜ੍ਹ ਕੇ ਬਹੁਤ ਖੁਸ਼ੀ ਹੋਈ ਜਿਸਦੇ ਤਿੰਨ ਵੱਡੇ ਕਾਰਨ ਸਨ: ਪਹਿਲਾ - ਇਸਤੋਂ ਪਹਿਲੇ ਦੋ ਅੰਕ ਸਿਆਸਤ ਵਰਗੇ ਹਲਕੇ ਜਿਹੇ ਵਿਸ਼ੇ ਨਾਲ ਭਰੇ ਹੋਏ ਸਨ ਤੇ ਬਾਕੀ ਦੀ ਰਹਿੰਦੀ ਕਸਰ 'ਮਾਨਸਿਕ ਸਿਹਤ' ਨੇ ਕੱਢੀ ਹੋਈ ਸੀ। ਇਹੋ ਜਿਹੇ ਵਿਸ਼ੇ ਤਾਂ ਲਾਇਬ੍ਰੇਰੀਆਂ ਵਿਚੋਂ ਲਿਆ ਕੇ ਕਿਤਾਬਾਂ ਵਿਚ ਵੀ ਪੜ੍ਹੇ ਜਾ ਸਕਦੇ ਹਨ। 'ਵਤਨ' ਵਿਚੋਂ ਮੌਲਿਕ ਸਾਹਿਤ ਪੜ੍ਹਨ ਦੀ ਉਮੀਦ ਰੱਖੀ ਜਾਂਦੀ ਹੈ। ਰੰਗ ਮੰਚ ਦੇ ਅੰਕ ਨੇ ਫਿਰ 'ਵਤਨ' ਦਾ ਮੂੰਹ ਸਾਹਿਤ ਵਲ ਮੋੜਿਆ।

ਦੂਸਰਾ, ਇਹ ਵਿਸ਼ੇਸ਼ ਅੰਕ ਬਹੁਤ ਖੋਜ ਭਰਪੂਰ ਤੇ ਦਿਲਚਸਪ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਨੇਡਾ ਵਿਚ ਪੰਜਾਬੀ ਰੰਗ ਮੰਚ ਨੇ ਬੜੀ ਘਾਲਣਾ ਘਾਲ ਕੇ ਇਸ ਕਲਾ ਵਿਚ ਆਪਣੀ ਥਾਂ ਬਣਾ ਲਈ ਹੈ। ਉਮੀਦ ਹੈ ਹੋਰ ਦੇਸ਼ਾਂ ਵਿਚ ਬੈਠੇ ਭਾਰਤੀ ਵੀ ਇਸਤੋਂ ਉਤਸ਼ਾਹਿਤ ਹੋਣਗੇ।

ਤੀਸਰਾ ਕਾਰਨ ਪਰਸਨਲ ਸੀ। ਇਸ ਵਿਚਲੇ ਤਕਰੀਬਨ ਅੱਧੇ ਕੁ ਕਲਾਕਾਰ/ਲੇਖਕ, ਮਿੱਤਰ, ਰਿਸ਼ਤੇਦਾਰ ਜਾਂ ਜਾਨਣ ਵਾਲੇ ਸਨ। ਜਿਨਾਂ ਬਾਰੇ ਪੜ੍ਹ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਹ ਆਪ ਹੀ ਮਿਲ ਪਏ ਹੋਣ। ਇਹ ਇਕ ਬੜੀ ਨਿੱਘੀ ਜਿਹੀ ਮਿਲਣੀ ਮਹਿਸੂਸ ਹੋਈ। ਇਸ ਕਰਕੇ 'ਵਤਨ' ਦਾ ਬਹੁਤ ਅਨੰਦ ਮਾਣਿਆਂ। ਫੋਟੋਆਂ ਨੇ ਇਸ ਅੰਕ ਨੂੰ ਬਹੁਤ ਵਧੀਆ ਸ਼ਿੰਗਾਰਿਆ। ਤੁਸੀਂ ਸਾਲ 'ਚ ਦੋ ਕੁ ਵਿਸ਼ੇਸ਼ ਅੰਕ ਜਰੂਰ ਕੱਢਦੇ ਰਿਹਾ ਕਰੋ। ਉਮੀਦ ਰਖਦਾ ਹਾਂ ਤੁਸੀਂ ਇੰਗਲੈਂਡ ਵਿਚ ਰਚ ਹੋ ਰਹੇ ਪੰਜਾਬੀ ਸਾਹਿਤ ਬਾਰੇ ਵੀ ਕਦੀ ਵਿਸ਼ੇਸ਼ ਅੰਕ ਕਢੋਗੇ।

**ਬਲਵਿੰਦਰ ਮਥਾਰੂ, ਇੰਗਲੈਂਡ**

ਆਪ ਨੂੰ 'ਵਤਨ' ਦਾ ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਕੱਢਣ ਉਤੇ ਹਾਰਦਿਕ ਵਧਾਈ ਭੇਜਦੀ ਹਾਂ। ਆਪ ਦਾ ਇਹ ਯਤਨ ਆਪਣੀ ਮਾਤ-ਭਾਸ਼ਾ ਆਪਣੇ ਦੇਸ਼ ਤੇ ਵਿਸ਼ੇਸ਼ ਰੂਪ ਵਿਚ ਨਾਟਕ ਨਾਲ ਪ੍ਰਤੀਬੱਧਤਾ ਦਾ ਪੱਕਾ ਸਬੂਤ ਹੈ। ਅੰਕ ਦਾ ਵਰਕਾ ਵਰਕਾ ਪੜ੍ਹਣ ਉਤੇ ਖੁਸ਼ੀ ਹੋਰ ਵੀ ਡੂੰਘੀ ਹੋ ਜਾਂਦੀ ਹੈ ਜਦ ਪਾਠਕ ਇਹ ਮਹਿਸੂਸ ਕਰਦਾ ਹੈ ਕਿ ਪ੍ਰਤੀਬਧਤਾ ਵਿਚਾਰਾਂ ਦੀ ਵੀ ਹੈ। ਕੈਨੇਡੀਅਨ ਨਾਟਕਕਾਰ, ਅਦਾਕਾਰ, ਨਿਰਦੇਸ਼ਕ ਇਸ ਪੱਖੋਂ ਵਿਸ਼ੇਸ਼ ਰੂਪ ਵਿਚ ਵਧਾਈ ਦੇ ਹੱਕਦਾਰ ਹਨ।

ਆਪ ਦਾ ਗਿਲਾ ਜਾਇਜ਼ ਹੈ ਕਿ ਮੈਂ ਕੇਵਲ ਪ੍ਰਕਾਸ਼ਿਤ ਨਾਟਕਾਂ ਦੀ ਜਾਣਕਾਰੀ ਤੱਕ ਸੀਮਤ ਹਾਂ ਪਰ ਜੋ ਕੁਝ ਕੈਨੇਡਾ ਵਿਚ ਹੋ ਰਿਹਾ ਹੈ ਉਹ ਦੇਸ਼ਾਂ ਦੀ ਵਿਥ ਕਾਰਨ ਨੋਟਿਸ ਵਿਚ ਨਹੀਂ ਆਇਆ। ਕੁਝ ਅਵੇਸਲਾਪਣ ਆਪ ਦਾ ਹੈ ਤੇ ਕੁਝ ਅਣਗਹਿਲੀ ਸਾਡੀ। ਆਪ ਨੂੰ ਚਾਹੀਦਾ ਹੈ ਜੋ ਕੁਝ ਕਰਦੇ ਹੋ, ਦੋ ਚਾਰ ਸੱਜਣਾਂ, ਦੋਸਤਾਂ ਦੇਸ਼ਵਾਸੀਆਂ ਨੂੰ ਦਸਦੇ ਰਹੋ, ਵੇਲੇ ਕੁਵੇਲੇ ਪ੍ਰੈਸ ਰਾਹੀਂ ਜਾਂ ਕਿਸੇ ਹੋਰ ਮਾਧਿਅਮ ਰਾਹੀਂ।

**ਡਾ: ਮਨਜੀਤ ਪਾਲ ਕੌਰ ਅਮ੍ਰਿਤਸਰ**

'ਵਤਨ' ਵਿਚ ਸੁਖਵੰਤ ਹੁੰਦਲ ਜੀ ਦੇ ਲੇਖ ਹਮੇਸ਼ਾਂ ਦੀ ਤਰ੍ਹਾਂ ਬੜੀ ਮਿਹਨਤ ਕਰਕੇ ਲਿਖੇ ਹੁੰਦੇ ਹਨ ਤੇ ਉਹਨਾਂ ਨੂੰ ਪੜ੍ਹਕੇ ਬੜਾ ਕੁਝ ਸਮਝਣ ਤੇ ਸੋਚਣ ਵਾਲੀ ਜਾਣਕਾਰੀ ਮਿਲਦੀ ਹੈ। 'ਵਤਨ' ਦੀ ਚਰਚਾ ਪਿਛੇ ਜਿਹੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਕਰਵਾਏ ਸੈਮੀਨਾਰ ਵਿਚ ਵੀ ਹੋਈ- ਟੇਡੀ ਛੋਟੀ ਨਵੇਂ ਨਿਕਲੇ ਰਸਾਲੇ ਦਾ ਨੋਟਿਸ ਲਿਆ ਜਾਣਾ ਚੰਗੀ ਅਤੇ ਨਿੱਗਰ ਸਮੱਗਰੀ ਪੇਸ਼ ਕਰਨ ਦਾ ਸਬੂਤ ਹੈ।

**ਅਮਰ ਜਿਉਤੀ, ਅਮਸਟਰਡਮ**

'ਵਤਨ' ਮੈਨੂੰ ਚੰਗਾ-ਚੰਗਾ ਲੱਗਾ ਏ। ਇਸ ਦੀ ਸੁਣੱਖੀ ਦੱਖ ਦੇ ਨਾਲ-ਨਾਲ ਇਸ ਵਿਚ ਮੁੱਲਵਾਨ ਸਾਹਿਤਕ ਸਾਮੱਗਰੀ ਵੀ ਏ ਜਿਸ ਨੂੰ ਸੁਚੱਜੀ ਤਰਤੀਬ ਵਿਚ ਬੰਨ੍ਹਿਆ ਗਿਆ ਏ। ਇਹ ਪੜ੍ਹਨ ਯੋਗ ਰਸਾਲਾ ਜਾਪਿਐ।

ਪਰ 'ਵਤਨ' ਵਿਚ ਵੀ ਮੈਨੂੰ ਇਕ ਘਾਟ ਮਹਿਸੂਸ ਹੋਈ ਹੈ - ਉਹ ਇਹ ਕਿ ਇਹ ਰਸਾਲਾ ਪੰਜਾਬੀ ਭਾਸ਼ਾ ਬਾਰੇ ਚੁੱਪ-ਚੁੱਪ ਲੱਗਾ ਏ। ਪੰਜਾਬੋਂ ਬਾਹਰਲੇ ਪੰਜਾਬੀ ਰਸਾਲੇ ਵਿਚ ਪੰਜਾਬੀ ਭਾਸ਼ਾ ਦੀ ਗੱਲ ਲੱਗ ਘੱਟੋ-ਘੱਟ ਅੱਧਾ ਪੰਨਾ ਤਾਂ ਰਾਖਵਾਂ ਰੱਖਣਾ ਹੀ ਬਣਦਾ ਏ। ਭਾਸ਼ਾ-ਵਿਗਿਆਨ ਅਤੇ ਵਿਆਕਰਣ ਵਿਚ ਦਿਲਚਸਪੀ ਰਖਣ ਵਾਲੀ ਮੇਰੀ ਕਲਮ ਨੂੰ ਜੇ ਇਸ ਸੰਬੰਧ ਵਿਚ ਕੋਈ ਸੇਵਾ ਕਰਨ ਦਾ ਮੌਕਾ ਮਿਲਿਆ ਤਾਂ ਇਹ ਪੱਬਾਂ ਭਾਰ ਨੱਚਦੀ ਫਿਰੂ। 'ਵਤਨ' ਦੀਆਂ ਆਗੂ ਕਲਮਾਂ ਲਈ ਸ਼ੁਭ ਇੱਛਾਵਾਂ,

**ਵੇਦ ਅਗਨੀਹੋਤਰੀ, ਜਲੰਧਰ**

... ਸਥਾਈ ਕਾਲਮ ਵਿਚ ਅਜਮੇਰ ਰੋਡੇ ਦੀ ਸੱਪ ਦੀ ਘੋੜੀ ਸੋਹਣੀ ਲਿਖਤ ਹੈ। ਦਾਦ ਦਾ ਹੱਕਦਾਰ ਹੈ

**ਭੁਪਿੰਦਰ ਪੁਰੇਵਾਲ, ਇੰਗਲੈਂਡ**

'ਵਤਨ' ਦੇ ਤੀਜੇ ਸਾਲ ਦਾ ਪਹਿਲਾ ਅੰਕ ਜੋ 'ਕੈਨੇਡੀਅਨ ਪੰਜਾਬੀ ਰੰਗਮੰਚ ਵਿਸ਼ੇਸ਼ ਅੰਕ ਸੀ। ਪਸੰਦ ਹੀ ਨਹੀਂ - ਬਹੁਤ ਪਸੰਦ ਆਇਆ। ਰੰਗਮੰਚੀ ਸਰਗਰਮੀਆਂ, ਪ੍ਰਸਥਿਤੀਆਂ ਤੇ ਉਹਦੇ ਨਾਲ ਜੁੜੇ ਸੂਝਵਾਨ ਰੰਗਕਰਮੀਆਂ ਤੇ ਪੰਜਾਬੀ ਭਾਈਚਾਰੇ ਦੇ ਖਰੇ ਅੰਗ ਜਿਹਨਾਂ ਦੀ ਤੁਹਾਡੇ ਵੱਲੋਂ ਇਸ ਅੰਕ 'ਚ ਪੇਸ਼ਕਾਰੀ ਕੀਤੀ ਗਈ ਹੈ, ਬਹੁਤ ਔਖੀ ਸੀ - ਪਰ ਤੁਸੀਂ ਕਾਰਜ ਨੇਪਰੇ ਚਾਹੜਿਆ - ਜਿੰਦਾਬਾਦ! 'ਵਤਨ' ਦੇ ਅੰਕ ਪਹਿਲੇ ਵੀ ਬਹੁਤ ਜਾਣਕਾਰੀ ਭਰਪੂਰ ਪਹੁੰਚਦੇ ਰਹੇ ਹਨ। ਪ੍ਰਦੇਸਾਂ ਵਿਚ ਵਸਦੇ ਪੰਜਾਬੀਆਂ ਵਲੋਂ ਆਪਣੀ ਭਾਸ਼ਾ ਦੇ ਪ੍ਰਸਾਰ ਲਈ। ਜੋ ਕੰਮ ਤੁਸੀਂ ਕੀਤਾ ਮਿਸਾਲੀ ਹੈ - ਪ੍ਰਦੇਸਾਂ ਵਿਚ ਹੋਰ ਵੀ ਪੰਜਾਬੀ ਪਰਚੇ ਛਪਦੇ ਹਨ, ਪਰ ਕਿਸੇ ਠੋਸ ਵਿਸ਼ੇ ਤੇ ਕੱਢਿਆ ਤੁਹਾਡਾ ਵਿਸ਼ੇਸ਼ ਅੰਕ ਨਵੀਆਂ ਪੈੜਾਂ ਪਾਉਣ ਵਾਲਾ ਹੈ। ਇਸ ਪੈੜ ਨੂੰ ਦੱਬੀ ਤੁਰੇ ਜਾਵੋ। ਇਸ ਭਾਈਚਾਰਕ ਸਾਂਝ ਨੇ ਵਧਦੇ ਹੀ ਜਾਣਾ ਹੈ।

**ਕੇਹਰ ਸ਼ਰੀਫ਼, ਜਰਮਨੀ**

'ਵਤਨ' ਮਿਲਿਆ। ਹਮੇਸ਼ਾਂ ਦੀ ਤਰ੍ਹਾਂ ਸਖਤ ਮਿਹਨਤ ਤੇ ਲਗਨ ਦਾ ਪ੍ਰਤੀਕ। ਦਵਾਈਆਂ (ਜ਼ਹਿਰ ਦੇ ਵਣਜਾਰੇ) ਅਤੇ 'ਪਰਦਾ ਜੋ ਉਠ ਗਿਆ' ਬਹੁਤ ਪਸੰਦ ਆਈਆਂ। ਅਜਿਹੀਆਂ ਕਿਰਤਾਂ ਸਮੇਂ ਦੀ ਮੰਗ ਹਨ। ਲਾਲਾ ਜੀ ਦਾ ਏਨਾ ਸੁਲਝਿਆ ਦਾਰਸ਼ਨਕ ਪੱਖ ਲੋਕਾਂ 'ਚ ਲਿਆਉਣ ਲਈ ਤੁਸੀਂ ਵਧਾਈ ਦੇ ਪਾਤਰ ਹੋ। ਸ਼ਸ਼ੀ ਦਾ ਪੁਸਤਕ ਪਰੀਚੇ ਘੱਟ ਤੇ ਚੰਦਨ ਨੂੰ ਉਹਦੀ ਕਿਤਾਬ ਮਿਲਣ ਤੇ ਲਿਖੀ ਨਿਜੀ ਚਿੱਠੀ ਵਧੇਰੇ ਲਗਦੀ ਹੈ। ਵੈਸੇ ਤਾਂ ਹਰ ਵਾਰ 'ਆਪਣੇ ਲੋਕ' ਰੋਡੇ ਹੋਰਾਂ ਦਾ ਵਧੀਆ ਕਾਲਮ ਹੁੰਦੇ ਪਰ 'ਸੱਪ ਦੀ ਘੋੜੀ' 'ਚ ਵਾਕਈ ਆਪਣੇ ਲੋਕਾਂ ਦੀ ਹੁਣ ਦੇ ਸਮੇਂ ਦੀ ਗੱਲ ਕੀਤੀ ਹੋਈ ਹੈ - ਉਨ੍ਹਾਂ ਨੂੰ ਮੁਬਾਰਕ। ਸਹਿਰਾਅ ਦੀ 'ਬੇਘਰੇ ਅਮਰੀਕਨ' ਬਹੁਤ ਪਸੰਦ ਆਈ ਜੇ ਕਿਤੇ ਇਸਦਾ ਅੰਗਰੇਜ਼ੀ 'ਚ ਅਨੁਵਾਦ ਹੋ ਸਕੇ ਤਾਂ ਬਹੁਤ ਚੰਗਾ ਹੋਵੇ।

**ਹਰਕੰਵਲਜੀਤ, ਕੈਲਗਰੀ**

ਬਾਕੀ ਸਫਾ 42 'ਤੇ

Watan (The Country) is a literary and cultural quarterly of Punjabi - the mother tongue of East Punjab (India) and West Punjab(Pakistan) - published by Watan publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Community. The contributors include well-known Punjabi writers throughout the world.

ਵਤਨ

ਤਿੰਨ ਡਾਲਰ